ੴ ਸਤਿਗੁਰ ਪ੍ਰਸਾਦਿ ॥

# ਸ਼ਮਸ਼ੇਰ ਖਾਲਸਾ (ਭਾਗ ਪਹਿਲਾ)

## (ਬਾਬਾ ਬੰਦਾ ਸਿੰਘ ਬਹਾਦਰ ਦੇ ਕਾਰਨਾਮੇ)

ਕ੍ਰਿਤ:

## ਗਿਆਨੀ ਗਿਆਨ ਸਿੰਘ ਜੀ

# SHAMSHER KHALSA

## PART - I

***(Achievement of Baba Banda Singh Bahadur)***

By: Giani Gian Singh ji

## ***ਸ੍ਰੀ ਅਕਾਲ ਤਖ਼ਤ ਸਾਹਿਬ ਦੇ***
## ***੪੦੦ ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ***

***Dedicated to 400th Formation Anniversary of***

## ***Sri Akal Takhat Sahib***

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:

Bhai Baljinder Singh ji

© Baljinder Singh 169?4 Lassen Street, Northridge, CA 91343 USA

Important Notice:

*This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.*

# ਤਤਕਰਾ

Click a link to access the required page


| | |
|---|---|
| ੧. | ਬੰਦੇ ਦੀ ਪੈਦਾਇਸ਼ ਤੇ ਸਾਧੂ ਹੋਣ ਦਾ ਕਾਰਣ |
| ੨. | ਸਚੇ ਸਿੱਧ ਦਾ ਮਿਲਾਪ |
| ੩. | ਬੰਦੇ ਦਾ ਪੰਜਾਬ ਨੂੰ ਔਣਾ |
| ੪. | ਬੰਦੇ ਦੀ ਪ੍ਰੀਖਯਾ |
| ੫. | ਬੰਦੇ ਦੀ ਅਜ਼ਮਤ ਤੇ ਧਾੜਵੀ ਜਿੱਤਣੇ |
| ੬. | ਤੁਰਕਾਂ ਦੇ ਜ਼ੁਲਮ ਤੇ ਹਿੰਦੂ ਤੁਰਕਾਂ ਦਾ ਵਜ਼ਨ |
| ੭. | ਧਾੜਵੀ ਮਾਰੇ ਪਿੰਡ ਬਚਾਣਾ ਤੇ ਬੰਦੇ ਦਾ ਪ੍ਰਤਾਪ |
| ੮. | ਬਾਬਾ ਬੰਦਾ ਸੇਹਰ ਖੰਡੇ ਪਿੰਡ ਆਇਆ ਤੇ ਸਿੰਘਾਂ ਨੂੰ ਸੱਦਣਾ |
| ੯. | ਮਲਵਈ ਸਿੱਖਾਂ ਦਾ ਆਵਨਾ |
| ੧੦. | ਸਲੌਦੀ ਵਾਲੇ ਸਿੰਘ ਆਏ |
| ੧੧. | ਬੰਦੇ ਨੇ ਖ਼ਜ਼ਾਨਾ ਲੁਟਣਾ |
| ੧੨. | ਬੰਦੇ ਨੇ ਸਮਾਣੇ ਦਾ ਮਾਰਨਾ |
| ੧੩. | ਚੁਗਲ ਫੜੇ |
| ੧੪. | ਮਝੈਲਾਂ ਦੀ ਰੁਕਾਵਟ |
| ੧੫. | ਲਸ਼ਕਰ ਦੇਖਣਾ ਤੇ ਘੁੜਾਮ ਮਾਰਨੀ |
| ੧੫. | ਠਸਕੇ ਦੀ ਲੁੱਟ ਮਾਫ਼ ਕਰਨੀ ਤੇ ਸ਼ਾਹਬਾਦ ਮਾਰਨਾ |
| ੧੭. | ਛਤ ਬਨੂੜ ਮਾਰਨਾ |
| ੧੮. | ਜੰਗ ਮਝੈਲਾਂ ਦਾ ਰੋਪੜ |
| ੧੯. | ਮਝੈਲਾਂ ਦੀ ਦੂਜੀ ਲੜਾਈ |
| ੨੦. | ਸਰਹੰਦ ਪਰ ਤਯਾਰੀ ਤੇ ਬਾਬੇ ਬੰਦੇ ਵਜੀਦ ਖਾਂ ਦੀਆਂ ਗੱਲਾਂ |
| ੨੧. | ਸਰਹੰਦ ਦਾ ਜੰਗ ਤੇ ਲੁੱਟ ਮਾਰ |
| ੨੨. | ਮਸੰਦਾਂ ਦੀ ਸ਼ਾਮਤ ਤੇ ਪਾਇਲ ਘੁੜਾਮ ਸਹਾਰਨਪੁਰ ਆਦਿਕ ਮਾਰਨਾ |
| ੨੩. | ਕਿਲ੍ਹੇ ਲੋਹਗੜ੍ਹ ਦੀ ਕਾਇਮੀ |
| ੨੪. | ਦਿੱਲੀ ਤੋਂ ਫੌਜ ਆਉਣੀ ਸਿੰਘਾਂ ਤੋਂ ਸਰਹੰਦ ਛੁਡਾਣੀ ਤੇ ਸਿੰਘਾਂ ਨੇ ਫੇਰ ਕਬਜ਼ਾ ਕਰਨਾ |
| ੨੫. | ਲਸ਼ਕਰ ਦੀ ਵੰਡ ਤੇ ਮੁਰਿੰਡਾ ਮਾਰਨਾ |
| ੨੬. | ਜਲਾਲ ਖਾਂ ਬੰਦੇ ਦਾ ਸੰਬਾਦ ਤੇ ਅੰਬੇਟੇ ਤੇ ਨਨੋਤੇ ਨੂੰ ਮਾਰਨਾ |
| ੨੭. | ਸਿੱਖਾਂ ਦਾ ਪਿੱਛੇ ਹਟਣਾ ਤੇ ਔਕੜਾਂ ਵੇਖਣੀਆਂ |
| ੨੮. | ਸਰਹੰਦ ਪਰ ਫੇਰ ਲੜਾਈ |
| ੨੯. | ਮੁੜ ਸਰਹੰਦ ਲੈਣੀ |
| ੩੦. | ਪਰਬਤੀ ਰਾਜਿਆਂ ਨੂੰ ਈਨ ਮਨਾਣੀ |
| ੩੧. | ਦੁਆਬੇ ਦਾ ਪ੍ਰਸੰਗ (ਬੰਦੇ ਦੀ ਦੁਆਬੇ ਪਰ ਚੜ੍ਹਾਈ) |
| ੩੨. | ਫਲੌਰ ਤੇ ਫਗਵਾੜਾ ਮਾਰਨਾ |
| ੩੩. | ਰਾਹੋਂ ਆਦਿਕ ਮਾਰਨਾ |
| ੩੪. | ਬਾਬੇ ਬੰਦੇ ਦਾ ਪਰਵਾਰ |
| ੩੫. | ਮਾਝੇ ਦਾ ਜ਼ਿਕਰ |
| ੩੬. | ਤਿਆਰੇ ਤੇ ਵਿਚਾਰ ਕਰਨੇ |
| ੩੭. | ਲਾਹੌਰ ਦੇ ਗਿਰਦੇ ਪਠਾਣਕੋਟ ਦੀ ਲੁੱਟ |
| ੩੮. | ਬਹਾਦੁਰ ਸ਼ਾਹ ਦੇ ਮਰਿਆਂ ਜਹਾਂਦਾਰ ਸ਼ਾਹ ਤਖ਼ਤ ਤੇ ਬੈਠਾ ਤੇ ਉਸ ਦਾ ਜ਼ਿਕਰ |
| ੩੯. | ਬੰਦੇ ਨੇ ਕਲਾਨੌਰ ਤੇ ਵਟਾਲੇ ਦਾ ਇਲਾਕਾ ਲੁਟਣਾ |
| ੪੦. | ਸ਼ਾਹੀ ਫੌਜ ਦੀ ਚੜ੍ਹਾਈ |
| ੪੧. | ਕਲਾਨੌਰ ਮਾਰਨਾ |
| ੪੨. | ਵਟਾਲਾ ਮਾਰਨਾ |
| ੪੩. | ਗਾਈਆਂ ਬਚਾਈਆਂ |

| | |
|---|---|
| ੪੪. | ਕੋਹੀ ਰਾਜੇ ਪ੍ਰਗਣਾ ਗੁਰਦਾਸਪੁਰ ਸੋਧਣਾ |
| ੪੫. | ਪਹਾੜੀਆਂ ਦੇ ਕਿਲ੍ਹੇ ਫਤੇ ਕਰਨੇ |
| ੪੬. | ਬੰਦੇ ਦਾ ਚੰਬੇ ਜਾਣਾ |
| ੪੭. | ਜਲਾਲ ਖ਼ਾਂ ਪਰ ਖਾਲਸੇ ਦੀ ਪਰੋਪਕਾਰ ਹਿਤ ਚੜ੍ਹਾਈ |
| ੪੮. | ਜਲਾਲਬਾਦ ਲੁਹਾਰੀ ਮਾਰਨਾ |
| ੪੯. | ਜੰਗ ਤਿਰਾਵੜੀ |
| ੫੦. | ਜੰਗ ਅਮੀਨਗੜ੍ਹ |
| ੫੧. | ਜੰਗ ਸਰਹੰਦ |
| ੫੨. | ਸਹਾਰਨ ਦੇ ਪਰਗਣੇ ਦੀ ਸੋਧ |
| ੫੩. | ਦੂਜਾ ਸੰਗ੍ਰਾਮ ਲੋਹਗੜ੍ਹ ਦਾ |
| ੫੪. | ਜ਼ਿਕਰ ਮੁਸਲਮਾਨੋਂ ਕੀ ਖ਼ੁਸ਼ੀ ਕਾ |
| ੫੫. | ਸਿੰਘਾਂ ਨੇ ਜੰਗ ਜਿੱਤਣਾ |
| ੫੬. | ਛੇਕੜਲਾ ਲੋਹਗੜ੍ਹ ਦਾ ਜੰਗ |
| ੫੭. | ਜੰਗ ਢਕੋ ਤੇ ਬਸੀਆਂ ਦਾ |
| ੫੮. | ਜੰਗ ਦੁਆਬਾ |
| ੫੯. | ਵਜ਼ੀਰ ਖਾਂ ਦਾ ਮਾਰੇ ਜਾਣਾ |
| ੬੦. | ਦੁਆਬੇ ਦਾ ਜੰਗ ਜਿੱਤਣਾ |
| ੬੧. | ਕੰਡੀ ਵਿੱਚ ਜੰਗ |
| ੬੨. | ਸ਼ੰਮਸ ਖਾਂ ਕੁਤਬਦੀਨ ਖਾਂ ਕਸੂਰੀਏ ਦਾ ਮਰਨਾ |
| ੬੩. | ਸਿੰਘਾਂ ਦੀ ਜਿੱਤ |
| ੬੪. | ਸ਼ਾਹੀ ਦਰਬਾਰ ਦਾ ਮਸ਼ਵਰਾ ਤੇ ਸਿੰਘਾਂ ਦੇ ਪੰਥ ਵਿੱਚ ਫੋਟਕ ਪਾਉਣਾ |
| ੬੫. | ਮਾਤਾ ਸੁੰਦਰੀ ਜੀ ਦਾ ਹੁਕਮਨਾਮਾ |
| ੬੬. | ਪੰਥ ਨੇ ਹੁਕਮਨਾਮਾ ਮਾਤਾ ਜੀ ਦਾ ਮੰਨਣਾ |
| ੬੭. | ਸਿੰਘਾਂ ਨੇ ਬੰਦੇ ਨਾਲ ਵਿਗੜਨਾ |
| ੬੮. | ਬਾਦਸ਼ਾਹ ਨੇ ਪੰਥ ਨਾਲ ਮੇਲ ਕਰਨਾ |
| ੬੯. | ਜਾਗੀਰ ਤੇ ਵਜ਼ੀਫਾ ਮਿਲਣਾ |
| ੭੦. | ਅਕਰਾਰਨਾਮਾ |
| ੭੧. | ਕਲਾਨੌਰ ਮਾਰਨੀ |
| ੭੨. | ਬੰਦੇ ਦਾ ਦੌਰਾ ਸਿੰਧ ਤੱਕ |
| ੭੩. | ਪੋਥੀ ਦੀ ਮਹਿਮਾ |
| ੭੪. | ਲਾਹੌਰ ਪਰ ਚੜ੍ਹਾਈ |
| ੭੫. | ਬੰਦੇ ਦਾ ਦੀਪਮਾਲਾ ਪਰ ਆਉਣਾ |
| ੭੬. | ਜੰਗ ਨੈਣੇ ਦੇ ਕੋਟ |
| ੭੭. | ਬੰਦੇ ਨੇ ਕਿਲ੍ਹਾ ਬਨੌਣਾ |
| ੭੮. | ਫਰੁਖਸੀਅਰ ਨੂੰ ਖ਼ਬਰ ਹੋਣੀ |
| ੭੯. | ਜੰਗ ਗੁਰਦਾਸਪੁਰ |
| ੮੦. | ਕਹੀ ਕਰਨ ਗਿਆਂ ਜੰਗ ਹੋਣਾ |
| ੮੧. | ਬਾਬੇ ਬੰਦੇ ਨੇ ਫੜੇ ਜਾਣਾ |
| ੮੨. | ਬੰਦੇ ਦੀ ਕੈਦ ਦਾ ਹਾਲ |
| ੮੩. | ਬੰਦੇ ਤੋਂ ਕਸ਼ਟ ਦੀ ਦਸ਼ਾ ਵਿੱਚ ਵਜ਼ੀਰ ਨੇ ਮੌਤ ਪੁੱਛਣੀ |
| ੮੪. | ਬੰਦੇ ਦਾ ਮਰ ਕੇ ਜੀਉਣਾ |
| ੮੫. | ਬੰਦੇ ਦੇ ਸੇਵਕ ਮਿਲੇ |
| ੮੬. | ਸਿੰਘਾਂ ਦੀ ਤੇ ਬੰਦੇ ਦੀ ਬਹਾਦਰੀ ਬਾਬਤ ਤਵਾਰੀਖ ਮੁਹੱਯਤ ਆਜ਼ਮ ਦੀ ਗਵਾਹੀ |

ੴ ਸਤਿਗੁਰ ਪ੍ਰਸਾਦਿ ॥

# ਤਵਾਰੀਖ ਗੁਰੂ ਖਾਲਸਾ

## ਅਰਥਾਤ

# ਸ਼ਮਸ਼ੇਰ ਖਾਲਸਾ

## (ਹਿੱਸਾ ੨ – ਨੰਬਰ ੧)

ਏਸ ਹਿੱਸੇ ਵਿੱਚ ਬਾਬੇ ਬੰਦੇ ਦੀਆਂ ਬਹਾਦਰੀਆਂ ਤੇ ਲੜਾਈਆਂ ਅਤੇ ਪੰਥ ਖਾਲਸੇ ਨੇ ਇਕੱਠੇ ਰਹਿ ਕੇ ਹਿੰਦੂ ਧਰਮ ਤੇ ਆਪਣੇ ਪੰਥ ਦੀ ਰੱਖਿਆ ਵਾਸਤੇ ਜਿਹੜੇ ਜਿਹੜੇ ਕੰਮ ਕੀਤੇ ਹਨ, ਉਹ ਲਿਖੇ ਜਾਂਦੇ ਹਨ ਤੇ ਹੁਣ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮੇਂ ਪਾਤਸ਼ਾਹ ਪ੍ਰਯੰਤ ਦਸੋਂ ਗੁਰੂ ਸਾਹਿਬਾਂ ਦੇ ਤੇ ਪੰਥ ਖਾਲਸੇ ਦੇ ਪਰੋਪਕਾਰ ਦਾ ਧੰਨਯਵਾਦ ਕਰ ਕੇ ਦੂਸਰੇ ਹਿੱਸੇ ਦਾ ਆਰੰਭ ਕਰਦਾ ਹਾਂ।

### ੧. ਬੰਦੇ ਦੀ ਪੈਦਾਇਸ਼ ਤੇ ਸਾਧੂ ਹੋਣ ਦਾ ਕਾਰਣ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਨੇ ਤੋਂ ਪਹਿਲੇ ਬੰਦੇ ਬਹਾਦਰ ਦੀ ਕਥਾ ਇੱਕ ਪੁਰਾਣੀ ਪੋਥੀ ਵਿੱਚ ਏਸ ਤਰ੍ਹਾਂ ਲਿਖੀ ਹੈ ਕਿ ਏਹ ਬੰਦਾ ਪਹਿਲੇ ਕਸਬੇ ਰਜੌਰੀ, ਪਰਗਣੇ ਪੁਣਛ ਦਾ ਰਾਜਪੂਤ ਸੀ। ਸੰਮਤ ੧੭੨੭ ਬਿ. ਕਤਕ ਸੁਦੀ ੧੩ ਨੂੰ ਰਾਮ ਦੇਵ ਛੱਤ੍ਰੀ ਦੇ ਘਰ ਪੈਦਾ ਹੋਇਆ, ਜੋ ਦੋ ਤਿੰਨ ਪਿੰਡਾਂ ਦਾ ਮਾਲਕ ਸੀ। ਨਾਮ ਏਸ ਦਾ ਲੱਛਮਨ ਦੇਵ ਰੱਖਿਆ। ਏਹ ਛੋਟੀ ਉਮਰ ਵਿੱਚ ਹੀ ਬਹੁਤ ਤੇਜ਼ ਸੁਭਾਵ ਤੇ ਤਾਕਤਵਰ ਸੀ। ਸ਼ਸਤ੍ਰ ਵਿੱਦਿਆ ਭਾਵੇਂ ਹਰ ਪ੍ਰਕਾਰ ਦੀ ਜੈਸੀ ਕੁ ਰਾਜਪੂਤਾਂ ਵਿੱਚ ਚਾਹੀਦੀ ਹੈ, ਸਭ ਸਿੱਖ ਲੀਤੀ, ਪਰ ਸ਼ਿਕਾਰ ਖੇਲਣ ਦਾ ਬੜਾ ਭਾਰੀ ਸ਼ੌਕ ਸੀ। ਇੱਕ ਦਿਨ ਏਸ ਨੇ ਸ਼ਿਕਾਰ ਵਿੱਚ ਇੱਕ ਹਰਨੀ ਮਾਰੀ, ਓਸ ਦੇ ਪੇਟ ਵਿੱਚੋਂ ਦੋ ਬੱਚੇ ਨਿੱਕਲੇ ਜੋ ਥੋੜ੍ਹੀ ਦੇਰ ਪਿੱਛੋਂ ਤੜਫ ਤੜਫ ਕੇ ਮਰ ਗਏ। ਓਥੋਂ ਲਛਮਨ ਦੇਵ ਨੂੰ ਐਸੀ ਗੈਰਤ ਆਈ ਜਿਸ ਤੋਂ ਵੈਰਾਗ ਹੋ ਗਿਆ। ਸਭ ਕੰਮ ਕਾਰ, ਜੀਵ ਹਿੰਸਾ ਆਦਿਕ ਛੱਡ ਕੇ ਜਾਨਕੀ ਪਰਸ਼ਾਦ ਵੈਰਾਗੀ ਫ਼ਕੀਰ ਜੋ ਰਜੌਰੀ ਰਿਹਾ ਕਰਦਾ ਸੀ, ਓਸ ਦੀ ਸੰਗਤ ਤੇ ਭਜਨ ਭਗਤੀ ਕਰਨ ਲੱਗ ਪਿਆ, ਫੇਰ ਤਾਂ ਓਸ ਦੀ ਸੰਗਤ ਜਾਦੂ ਦਾ ਅਸਰ ਕਰ ਗਈ। ਓਸ ਸੰਤ ਦਾ ਗੁਰਦ੍ਵਾਰਾ ਰਾਮਥੰਮਨ ਨਾਮੀ ਕਸਬੇ ਕਸੂਰ ਦੇ ਪਾਸ ਸੀ। ਇੱਕ ਵਾਰੀ ਸੰ. ੧੭੪੩ ਨੂੰ ਲਛਮਨ ਦੇਵ ਜਾਨਕੀ ਪ੍ਰਸ਼ਾਦ ਦੇ ਨਾਲ ਬਾਵੇ ਰਾਮਥੰਮਨ ਦਾ ਮੇਲਾ; ਜੋ ਵੈਸਾਖੀ ਨੂੰ ਭਰਦਾ ਹੈ, ਵੇਖਣ ਵਾਸਤੇ ਗਿਆ ਤਾਂ ਓਥੋਂ ਦੇ ਮਹੰਤ ਹਰੀ ਦਾਸ ਦਾ ਚੇਲਾ ਇੱਕ ਰਾਮਦਾਸ ਵਡਾ ਬਰਕਤ ਵਾਲਾ ਮਸ਼ਹੂਰ ਦਰਸ਼ਨੀ ਸੰਤ ਸੀ। ਲਛਮਨ ਦੇਵ ਭੀ ਓਸ ਦਾ ਚੇਲਾ ਬਣ ਗਿਆ। ਤਦੋਂ ਏਸ ਦਾ ਨਾਮ ਨਰੈਣ ਦਾਸ ਰੱਖਿਆ ਗਿਆ। ਬੈਰਾਗੀ ਸਾਧੂ ਨਵੀਨ ਖਾਕੀ ਸੰਤ ਨੂੰ 'ਬਾਲਾ' ਜੀ ਆਖਿਆ ਕਰਦੇ ਹਨ। ਏਸ ਕਰ ਕੇ ਏਸ ਨੂੰ ਲਛਮਣ ਬਾਲਾ ਆਖਣ ਲਗ ਪਏ। ਫੇਰ ਏਹ ਬੈਰਾਗੀ ਸਾਧਾਂ ਦੀ ਜਮਾਤ ਨਾਲ ਰਲ ਕੇ ਤੀਰਥ ਯਾਤ੍ਰਾ, ਦੇਸ਼ਾਂਤ੍ਰਾਂ ਦੇ ਸੈਲ, ਭਜਨ ਪਾਠ ਕਰਦਾ ਫਿਰਿਆ। ਓਸ ਸਮੇਂ ਵੈਰਾਗੀਆਂ ਸੰਨਯਾਸੀਆਂ ਦੀਆਂ ਜਮਾਤਾਂ ਵਿੱਚ ਪਟੇਬਾਜ਼ੀ, ਤੀਰੰਦਾਜ਼ੀ ਹਰ ਪ੍ਰਕਾਰ ਦੀ ਸ਼ਸਤ੍ਰ ਵਿੱਦਿਆ ਸਿੱਖਣੇ ਸਿਖਾਉਣੇ ਦਾ ਬਹੁਤ ਅਭਯਾਸ ਰਹਿੰਦਾ ਸੀ। ਬਲਕਿ ਛੋਟੀਆਂ ਤੋਪਾਂ, ਜੰਬੂਰੇ, ਬੰਦੂਕਾਂ, ਤੀਰਕਮਾਨ, ਹਾਥੀ, ਘੋੜੇ ਜਮਾਤਾਂ ਨਾਲ ਰਿਹਾ

ਕਰਦੇ ਸੀ। ਏਸੇ ਕਰ ਕੇ ਹਰਿਦਵਾਰ ਆਦਿਕ ਤੀਰਥਾਂ ਦੇ ਮੇਲੇ ਕੁੰਭ ਪਰ ਵੈਰਾਗੀ, ਸੰਨਯਾਸੀ ਉਦਾਸੀ ਫ਼ਕੀਰਾਂ ਦੀ ਆਪਸ ਵਿੱਚ ਲੜਾਈ ਲੱਗੀ ਰਹਿੰਦੀ ਸੀ, ਤੇ ਹਜ਼ਾਰਾਂ ਸਾਧੂ ਦੋਹਾਂ ਤਰਫਾਂ ਤੋਂ ਮਾਰੇ ਜਾਂਦੇ ਸਨ।

## ੨. ਸਚੇ ਸਿੱਧ ਦਾ ਮਿਲਾਪ

ਜਦ ਨਾਰਾਯਣ ਦਾਸ ਤੀਰਥ ਕਰਦਾ ਹੋਇਆ ਦੱਖਣ ਦੇਸ਼ ਵਿੱਚ ਨਾਸਕ ਸ਼ਹਿਰ ਗੋਦਾਵਰੀ ਗੰਗਾ ਕਿਨਾਰੇ ਪੰਚ ਬਟੀ ਪਹੁੰਚਾ, ਤਾਂ ਏਹ ਸੁੰਦਰ ਜਗ੍ਹਾ ਦੇਖ ਕੇ ਓਥੇ ਹੀ ਤਪੱਸਯਾ ਕਰਨ ਲੱਗ ਪਿਆ। ਏਥੇ ਹੀ ਲਛਮਣ ਜੀ ਨੇ ਸੂਪਨਖਾਂ ਦਾ ਨੱਕ ਕਟਿਆ ਸੀ ਤੇ ਹੁਣ ਭੀ ਜਪੀ ਤਪੀ ਸੰਤ ਏਥੇ ਬਹੁਤ ਰਹਿੰਦੇ ਹਨ। ਏਸੇ ਥਾਂ ਇੱਕ ਔਘੜ ਨਾਥ ਜੋਗੀ ਲੂਣੀਏ ਸਿੱਧ ਦਾ ਚੇਲਾ ਰਿਹਾ ਕਰਦਾ ਸੀ। ਏਸੇ ਲੂਣੀਏ ਸਿੱਧ ਦੇ ਬਣਾਏ ਹੋਏ ਜੰਤ੍ਰ, ਮੰਤ੍ਰ ਲੋਗਾਂ ਵਿੱਚ ਹੁਣ ਤਕ ਬਹੁਤ ਪ੍ਰਸਿੱਧ ਹਨ। ਔਘੜ ਨਾਥ ਜੋਗੀ ਸਿੱਧ ਦੀ ਟਹਿਲ ਨਰੈਣਦਾਸ ਨੇ ਬਹੁਤ ਚੰਗੀ ਕੀਤੀ, ਜਿਸ ਤੋਂ ਖ਼ੁਸ਼ੀ ਹੋ ਕੇ ਓਸ ਨੇ ਆਪਣੇ ਅੰਤ ਦੇ ਸਮੇਂ ਸੰ. ੧੭੪੮ ਬਿ. ਨੂੰ ਓਹ ਪੋਥੀ ਜਿਸ ਵਿੱਚ ਚੌਸਠ ਵਿੱਦਿਆ ਸਿੱਖਣੇ ਦੇ ਪ੍ਰਕਾਰ ਤੇ ਪ੍ਰਤਯਾਏ ਹੋਏ ਮੰਤਰ, ਜੰਤਰ ਲਿਖੇ ਹੋਏ ਸੇ, ਏਸ ਨੂੰ ਬਖ਼ਸ਼ ਦਿੱਤੀ ਤੇ ਓਨ੍ਹਾਂ ਦੇ ਕਮਾਉਣ ਦਾ ਭੇਤ, ਰਸਾਇਨ ਦੇ ਬਨਾਵਣ ਦੀ ਬੂਟੀ ਆਦਿਕ ਗੁਣ ਭੀ ਸਭ ਏਸ ਨੂੰ ਦੱਸ ਦਿੱਤੇ। ਫੇਰ ਤਾਂ ਏਹ ਵਿੱਦਿਆ ਨੂੰ ਸਿੱਖ ਕੇ ਪ੍ਰਸਿੱਧ ਸਿੱਧ ਹੋ ਗਿਆ। ਦੱਖਣ ਦੇਸ ਸੈਲ ਕਰਦਾ ਹੋਯਾ ਨਦੇੜ ਸ਼ਹਿਰ ਜੋ ਹੰਗੋਲੀ ਤੋਂ ੧੮ ਕੋਸ ਹੈ, ਗੋਦਾਵਰੀ ਗੰਗਾ ਕਿਨਾਰੇ ਇੱਕ ਬਗੀਚਾ ਬਣਾ ਕੇ ਰਹਿਣ ਲੱਗ ਪਿਆ। 'ਰਿਧਿ ਸਧਿ ਨਾਵੈ ਕੀ ਦਾਸੀ' ਤਪ, ਜਪ, ਜਤ, ਸਤ ਦੇ ਪ੍ਰਤਾਪ ਨਾਲ ਕਰਾਮਾਤੀ ਮਸ਼ਹੂਰ ਹੋ ਗਿਆ। ਕਰਾਮਾਤਾਂ ਅਜ਼ਮਾ ਕੇ ਬਹੁਤ ਲੋਗ ਏਸ ਦੀ ਪੂਜਾ ਕਰਨ ਲਗ ਪਏ। ਏਸ ਦੀ ਕਰਣੀ ਦੀ ਚਰਚਾ ਦੂਰ ਦੂਰ ਤੱਕ ਫੈਲ ਗਈ। ਪੋਥੀਆਂ ਵਿੱਚ ਲਿਖਿਆ ਹੈ ਚਾਰ ਮਵੱਕਲ ਬੀਰ ਹੋਰ ਅਨੇਕ ਭੂਤ ਪਰੇਤ ਬੰਦੇ ਤੇ ਤਾਬੇ ਹਨ ਜੋ ਬਿਨਾ ਬੈਲ ਹਰਟ ਚਲਾ ਕੇ ਬਗੀਚੇ ਨੂੰ ਸਿੰਜਦੇ ਹੋਏ ਹੋਰ ਭੀ ਅਨੇਕ ਕੰਮ ਕਰ ਰਹੇ ਹਨ। ਨਾਲੇ ਇੱਕ ਪਲੰਘ ਸਜਾ ਤਜਾ ਕੇ ਫ਼ਕੀਰਾਂ ਦੀ ਪ੍ਰੀਖਿਆ ਵਾਸਤੇ ਰੱਖ ਛੱਡਿਆ ਹੈ ਜੋ ਕੋਈ ਸੰਤ ਆਉਂਦਾ ਹੈ, ਪਲੰਘ ਉੱਤੇ ਬਠਾ ਕੇ ਬੀਰਾਂ ਤੋਂ ਉਲਟਾ ਕਰਵਾ ਦੇਂਦਾ ਹੈ। ਫੇਰ ਹਸ ਕੇ ਸਾਧੂ ਨੂੰ ਸ਼ਰਮਿੰਦਾ ਕਰਦਾ ਹੈ। ਏਹੋ ਜੇਹੀ ਮਹਿਮਾ ਸੁਣ ਕੇ ਗੁਰੂ ਸਾਹਿਬ ਨੇ ਜਾ ਉਸ ਨੂੰ ਆਪਣਾ ਸੇਵਕ ਬਨਾਇਆ। ਪੰਜ ਤੀਰ ਅਪਣੇ ਭੱਥੇ ਵਿੱਚੋਂ ਬਖ਼ਸ਼ ਕੇ ਬੀਸ ਪਚੀਸ ਸਿੰਘਾਂ ਸਮੇਤ ਜਿਸ ਪ੍ਰਕਾਰ ਉਸ ਨੂੰ ਸਿਖਿਆ ਦੇ ਕੇ ਤੋਰਿਆ ਹੈ, ਓਹ ਕਥਾ ਦਸਮੇਂ ਗੁਰੂ ਦੇ ਅੰਤਮ ਪਰਸੰਗ ਵਿੱਚ ਲਿਖ ਆਏ ਹਾਂ। ਏਸ ਕਰ ਕੇ ਏਥੇ ਨਹੀਂ ਲਿਖਦੇ।

## ੩. ਬੰਦੇ ਦਾ ਪੰਜਾਬ ਨੂੰ ਔਣਾ

ਜਦ ਬਾਬਾ ਬੰਦਾ ਬਹਾਦਰ ਸਾਉਣ ਮਹੀਨੇ ਸੰ. ੧੭੬੪ ਬਿ. ਗੁਰੂ ਸਾਹਿਬ ਪਾਸੋਂ ਵਿਦਾ ਹੋ ਕੇ ਸਿੰਘਾਂ ਸਮੇਤ ਮੁਲਕ ਤਿਲੰਗ, ਗੌਡ, ਮਹਾਰਾਸ਼ਟਰ ਲੰਘ ਕੇ ਬੰਦੇਲਖੰਡ ਵਿੱਚ ਪੁਜਿਆ। ਰਾਹ ਵਿੱਚ ਗੁਰੂ ਸਾਹਿਬ ਦੇ ਉਪਕਾਰ ਜੀਵਨ ਚਰਿਤਰ ਪਰਮ ਪਵਿੱਤ੍ਰ ਔਰ ਕਰਾਮਾਤਾਂ ਦੇ ਜੜਾਂ ਨਾਲ ਜੜੇ ਹੋਏ ਧਰਮ ਸੰਬੰਧੀ ਉਪਦੇਸ਼ ਤੁਰਕਾਂ ਦੇ ਜ਼ੁਲਮ ਪਹਾੜੀ ਰਾਜਿਆਂ ਦੇ ਛਲ ਜਿਉਂ ਜਿਉਂ ਸੁਣਾਉਂਦੇ ਆਏ ਤਿਉਂ ਤਿਉਂ ਬੰਦਾ ਬਹਾਦਰ ਜ਼ਹਿਰੀ ਸੱਪ ਵਾਂਗੂੰ ਵਿਹੁ ਘੋਲਦਾ ਹੋਇਆ ਮੁਸਲਮਾਨਾਂ ਉੱਤੇ ਕ੍ਰੋਧ ਨਾਲ ਲਾਲੋ ਲਾਲ ਹੋ ਰਿਹਾ ਸੀ ਤੇ ਘੜੀ ਮੁੜੀ ਕਦੇ ਮੁਛ ਪਰ, ਕਦੇ ਸ਼ਮਸ਼ੇਰ ਤੇ ਹੱਥ ਧਰਦਾ ਸੀ। ਹੋਰ ਜੋ ਹਿੰਦੂਆਂ ਉੱਤੇ ਜੋ ਕਹਿਰ ਗੁਜ਼ਾਰਦੇ ਸਨ, ਓਹ ਭੀ ਸੂਲਾਂ ਵਾਂਗੂੰ ਬੰਦੇ ਦੇ ਦਿਲ ਵਿੱਚ ਰੜਕਦੇ ਸੇ।

## ੪. ਬੰਦੇ ਦੀ ਪ੍ਰੀਖਯਾ

ਇਕ ਦਿਨ ਐਨ ਜੰਗਲ ਵਿੱਚ ਰਸਤੇ ਆਉਂਦਿਆਂ ਸਿੱਖਾਂ ਨੇ ਏਸ ਦੀ ਪ੍ਰੀਖਯਾ ਕਰਨ ਵਾਸਤੇ ਖ਼ਰਚ ਮੰਗਿਆ। ਬੰਦੇ ਨੇ ਸਿੰਘਾਂ ਦਾ ਹਠ ਦੇਖ ਕੇ ਓਥੇ ਹੀ ਇੱਕ ਕੱਚੇ ਤਲਾ ਪਰ ਡੇਰਾ ਕਰ ਦਿੱਤਾ। ਕੁਦਰਤ ਨਾਲ ਗੁਰੂ ਕੇ ਪ੍ਰੇਰੇ ਹੋਏ ਲਬਾਣੇ ਸਿੱਖਾਂ ਦਾ ਟਾਂਡਾ ਆ ਪੁਜਿਆ। ੫੦੦ ਪੰਜ ਸੌ ਰੁਪਯਾ; ਜੋ ਓਨ੍ਹਾਂ ਪਾਸ ਗੁਰੂ ਕੇ ਦਸਵੰਧ ਦਾ ਸੀ, ਬੰਦੇ ਨੂੰ ਗੁਰੂ ਕਾ ਸਿੱਖ ਸਮਝ ਕੇ ਦੇ ਦਿੱਤਾ। ਬੰਦੇ ਨੇ ਭੀ ਓਸੇ ਵਕਤ ਸਿੱਖਾਂ ਨੂੰ ਵਰਤਾ ਦਿੱਤਾ। ਆਪ ਕੁਛ ਨਾ ਰੱਖਿਆ। ਫੇਰ ਤਾਂ ਸਿੰਘਾਂ ਨੂੰ ਬੰਦੇ ਪਰ ਬਹੁਤ ਭਰੋਸਾ ਹੋ ਗਿਆ। ਅਨੇਕ ਪਿੰਡਾਂ ਨੂੰ ਲੁਟਦੇ ਖਸੋਟਦੇ ਬੁੰਦੇਲ ਪਿੰਡ ਵਿੱਚ ਪੁੱਜੇ

ਤਾਂ ਸਿੰਘਾਂ ਨੇ ਆਖਿਆ, "ਅਸੀਂ ਘਰਾਂ ਨੂੰ ਚਲੇ ਹਾਂ। ਕੁਝ ਖ਼ਰਚ ਮਿਲ ਜਾਵੇ, ਜੋ ਬਾਲ ਬੱਚਿਆਂ ਨੂੰ ਦੇ ਆਈਏ।" ਬੰਦੇ ਨੇ ਭੀ ਗੁਰੂ ਦੇ ਬਚਨ ਅਜ਼ਮਾਉਣ ਵਾਸਤੇ; ਜੋ ਉਨ੍ਹਾਂ ਨੇ ਆਗਿਆ ਕਰੀ ਸੀ ਕਿ ਜਦ ਕੋਈ ਔਕੜ ਬਣੇ ਤਾਂ ਪੰਜਾਂ ਸਿੰਘਾਂ ਤੋਂ ਅਰਦਾਸ ਕਰਾ ਕੇ ਕੰਮ ਕਰਨਾ, ਗੁਰੂ ਸਫ਼ਲਾ ਕਰੇਗਾ, ਫੇਰ ਖੀਸਾ ਸਾਡਾ ਤੇ ਹੱਥ ਤੁਹਾਡਾ ਸਾਫ਼ ਨੀਤ ਨਾਲ ਵਰਤੋਗੇ ਮੁਕੇਗਾ ਨਹੀਂ; ਏਹੋ ਕੰਮ ਕੀਤਾ। ਅਰਦਾਸ ਸੁਧਾ ਕੇ ਬੰਦਾ ਦੇਗ ਚੜ੍ਹਾਉਣ ਲਈ ਚੁੱਲ੍ਹਾ ਪੁਟਣ ਲੱਗਾ ਤਾਂ ਅਸ਼ਰਫੀਆਂ ਦੀ ਗਾਗਰ ਨਿੱਕਲ ਆਈ। ਮੁਠੀ ਭਰ ਕੇ ਹਰ ਇੱਕ ਸਿੱਖ ਨੂੰ ਵੰਡ ਦਿੱਤੀਆਂ। ਫੇਰ ਤਾਂ ਸਿੰਘ ਭੀ ਓਸ ਉੱਤੇ ਕੁਰਬਾਨ ਹੋ ਗਏ ਅਰ ਓਸ ਤੋਂ ਅਪਣੀ ਫਤੇ ਦਾ ਭੀ ਪੱਕਾ ਭਰੋਸਾ ਹੋ ਗਿਆ।

## ੫. ਬੰਦੇ ਦੀ ਅਜ਼ਮਤ ਤੇ ਧਾੜਵੀ ਜਿੱਤਣੇ

ਓਸ ਜ਼ਮਾਨੇ ਵਿੱਚ ਬਾਦਸ਼ਾਹੀ ਗਦਰ ਪੈ ਰਿਹਾ ਸੀ, ਇੱਕ ਪਿੰਡ ਦੂਜੇ ਨੂੰ ਲੁਟਣ ਮਾਰਨ ਉੱਤੇ ਲੱਕ ਬੰਨ੍ਹ ਰਿਹਾ ਸੀ, ਧਾੜਵੀ ਲੋਗ ਸ਼ਾਹੂਕਾਰਾਂ ਨੂੰ ਲੁਟਦੇ ਸੇ ਕੋਈ ਅਮਨ ਦੇਣ ਵਾਲਾ ਨਹੀਂ ਸੀ। ਇੱਕ ਦਿਨ ਜਿਸ ਪਿੰਡ ਆ ਕੇ ਉੱਤਰੇ ਉਸ ਨੂੰ ਲੁਟਣ ਵਾਸਤੇ ਹੋਰ ਕਈ ਪਿੰਡਾਂ ਦੇ ਧਾੜਵੀ ਆ ਰਹੇ ਸਨ। ਪਿੰਡ ਵਾਲੇ ਭਾਜੜਾਂ ਪਾ ਰਹੇ ਸਨ। ਬਾਬੇ ਬੰਦੇ ਨੇ ਓਨ੍ਹਾਂ ਨੂੰ ਬਹੁਤ ਧੀਰਜ ਦਿੱਤਾ ਅਰ ਆਖਿਆ, "ਅਸੀਂ ਤੁਹਾਡੇ ਸਾਥ ਹਾਂ" ਪਰ ਓਹਨਾਂ ਨੂੰ ਭਰੋਸਾ ਨਾ ਹੋਇਆ। ਤਦੋਂ ਨੂੰ ਧਾੜਵੀ ਆ ਪਹੁੰਚੇ। ਬੰਦੇ ਨੇ ਸਿੱਖਾਂ ਨੂੰ ਵੰਗਾਰਿਆਂ ਅਤੇ ਆਪ ਤੀਰਾਂ ਦੀ ਬੁਛਾੜ ਐਸੀ ਮਾਰੀ ਜੋ ਕਈ ਘੋੜੇ ਜੁਆਨ ਮੈਦਾਨ ਵਿੱਚ ਗਿਰਾਏ ਅਰ ਓਹ ਪਿੱਠ ਦਿਖਾ ਪੱਤਾ ਤੋੜ ਗਏ। ਸਿੰਘ ਭੀ ਤਲਵਾਰਾਂ ਖਿੱਚ ਕੇ ਓਨ੍ਹਾਂ ਦੇ ਪਿੱਛੇ ਐਸੇ ਪਏ ਕਿ ਅਨੇਕਾਂ ਨੂੰ ਮਾਰ ਕੇ ਓਹਨਾਂ ਦੇ ਘੋੜੇ ਖੋਹ ਲਿਆਂਦੇ। ਏਸ ਪ੍ਰਤਯਾਵੇ ਤੋਂ ਸਿੰਘਾਂ ਨੂੰ ਬੰਦੇ ਪਰ ਪੱਕਾ ਭਰੋਸਾ ਹੋ ਗਿਆ ਕਿ ਹੁਣ ਅਸੀਂ ਜ਼ਰੂਰ ਫਤੇ ਪਾਵਾਂਗੇ।

## ੬. ਤੁਰਕਾਂ ਦੇ ਜ਼ੁਲਮ ਤੇ ਹਿੰਦੂ ਤੁਰਕਾਂ ਦਾ ਵਜ਼ਨ

ਹੁਣ ਜਿਉਂ ਜਿਉਂ ਪੰਜਾਬ ਵੰਨੀ ਵਧ ਕੇ ਆਏ ਤਿਉਂ ਤਿਉਂ ਅਨੇਕ ਲੋਕ ਧਾੜਵੀ ਬਹਾਦਰ ਬੰਦੇ ਦੀਆਂ ਅਜ਼ਮਤਾਂ ਸਿੰਘਾਂ ਤੋਂ ਸੁਣ ਸੁਣ ਕੇ ਇਨ੍ਹਾਂ ਦੇ ਸਾਥੀ ਹੁੰਦੇ ਗਏ ਅਤੇ ਬਾਬੇ ਬੰਦੇ ਨੇ ਭੀ ਏਹ ਬਾਤ ਨਿਸਚੇ ਕਰ ਲੀਤੀ ਸੀ ਕਿ ਐਸਾ ਕੌਣ ਹੈ, ਜੋ ਸਹਾਇਤਾ ਪਾ ਕੇ ਅਪਣੇ ਵੈਰੀ ਤੋਂ ਵੈਰ ਨਾ ਲਵੇ? ਮੁਸਲਮਾਨਾਂ ਦੇ ਜ਼ੁਲਮ ਕਿਸ ਹਿੰਦੂ ਨੂੰ ਕੰਡੇ ਵਾਂਗੂੰ ਨਹੀਂ ਰੜਕਦੇ? ਜਦ ਜ਼ਾਲਮ ਤੁਰਕਾਂ ਨੇ ਕਿਸੇ ਹਿੰਦੂ ਦੀ ਭੀ ਇੱਜ਼ਤ ਨਹੀਂ ਛਡੀ ਅਤੇ ਕਿਸੇ ਦੀ ਬਹੂ ਬੇਟੀ ਅਛੂਤ ਨਹੀਂ ਛਡੀ, ਓਹ ਕੌਨ ਹੈ ਜੋ ਐਸੀ ਬੇਈਮਾਨ ਕੌਮ ਉੱਤੇ ਘ੍ਰਿਣਾ ਕਰ ਕੇ ਬਦਲਾ ਲੈਣਾ ਨਹੀਂ ਚਾਹੁੰਦਾ? ਭਾਈ ਸਿੱਖੋ! ਜਦ ਅਸੀਂ ਛੇੜ ਛੇੜੀ ਤਾਂ ਜ਼ਰੂਰ ਹਿੰਦੂਆਂ ਦੇ ਭੀ ਦਿਲ ਵਿੱਚ ਲਾਗ ਦੀ ਅੱਗ ਜ਼ਰੂਰ ਭੜਕ ਉੱਠੇਗੀ। ਕੁਝ ਲੁੱਟ ਦਾ ਲਾਲਚ ਹੋਊ, ਕੁਝ ਵੈਰੀਆਂ ਤੋਂ ਵੈਰ ਲੈਣ ਨੂੰ ਸਾਡੇ ਵੰਗਾਰੇ ਹੋਏ ਹਿੰਦੂ ਸੂਰਬੀਰ ਭਾਈ ਕਿਉਂ ਨਾ ਜ਼ਾਲਮਾਂ ਦੇ ਜ਼ੁਲਮ ਦਾ ਬਦਲਾ ਲੈਣਗੇ? ਸਾਨੂੰ ਯਕੀਨ ਹੈ ਕਿ ਜ਼ਰੂਰ ਉੱਛਲ ਪੈਣਗੇ। ਜਿਨ੍ਹਾਂ ਦੁਸ਼ਟਾਂ ਨੇ ਸਤਵੰਤੀਆਂ ਦੇ ਸਤ ਤੋੜੇ ਹਨ, ਕੁੜੀਆਂ ਮੁੰਡੇ ਫੜ ਕੇ ਗ਼ੁਲਾਮ ਬਣਾ ਰਖੇ ਹਨ ਅਤੇ ਹਿੰਦੂਆਂ ਨੂੰ ਭੇਡਾਂ ਬੱਕਰੀਆਂ ਦੀ ਤਰ੍ਹਾਂ ਕੋਹਿਆ ਹੈ ਤੇ ਬੜੇ ਬੜੇ ਜਜ਼ੀਏ ਹਿੰਦੂਆਂ ਪਰ ਲਾ ਰੱਖੇ ਹਨ। ਸੁਆਦਲੀ ਚੀਜ਼ ਖਾਣੀ ਨਹੀਂ ਮਿਲਦੀ। ਜਿਨ੍ਹਾਂ ਦੇ ਲਹੂ ਨਾਲ ਤੁਰਕ ਨਹਾ ਰਹੇ ਹਨ, ਕਿਆ ਓਹ ਬਹਾਦਰ ਹਿੰਦੂ ਮਨ ਵਿੱਚ ਵਿਹੁ ਨਹੀਂ ਘੋਲਦੇ ਹੋਣਗੇ? ਬੇਸ਼ੱਕ! ਵੈਰੀਆਂ ਦੇ ਲਹੂ ਪੀਣ ਦਾ ਅਵਸਰ ਵੇਖਦੇ ਹਨ। ਮੌਕਾ ਪਾ ਕੇ ਜ਼ਰੂਰ ਅਪਣੇ ਹੱਥ ਦਿਖਾਉਣਗੇ। ਜਿਨ੍ਹਾਂ ਨੂੰ ਲੁੱਟ ਪੁੱਟ ਕੇ ਮੁਸਲਮਾਨਾਂ ਨੇ ਟੁਕੜੇ ਤੋਂ ਲਾਚਾਰ ਕਰ ਛੱਡਿਆ ਹੈ ਤੇ ਮਿਟੀ ਦੇ ਭਾਂਡੇ ਬਿਨਾਂ ਹੋਰ ਕੁਝ ਨਹੀਂ ਰਹਿਣ ਦਿੱਤਾ, ਕੀ ਓਹ ਹਿੰਦੂ ਤੁਰਕਾਂ ਦੇ ਘਰ ਲੁਟਣ ਨੂੰ ਖੜੇ ਨਾ ਹੋਣਗੇ? ਜਿਨ੍ਹਾਂ ਦੇ ਬੜੇ ਬੜੇ ਕੀਮਤੀ ਮੰਦਰ ਤੋੜ ਕੇ ਮੂਰਤਾਂ ਫੋੜ ਫੋੜ ਫਰਸ਼ ਕਰਾ ਕੇ ਓਨ੍ਹਾਂ ਉੱਤੇ ਹਰ ਰੋਜ਼ ਹਿੰਦੂ ਕਤਲ ਕੀਤੇ ਜਾ ਕਰ ਕੁੱਤਿਆਂ ਨੂੰ ਖਵਾਏ ਜਾਂਦੇ ਹਨ, ਕੀ ਓਹ ਵੈਰੀਆਂ ਦੇ ਪੁੱਤਾਂ ਪੋਤ੍ਰਿਆਂ ਤੋਂ ਬਦਲਾ ਲੈਣ ਨੂੰ ਨਾ ਖੜੇ ਹੋਣਗੇ?

ਐਸੀਆਂ ਐਸੀਆਂ ਨਸੀਹਤਾਂ ਉਪਦੇਸ਼ ਬੰਦਾ ਬਹਾਦਰ ਹਿੰਦੂਆਂ ਤੇ ਸਿੰਘਾਂ ਨੂੰ ਦੇ ਕਰ ਸੂਰਬੀਰਤਾ ਦਾ ਕ੍ਰੋਧ ਚੜ੍ਹਾ ਰਿਹਾ ਸੀ ਅਤੇ ਜੋ ਆਉਂਦਾ ਸੀ ਓਸੇ ਨੂੰ ਬੜੇ ਪ੍ਰੇਮ ਨਾਲ ਮਿਲਾਈ ਜਾਂਦਾ ਸੀ। ਨਾਲੇ ਓਸ ਵੇਲੇ ਨੁਰੰਗੇ ਦੇ ਮਰਨੇ ਕਰ ਓਸ ਦੇ ਪੁੱਤ੍ਰਾਂ ਵਿੱਚ ਲੜਾਈ ਵੈਰ ਬਹੁਤ ਵਧ ਰਹੇ ਸਨ। ਮੁਲਕ ਵਿੱਚ ਰਾਜ ਰੌਲਾ ਪੈਣੇ ਕਰ ਹਾਕਮ ਆਪਣੇ ਆਪਣੇ ਠਿਕਾਣੇ ਕੇਵਲ ਆਪਣੀ ਜਾਨ ਮਾਲ ਦੇ ਵਿੱਚ ਰੁਕੇ ਹੋਏ ਸੇ। ਇੱਕ ਤਾਂ ਏਸ ਭਾਂਤ ਭੀ ਬੰਦੋਬਸਤ ਟੁੱਟ ਰਿਹਾ ਸੀ। ਦੂਸਰੇ ਬੰਦੇ ਦੀਆਂ ਕਰਾਮਾਤਾਂ ਸੁਣ ਸੁਣ ਕੇ ਮੁਸਲਮਾਨ ਕੋਈ ਮੁਕਾਬਲੇ ਤੇ ਨਹੀਂ ਆ ਸਕਦਾ ਸੀ। ਏਸੇ ਕਰ ਕੇ ਵਡੇ ਪਿੰਡਾਂ ਵਾਲੇ ਛੋਟੇ ਪਿੰਡਾਂ ਦੀ ਤੇ ਧਨੀ ਲੋਗਾਂ ਦੀ ਲੁੱਟ ਖਸੋਟ ਕਰ ਰਹੇ ਸੇ।

## ੭. ਧਾੜਵੀ ਮਾਰੇ ਪਿੰਡ ਬਚਾਣਾ ਤੇ ਬੰਦੇ ਦਾ ਪ੍ਰਤਾਪ

ਹੁਣ ਏਹ ਭੀ ਲੁਟਦੇ ਖਸੋਟਦੇ ਹੋਏ ਜਦ ਮਥਰਾ ਦੇ ਇਲਾਕੇ ਆ ਕੇ ਇੱਕ ਪਿੰਡ ਉੱਤਰੇ ਅੱਗੇ ਓਹ ਬਿਆਕੁਲ ਹੋ ਕੇ ਉਜੜੇ ਜਾ ਰਹੇ ਸੇ, ਏਨ੍ਹਾਂ ਨੇ ਓਨ੍ਹਾਂ ਨੂੰ ਦੁਖੀਏ ਦੇਖ ਕੇ ਧੀਰਜ ਦਿੱਤਾ ਅਤੇ ਸਹਾਇਤਾ ਕਰਨੇ ਦਾ ਵਾਇਦਾ ਕੀਤਾ, ਤਾਂ ਭੀ ਓਹ ਧੀਰਜੀ ਨਾ ਹੋਏ, ਪਰ ਧਰਵਾਸ ਏਨ੍ਹਾਂ ਦਾ ਓਨ੍ਹਾਂ ਨੂੰ ਹੋ ਗਿਆ। ਤਦੋਂ ਨੂੰ ਸੰਝ ਪਈ। ਇੱਕ ਵੱਡਾ ਭਾਰੀ ਲਸ਼ਕਰ ਲੁਟੇਰਿਆਂ ਦਾ ਆ ਪੁਜਿਆ। ਬੰਦੇ ਬਹਾਦਰ ਨੇ ਸਿੰਘਾਂ ਨੂੰ ਸਾਥ ਲੈ ਅਗੋਂ ਹੋ ਕੇ ਤੀਰਾਂ ਬੰਦੂਕਾਂ ਦੀ ਐਸੀ ਝਾੜ ਝਾੜੀ ਕਿ ਬਹੁਤ ਸਾਰੇ ਮਾਰੇ ਗਏ ਬਾਕੀ ਦੇ ਨੱਸ ਉੱਠੇ। ਸਚ ਹੈ, ਲੈਣੇ ਦੇ ਦੇਣੇ ਆ ਗਏ। ਸਿੰਘਾਂ ਨੇ ਓਨ੍ਹਾਂ ਦੇ ਘੋੜੇ ਸਾਂਭ ਲਏ। ਫੇਰ ਤਾਂ ਸਾਰਾ ਹੀ ਪਿੰਡ ਬੰਦੇ ਦਾ ਸੇਵਕ ਬਣ ਗਿਆ ਅਤੇ ਕਈ ਦਿਨ ਇਨ੍ਹਾਂ ਨੂੰ ਠਹਿਰਾ ਕੇ ਸੇਵਾ ਕੀਤੀ। ਸੇਲੇ, ਤਲਵਾਰਾਂ, ਤੋੜੇਦਾਰਾਂ ਤੇ ਛਵੀਆਂ ਲੈ ਕੇ ਸਾਥ ਬੰਦੇ ਦੇ ਹੋ ਗਏ।

## ੮. ਬਾਬਾ ਬੰਦਾ ਸੇਹਰ ਖੰਡੇ ਪਿੰਡ ਆਇਆ ਤੇ ਸਿੰਘਾਂ ਨੂੰ ਸੱਦਣਾ

ਏਸੇ ਭਾਂਤ ਸੈਰ ਸ਼ਿਕਾਰ ਕਰਦੇ ਹੋਏ ਪਰਗਨੇ ਖਰਖੋਡ ਸ਼ਹਿਰ, ਖੰਡੇ ਪਿੰਡ ਦਿੱਲੀ ਤੋਂ ਬੀਸ ਮੀਲ ਬੰਦੇ ਨੇ ਆ ਡੇਰਾ ਜਮਾਇਆ। ਬਾਬਾ ਬਿਨੋਦ ਸਿੰਘ ਤਿਹਨ, ਬਾਬਾ ਕਾਹਨ ਸਿੰਘ ਭੱਲਾ, ਭਾਈ ਬਾਜ਼ ਸਿੰਘ, ਰਾਮ ਸਿੰਘ ਬਲ ਜ਼ਿਮੀਂਦਾਰ, ਮੀਰਪੁਰ ਪੱਟੀ ਦੇ ਰਹਿਣ ਵਾਲੇ ਮਝੈਲ ਔਰ ਤਖ਼ਤਾ ਸਿੰਘ, ਬਖਤਾ ਸਿੰਘ ਵਗੈਰੇ ਕੈਥੋਂ ਵਾਲੀਏ ਮਲਵਈ ਏਨ੍ਹਾਂ ਨਾਲ ਗੁਰਮਤਾ ਕਰ ਕੇ ਬਾਬੇ ਬੰਦੇ ਮਾਝੇ ਦੁਆਬੇ ਦੜਪ ਮਾਲਵੇ ਦੇਸ ਵਿੱਚ ਚਿੱਠੀਆਂ ਹੁਕਮਨਾਮੇ ਸਿੱਖਾਂ ਨੂੰ ਭੇਜ ਦਿੱਤੇ; ਇਹ ਲਿਖਿਆ:

ਚੌਪਈ: ਲਿਖੇ ਪਤ੍ਰ ਸਿੰਘਨ ਕੋ ਬੰਦੇ। ਸੇਹਰ ਖੰਡਿਓ ਬੈਠ ਸੁਛੰਦੇ।
ਪੈਹਲੇ ਮਾਨੋ ਫਤੇ ਬਸੇਸ। ਫੇਰ ਪੜ੍ਹੋ ਪੱਤ੍ਰ ਭਲ ਏਸ।
ਗੁਰੂ ਸਿੱਖ ਆਵੋ ਦੇਰ ਨਾ ਲਾਵੋ। ਤੁਰਕਨ ਕੀ ਜੜ ਮੂਲ ਉਠਾਵੋ।
ਮੈਨੂੰ ਭੇਜਿਓ ਕਾਰਜ ਏਸ। ਜਗਤ ਗੁਰੂ ਸਾਹਿਬ ਦਸਮੇਸ।
ਸਾਹਿਬਜ਼ਾਦਿਓਂ ਕਾ ਲੇਹੁ ਬੈਰ। ਹਤੋ ਵਜ਼ੀਦੇ ਕੋ ਕਰ ਜੈਰ।
ਫੇਰ ਗਿਰੀਸਨ ਕੋ ਮੈਂ ਜੀਤ। ਰਾਜ ਸਿੰਘਨ ਕਾ ਠਟੋਂ ਅਭੀਤ।
ਹਾਲ ਕਰੋਂ ਵੈਰਨ ਕਾ ਮੰਦਾ। ਤਬੈ ਪਛਾਨਿਓਂ ਮੇਹੁ ਗੁਰ ਬੰਦਾ।
ਇਸ ਮੈਂ ਜ਼ਰਾ ਕੂਰ ਨਾ ਥੈਹੈ। ਮਿਲੋ ਆਏ ਹਮ ਸੰਗ ਅਬੈਹੈ।
ਇਤਕ ਵਾਰਤਾ ਲਿਖ ਕੇ ਬੰਦੇ। ਔਰ ਹੁਕਮਨਾਮੇ ਗੁਰ ਸੰਦੇ।
ਜੋ ਨਦੇੜ ਤੋਂ ਥੇ ਗੁਰ ਦੀਏ। ਸੋ ਸਭ ਤਬੈ ਰਵਾਨੇ ਕੀਏ।
ਦੇਸ ਦੇਸ ਪਿੰਡ ਸੋ ਗਏ। ਗੁਰ ਕੇ ਸਿੱਖੋਂ ਨੇ ਮੰਨ ਲਏ।
ਭਏ ਤਿਆਰ ਆਵਨ ਕੇ ਤਾਈਂ। ਲਏ ਸੰਭਾਲ ਹਥਯਾਰ ਤਦਾਈਂ।
ਗਊਂ ਭੈਂਸ ਘਰ ਵੇਚ ਜਮੀਨ। ਬਹੁ ਸਿੰਘੋਂ ਨੇ ਘੋੜੇ ਲੀਨ।
ਬੰਦੇ ਕੀ ਦਿਸ ਜਬ ਮਿਲ ਚਾਲੇ। ਤੁਰਕਨ ਪਾ ਏਹੁ ਖ਼ਬਰ ਬਸਾਲੇ।
ਪਤਨ ਰੋਕ ਲਏ ਦਰਿਆਵਨ। ਸੜਕਾਂ ਪਰ ਭੀ ਮਿਲੈ ਨਾ ਜਾਵਨ।

ਜਬ ਮਾਝੇ ਦੇ ਸਿੰਘਨ ਐਸ। ਕਰੋ ਬਚਾਰ ਜਾਓ ਹਮ ਕੈਸ।
ਸਿਦਕੀ ਰਾਤ ਬਰਾਤੇ ਮਿਲ ਕੈ। ਗਏ ਪਹਾੜਨ ਕੀ ਦਿਸ ਹਿਲ ਕੈ।
ਲੁਕ ਛਿਪ ਕੈ ਸੋ ਪੁਰ ਆਨੰਦ। ਪਹੁੰਚੇ ਕੀਰਤ ਪੁਰਹਿ ਸੁਛੰਦ।

## ੯. ਮਲਵਈ ਸਿੱਖਾਂ ਦਾ ਆਵਨਾ

ਬੰਦੇ ਬਹਾਦਰ ਦੇ ਹੁਕਮਨਾਮਿਆਂ ਦੇ ਆਉਂਦਿਆਂ ਹੀ ਮਾਲਵੇ ਦੇ ਸਿਦਕੀ ਸਿੱਖ ਘੋੜੇ ਹਥਿਆਰ ਔਰ ਖ਼ਰਚ ਲੈ ਕੇ ਬੰਦੇ ਦੀ ਤਰਫ ਚੱਲ ਪਏ। ਸਭ ਤੋਂ ਪਹਿਲੇ ਭਾਈ ਭਗਤੂ ਦਾ ਪੋਤਾ ਫਤੇ ਸਿੰਘ ਵੀਹ ਅਸਵਾਰ ਲੈ ਕੇ ਹਾਜ਼ਰ ਜਾ ਹੋਇਆ। ਭਾਈ ਰੂਪੇ ਕੇ ਪੋਤ੍ਰੇ ਕਰਮ ਸਿੰਘ, ਧਰਮ ਸਿੰਘ ਭੀ ਅਪਨੇ ਸਾਥੀਆਂ ਸਮੇਤ ਜਾ ਪੁੱਜੇ। ਫੂਲ ਕੇ ਰਾਮ ਸਿੰਘ, ਤਲੋਕ ਸਿੰਘ, ਭਾਵੇਂ ਆਪ ਤਾਂ ਨਾ ਗਏ, ਪਰ ਅਪਨੇ ਆਦਮੀ ਨੌਕਰ ਰੱਖ ਕੇ ਕੁਛ ਸਾਕ ਸੰਬੰਧੀ ਖ਼ਰਚ ਦੇ ਕੇ ਤੋਰ ਦਿੱਤੇ ਕਿਉਂਕਿ ਏਹ ਸਭ ਤੋਂ ਬਡੇ ਚੌਧਰੀ ਫੂਲ ਦੀ ਸੰਤਾਨ ਮਸ਼ਹੂਰ ਸ਼ਾਹੀ ਦਰਬਾਰ ਵਿੱਚ ਮੰਨੇ ਦੰਨੇ ਹੋਏ ਇੱਜ਼ਤ ਵਾਲੇ ਸੇ। ਏਹੋ ਰਾਜ ਰੌਲੇ ਵਿੱਚ ਜੈਸੇ ਅੰਨ੍ਹੇਰੀ ਦੇ ਵਡੇ ਬ੍ਰਿਛਾਂ ਨੂੰ ਤੋੜਨ ਵਾਂਗੂ ਜਿਤਨਾ ਨੁਕਸਾਨ ਵੱਡੇ ਵੱਡੇ ਆਦਮੀਆਂ ਨੂੰ ਹੁੰਦਾ ਹੈ, ਹੋਰਨਾਂ ਨੂੰ ਨਹੀਂ ਹੁੰਦਾ ਅਤੇ ਲਾਭ ਭੀ ਬੜੇ ਹੀ ਉਠਾਉਂਦੇ ਹਨ। ਰਾਮ ਸਿੰਘ ਤਲੋਕ ਸਿੰਘ ਸੋਚਦੇ ਸਨ ਕਿ ਜੇ ਕਦੇ ਏਹ ਪੁਰਸ਼ਾਰਥ ਸਿੰਘਾਂ ਨੂੰ ਪੁੱਠਾ ਪੈ ਗਿਆ, ਤਾਂ ਹੋਰਨਾਂ ਦਾ ਤਾਂ ਕੁਝ ਨਹੀਂ ਖੁਸਣਾ। ਬਹੁਤ ਹੋਊ ਤਾਂ ਵਸੋਂ ਦਾ ਪਿੰਡ ਛੱਡ ਕੇ ਦੂਜੇ ਕਿਲ੍ਹੇ ਹੋਰ ਪਿੰਡ ਜਾ ਬੈਠਣਗੇ। ਸਾਡੀ ਪੀੜੀਆਂ ਦੀ ਚੌਧਰਾਇਤ ਮਾਨ ਵਡਾਈ ਸਭ ਜਾਂਦੀ ਰਹੂ। ਏਸ ਕਰ ਕੇ ਏਹ ਦੋਵੇਂ ਭਾਈ ਨਾ ਗਏ। ਤਦੋਂ ਹੋਰ ਭੀ ਜਿਤਨੇ ਸਿੱਖ ਏਸ ਧਰਮ ਜੁੱਧ ਵਿੱਚ ਆਏ ਸਨ, ਓਨ੍ਹਾਂ ਵਿੱਚੋਂ ਐਸੀ ਦਲੀਲ ਪੱਕੀ ਕਿਸੇ ਕਿਸੇ ਦੀ ਸੀ ਕਿ ਅਸੀਂ ਧਰਮ ਜੰਗ ਵਿੱਚ ਵੈਰੀਆਂ ਨੂੰ ਮਾਰ ਕੇ ਸ਼ਹੀਦ ਹੋਣ ਆਏ ਹਾਂ। ਲੁੱਟ ਦਾ ਧਨ ਲੈਣਾ ਸਭ ਚਾਹੁੰਦੇ ਸਨ। ਦੌਲਤ ਵਾਸਤੇ ਹੀ ਮਰ੍ਹਾਜ ਕੇ ਬਹੁਤ ਆਦਮੀ ਆਏ ਸਨ, ਪਰ ਤਾਂ ਭੀ ਮਾਲਵੇ ਦੇ ਨਾਮੀ ਨਾਮੀ ਧਾੜਵੀ ਬਹਾਦਰ ਬਹੁਤ ਲੋਗ ਬੰਦੇ ਪਾਸ ਆ ਪੁੱਜੇ ਸੇ। ਇੱਕ ਕੋਟਕਪੂਰੇ ਵਾਲਾ ਕਪੂਰਾ ਨਹੀਂ ਆਇਆ ਸੀ। ਉਸ ਨੇ ਤਾਂ ਗੁਰੂ ਜੀ ਨੂੰ ਭੀ ਮੰਗੀ ਗੜ੍ਹੀ ਨਹੀਂ ਦਿੱਤੀ ਸੀ, ਓਹ ਕਿੱਕੂ ਆਉਂਦਾ? ਦੂਸਰਾ ਕਪੂਰੇ ਨੂੰ ਆਪਣੇ ਗਵਾਂਢੀ ਦੁਸ਼ਮਣ ਈਸੇ ਖਾਂ ਦਾ ਭੀ ਡਰ ਸੀ, ਜੋ ਹਮੇਸ਼ ਏਸ ਨਾਲ ਲੜਦਾ ਰਹਿੰਦਾ ਸੀ। ਤੀਸਰੇ ਓਸ ਨੂੰ ਸਿੰਘਾਂ ਦੀ ਜਿੱਤ ਹੋਣ ਦਾ ਭੀ ਪੱਕਾ ਭਰੋਸਾ ਨਹੀਂ ਸੀ। ਹੋਰ ਬੈਰਾੜ ਸੈਂਕੜੇ ਆ ਗਏ। ਜਿਨ੍ਹਾਂ ਨੂੰ ਭਰੋਸਾ ਸੀ; ਓਹ ਆਲਾ ਸਿੰਘ, ਹਮੀਰ ਸਿੰਘ, ਗੁਰਦਿਤ ਸਿੰਘ, ਸੁਖਚੈਨ ਸਿੰਘ ਵਗੈਰਾ ਨਾਮੀ ਲੋਕਾਂ ਨੇ ਭੀ ਅਪਣੇ ਆਦਮੀ ਨੌਕਰ ਭੇਜ ਕੇ ਮਨ ਤਨ ਧਨ ਕਰ ਕੇ ਬਹੁਤ ਸੇਵਾ ਸਹਾਇਤਾ ਕੀਤੀ। ਆਪ ਤਾਂ ਨਾ ਗਏ, ਏਸ ਮੁਲਕ ਦੇ ਮੁਖੀਏ ਚੌਧਰੀ ਇੱਜ਼ਤ ਵਾਲੇ ਸੇ। ਏਸੇ ਭਾਂਤ ਭਾਈ ਬਹਿਲੋ ਕੇ ਦੇਸ ਰਾਜ ਵਰਗੇ, ਗਰੇਵਾਲ, ਧਾਲੀਵਾਲ, ਚਾਹਿਲ, ਭੁਲਰ, ਮਾਹਿਲ, ਬੈਰਾੜ ਸੂਰਬੀਰ; ਜੋ ਬੜੇ ਮਸ਼ਹੂਰ ਧਾੜਵੀ ਸੇ, ਅਨੇਕਾਂ ਨੂੰ ਲੈ ਕੇ ਚਲੇ ਆਏ। ਜੀਉਨ ਸਿੰਘ ਰੰਧਾਵਾ, ਨਗਾਹਾ ਸਿੰਘ, ਚੂਹੜ ਸਿੰਘ ਦੁਲਟ, ਗਰਜ਼ ਕੀ ਜੋ ਬਹਾਦਰ ਆਦਮੀ ਮਾਲਵੇ ਦੇ ਸਨ, ਸਭ ਬੰਦੇ ਪਾਸ ਪਹੁੰਚ ਗਏ।

## ੧੦. ਸਲੌਦੀ ਵਾਲੇ ਸਿੰਘ ਆਏ

ਓਸੇ ਸਮੇਂ ਆਲੀ ਸਿੰਘ, ਮਾਲੀ ਸਿੰਘ, ਗੁਰਦਿਆਲ ਸਿੰਘ, ਸੂਬਾ ਸਿੰਘ ਆਦਿਕ ਮਾਨਸਾਹੀਏ ਜ਼ਿਮੀਂਦਾਰ ਜੋ ਸੂਬੇ ਸਰਹੰਦ ਦੇ ਪਾਸ ਨੌਕਰ ਸੇ, ਜਿਨ੍ਹਾਂ ਦੀ ਸੰਤਾਨ ਹੁਣ ਪਰਗਨੇ ਖੰਨੇ ਸਲੌਦੀ ਪਿੰਡ ਵਿੱਚ ਹੈ, ਜਦ ਓਹ ਬੰਦੇ ਦੀਆਂ ਬਾਤਾਂ ਕਰਦੇ ਵਜੀਦ ਖਾਂ ਨੇ ਸੁਣੇ ਤਾਂ ਆਖਿਆ, "ਹੁਣ ਤੁਮਾਰਾ ਗੁਰੂ ਇੱਕ ਬੰਦਾ ਨਾਮ ਦਸਮੇ ਗੁਰੂ ਦੇ ਪੁੱਤ੍ਰਾਂ ਦਾ ਵੈਰ ਲੈਣ ਆਇਆ ਹੈ। ਅਸਾਂ ਓਸ ਨੂੰ ਤਾਂ ਦੇਸੋਂ ਕੱਢਿਆ ਹੈ ਏਸ ਨੂੰ ਦੀਨ ਦੁਨੀਆਂ ਦੋਹਾਂ ਤੋਂ ਕੱਢਾਂਗੇ, ਤੁਸੀਂ ਜਾਣਾ ਹੈ ਤਾਂ ਜਾਓ ਤੇ ਓਸ ਨੂੰ ਲੈ ਆਓ।" ਸਿੰਘਾਂ ਨੇ ਆਖਿਆ, "ਸਾਡੀ ਤਨਖਾਹ ਮਿਲ ਜਾਵੇ।" ਸੂਬੇ ਨੇ ਉਲਟਾ ਕੈਦ ਕਰ ਦਿਤੇ। ਸਿੱਖਾਂ ਨੇ ਮੰਨਤ ਕੀਤੀ ਕਿ ਜੇ ਤੂੰ ਗੁਰੂ ਕਾ ਬੰਦਾ ਸੱਚਾ ਹੈਂ ਤਾਂ ਸਾਨੂੰ

ਏਥੋਂ ਕੱਢ ਲੈ। ਲਿਖਿਆ ਹੈ ਕਿ ਓਨ੍ਹਾਂ ਦੀਆਂ ਬੇੜੀਆਂ ਓਸੇ ਵਕਤ ਝੜ ਗਈਆਂ, ਪੈਹਰੂ ਸੌਂ ਗਏ, ਦਰਵਾਜ਼ਾ ਖੁਲ੍ਹ ਗਿਆ। ਸਿੱਖ ਬੰਦੇ ਨੂੰ ਜ਼ਾਹਰਾ ਪੀਰ ਸਮਝ ਕੇ ਓਧਰੇ ਤੁਰ ਪਏ। ਓਸ ਸਮੇਂ ਸਰਕਾਰ ਬੰਦੋਬਸਤ ਜੇਲ੍ਹਖਾਨੇ ਦਾ ਹੁਣ ਜੇਹਾ ਨਹੀਂ ਸੀ। ਕਈ ਦਰੋਗੇ ਨਾਲ ਮਿਲ ਕੇ ਕੁਛ ਦੇ ਕੇ ਔਰ ਕਈ ਬੇੜੀਆਂ ਕੱਟ ਕੇ ਨਿੱਕਲ ਜਾਇਆ ਕਰਦੇ ਸਨ, ਬਲਕਿ ਹੁਣ ਭੀ ਨਿੱਕਲ ਜਾਂਦੇ ਹਨ। ਜਾਂ ਦਿਨ ਚੜ੍ਹੇ ਰਪੋਟ ਹੋਈ, ਵਜੀਦ ਖਾਂ ਨੇ ਅਸਵਾਰ ਦੁੜਾਏ, ਪਰ ਓਹ ਸਿੰਘ ਦੂਰ ਨਿੱਕਲ ਗਏ, ਹੱਥ ਨਾ ਆਏ। ਏਸ ਬਾਤ ਨੂੰ ਕਰਾਮਾਤ ਮੰਨ ਕੇ ਏਹੋ ਸਿੱਖ ਪਹਿਲੇ ਬੰਦਈ ਹੋਏ ਹਨ। ਤਾਂ ਹੀ ਓਨ੍ਹਾਂ ਦੀ ਸੰਤਾਨ ਹੁਣ ਤੱਕ ਬੰਦੇ ਨੂੰ ਮੰਨਦੀ ਹੈ। ਜਦ ਚਾਰ ਕੁ ਸੌ ਸਿੰਘ ਸੂਰਬੀਰ ਬੰਦੇ ਪਾਸ ਬਾਂਗਰ ਦੇਸ ਵਿੱਚ ਜਾ ਕੱਠਾ ਹੋਇਆ, ਤਾਂ ਬੰਦੇ ਸਾਹਿਬ ਦਾ ਭੀ ਹੌਂਸਲਾ ਵਧ ਗਿਆ।

## ੧੧. ਬੰਦੇ ਨੇ ਖ਼ਜ਼ਾਨਾ ਲੁਟਣਾ

ਓਸੇ ਸਮੇਂ ਓਸ ਦੇਸ ਦੇ ਸਭ ਧਾੜਵੀਆਂ ਨੂੰ ਖ਼ਬਰ ਕਰ ਦਿੱਤੀ ਕਿ ਜਿਸ ਨੇ ਸਮਾਣੇ ਨੂੰ ਲੁਟਣਾ ਹੋਵੇ ਸੋ ਫਗਨ ਵਦੀ ਪੰਚਮੀ ਨੂੰ ਉੱਥੇ ਪਹੁੰਚ ਜਾਵੇ। ਏਹ ਅਵਾਜ਼ਾ ਦੇ ਕੇ ਬੰਦਾ ਓਥੋਂ ਚੜ੍ਹ ਬੈਠਾ ਤੇ ਰਸਤੇ ਵਿੱਚ ਮੁਸਲਮਾਨਾਂ ਦੇ ਅਨੇਕ ਪਿੰਡ ਲੁੱਟਦਾ ਹੋਇਆ ਕੈਥਲ ਦੇ ਪਾਸ ਪੁੱਜਿਆ। ਖ਼ਬਰ ਲਗੀ ਕਿ ਬਾਦਸ਼ਾਹੀ ਖ਼ਜ਼ਾਨਾ ਮਾਲਵੇ ਦੇਸ ਦਾ ਉਗਰਾਹੀ ਹੋ ਕਰ ਦਿੱਲੀ ਨੂੰ ਜਾਂਦਾ ਹੈ। ਅੱਜ ਬਹੂਨੇ ਪਿੰਡ ਠਹਿਰੇਗਾ। ਓਸੇ ਵਕਤ ਸਿੰਘਾਂ ਨੇ ਫੜ ਵਾਗਾਂ ਲਈਆਂ, ਖ਼ਜ਼ਾਨੇ ਉੱਤੇ ਛਾਪਾ ਮਾਰ ਕੇ ਰਖਵਾਲੇ ਵੱਢ ਟੁੱਕ ਕੇ ਭਜਾ ਦਿੱਤੇ। ਖ਼ਜ਼ਾਨਾ ਲੁੱਟ ਲਿਆ ਅਤੇ ਬੰਦੇ ਅੱਗੇ ਲਿਆ ਰੱਖਿਆ, ਜੋ ਉਸ ਨੇ ਇੱਕੋ ਜਿਹਾ ਸਭ ਨੂੰ ਵਰਤਾ ਦਿੱਤਾ। ਆਪ ਕੁਛ ਨ ਰੱਖਿਆ। ਏਸ ਗੱਲੋਂ ਸਿੱਖ ਅਰ ਧਾੜਵੀ ਖ਼ੁਸ਼ ਹੋ ਕੇ ਮਰਨ ਮਾਰਨ ਨੂੰ ਤਿਆਰ ਹੋ ਬੈਠੇ। ਸਗਨ ਚੰਗਾ ਹੋਇਆ। ਪਹਿਲੇ ਫਤੇ ਪਾਈ ਸਿੱਖਾਂ ਦੇ ਦਿਲ ਵਧ ਗਏ।

ਭਾਵੇਂ ਕੈਂਥਲ ਦੇ ਹਾਕਮ ਨੇ ਪਿੱਛਾ ਤਾਂ ਕੀਤਾ, ਪਰ ਕੁਝ ਪੇਸ਼ ਨਾ ਗਈ, ਸਗੋਂ ਕਈ ਘੋੜੇ ਤੇ ਆਦਮੀ ਦੇ ਆਇਆ। ਉਸ ਸਮੇਂ ਕੈਂਥਲ, ਸਨਾਮ, ਹਿਸਾਰ, ਸ਼ਾਹਬਾਦ ਆਦਿਕ ਨਗਰਾਂ ਵਿੱਚ ਆਮਲ ਰਿਹਾ ਕਰਦੇ ਸੇ ਜੋ ਅੱਜ ਕੱਲ੍ਹ ਦੇ ਕਮਿਸ਼ਨਰਾਂ ਦੇ ਬਰਾਬਰ ਤਾਕਤ ਰੱਖਦੇ ਸੇ ਔਰ ਸੂਬੇ ਦੇ ਤਾਬੇ ਹੁੰਦੇ ਸੇ। ਓਨ੍ਹਾਂ ਦੇ ਹੇਠਾਂ ਇੱਕ ਫੌਜਦਾਰ ਤੇ ਆਮਲ ਹੁੰਦਾ। ਉਸ ਦੇ ਤਾਬੇ ਕਈ ਚੌਧਰੀ ਥਾਪੇ ਹੋਏ ਸੇ। ਓਹੋ ਮਾਮਲਾ ਉਗਰਾਹੁੰਦੇ ਚੋਰਾਂ ਧਾੜਵੀਆਂ ਤੇ ਰਾਜ ਦਰੋਹੀ ਪੁਰਖਾਂ ਦਾ ਬੰਦੋਬਸਤ ਕਰਦੇ ਰਹਿੰਦੇ। ਭਾਵੇਂ ਸੂਬੇ ਸਰਹੰਦ ਦੇ ਪਾਸ ਬੰਦੇ ਦੀ ਆਮਦ ਦੇ ਹਾਲ ਦੀਆਂ ਰੀਪੋਟਾਂ ਭੀ ਪਹੁੰਚ ਚੁੱਕੀਆਂ ਸਨ; ਪਰ ਸੂਬੇ ਨੇ ਕੁਛ ਨਾ ਗਉਲੀ। ਏਧਰ ਜਦ ਚੌਧਰੀਆਂ ਨੇ ਕੈਂਥਲ ਦੇ ਹਾਕਮ ਪਾਸ ਖ਼ਜ਼ਾਨਾ ਲੁਟੇ ਜਾਣ ਦੀ ਰਪੋਟ ਕੀਤੀ ਓਹ ਆਪਣੇ ਇਲਾਕੇ ਦੇ ਪਿੰਡਾਂ ਵਿੱਚੋਂ ਘਰ ਘਰ ਦਾ ਇੱਕ ਇੱਕ ਆਦਮੀ ਗਾਂਢਵੀਂ ਫੌਜ ਬਣਾ ਕੇ ਬੰਦੇ ਨੂੰ ਸਜ਼ਾ ਦੇਣ ਵਾਸਤੇ ਕੈਂਥਲੋਂ ਚੜ੍ਹਿਆ। ਅੱਗੋਂ ਸਿੰਘ ਤੇ ਬੰਦਾ ਹੋਰ ਧਾੜਵੀ ਬਹਾਦਰ ਜਿਊਣੇ ਮੌੜ ਜਹੇ ਏਸ ਜੰਗ ਦਰਿਆ ਦੇ ਮੱਛ ਕਦੋਂ ਝਿੱਸੀ ਖਾਂਦੇ ਸੇ। ਮੈਦਾਨ ਵਿੱਚ ਮੁਕਾਬਲਾ ਕਰ ਕੇ ਜਬ ਓਨ੍ਹਾਂ ਦੀ ਗਿਣਤੀ ਤੇ ਹਿੰਮਤ ਅਧਕ ਦੇਖੀ, ਤਾਂ ਪਾਸ ਹੀ ਜੋ ਸੰਘਣਾ ਬਣ ਸੀ, ਸਿੰਘਾਂ ਨੂੰ ਲੈ ਕੇ ਓਸ ਵਿੱਚ ਬੰਦਾ ਵੜ ਗਿਆ। ਸਿੰਘ ਤਾਂ ਪੈਦਲ ਬਣ ਵਿੱਚ ਚੰਗੇ ਲੜਦੇ ਰਹੇ, ਸ਼ਾਹੀ ਸਾਰੀ ਫੌਜ ਬਣ ਵਿੱਚ ਘੁਸ ਨਾ ਸਕੀ। ਜਦ ਓਹ ਭੀ ਪੈਦਲ ਹੋ ਕੇ ਓਸੇ ਵਿੱਚ ਵੜੇ ਤਾਂ ਸਿੰਘਾਂ ਨੇ ਹੱਲਾ ਕਰ ਕੇ ਪੰਜਾਹ ਕੁ ਨੂੰ ਮੁਕਤੀ ਦਾ ਫ਼ਲ ਖੁਵਾ ਕੇ ਸੁਲਾ ਦਿੱਤਾ ਤੇ ਘੋੜੇ ਆਪ ਸਾਂਭ ਲੀਤੇ। ਫੇਰ ਤਾਂ ਐਡੇ ਹੌਂਸਲੇ ਵਧੇ ਕਿ ਆਮਲ ਨੂੰ ਤੁੱਛ ਸਮਝ ਕੇ ਓਸ ਦੇ ਗਲ ਜਾ ਪਏ। ਓਹ ਭੀ ਜਾਨ ਲੈ ਕੇ ਹਰਨ ਸਿੰਘ ਹੋ ਗਿਆ। ਗਾਂਢਵੀਂ ਧਾੜ ਤਾਂ ਓਸੇ ਘੜੀ ਆਪਣੇ ਆਪਣੇ ਘਰਾਂ ਨੂੰ ਨੱਠ ਗਈ, ਫਤੇ ਬੰਦੇ ਦੀ ਹੋਈ।

## ੧੨. ਬੰਦੇ ਨੇ ਸਮਾਣੇ ਦਾ ਮਾਰਨਾ

ਏਧਰ ਜੱਥਾ ਦਿਨ ਦੂਣਾ ਰਾਤ ਚੌਗੁਨਾ ਵਧਦਾ ਗਿਆ ਤੇ ਤੁਰਕਾਂ ਦਾ ਤੇਜ ਦਬਾ ਦਬ ਘਟਦਾ ਗਿਆ। ਸਿੰਘਾਂ ਨੇ ਬੰਦੇ ਸਾਥ ਹੋ ਕੇ ਅਨੇਕ ਪਿੰਡ ਮੁਸਲਮਾਨਾਂ ਦੇ ਲੁੱਟ ਪੁੱਟ ਕੇ ਆਪਣੀ ਤਾਕਤ ਵਧਾ ਲੀਤੀ ਸੀ। ਸਾਰੇ ਪੰਜਾਬੀ ਸ਼ਹਿਰਾਂ ਦੇ ਸ਼ਿਰੋਮਣੀ ਧਨ ਵਾਲੇ ਸ਼ਹਿਰ ਸਮਾਣੇ ਨੂੰ ਲੁਟਣ ਲਈ ਉੱਛਲ ਰਹੇ ਸਨ ਬਲਕਿ ਕਚੀਚੀਆਂ ਲੈ ਲੈ ਆਖਦੇ ਸੇ, ਭੈਂਸ ਦਾ ਮੂੰਹ ਡੇਹਰ ਤੋਂ ਲੁਟੇਰੇ ਦਾ ਸ਼ਹਿਰ ਤੋਂ ਡਰਦਾ ਹੈ। ਫੇਰ ਏਸੇ ਸ਼ਹਿਰ ਜੇਡਾ ਧਨੀ ਹੋਰ ਕੋਈ ਓਦੋਂ ਸ਼ਹਿਰ ਨਹੀਂ ਸੀ ਕਿਉਂਕਿ ਏਥੋਂ ਦੇ ਬੜੇ ਬੜੇ ਅਮੀਰ ਉਮਰਾਉ ਬਾਦਸ਼ਾਹੀ ਹੋ ਚੁੱਕੇ ਸੇ, ਜਿਨ੍ਹਾਂ ਨੂੰ ਬਾਦਸ਼ਾਹ ਨੇ ਪਾਲਕੀ ਵਿੱਚ ਚੜ੍ਹ ਕੇ ਕਚਹਿਰੀ ਵਿੱਚ ਆਉਣ ਦਾ ਹੁਕਮ ਦਿੱਤਾ ਹੋਇਆ ਸੀ। ਓਹ ਬਾਈ ਅਮੀਰ ਏਥੇ ਵਸਦੇ ਸੀ। ਬੜੇ ਬੜੇ ਮਹਿਲ ਬਾਦਸ਼ਾਹ ਜੈਸੇ ਓਨ੍ਹਾਂ ਦੇ ਸੇ ਨਾਲੇ ਇਹ ਸਮਾਣਾ ਚਾਰ ਦਸਤੂਰਾਂ ਵਿੱਚੋਂ ਸੀ:

(੧) ਹਵੇਲੀ (੨) ਤਿਹਾੜਾ (੩) ਥਨੇਸਰ (੪) ਸਮਾਣਾ।

ਫੇਰ ਇੱਕ ਇੱਕ ਦਸਤੂਰ ਦੇ ਤਾਬੇ ਨੌਂ ਨੌਂ ਪਰਗਨੇ ਸੇ। ਸਭ ਦੀ ਦੌਲਤ ਏਸੇ ਥਾਂ ਆਇਆ ਕਰਦੀ ਸੀ। ਪਿੰਡਾਂ ਵਿੱਚ ਤਾਂ ਮੁਸਲਮਾਨਾਂ ਨੇ ਓਦੋਂ ਮਿੱਟੀ ਦੇ ਤਵੇ ਚੜ੍ਹਾ ਛਡੇ ਸੇ। ਆਮਲਾਂ ਦੀਆਂ ਸਖ਼ਤੀਆਂ, ਕਾਨੂਗੋਆਂ ਦੀਆਂ ਰਿਸ਼ਵਤਾਂ, ਧਾੜਵੀਆਂ ਦੀਆਂ ਲੁਟਾਂ ਪੁਟਾਂ ਜ਼ਿਮੀਂਦਾਰਾਂ ਪਰ ਹਮੇਸ਼ਾ ਬਣੀਆਂ ਰਹਿੰਦੀਆਂ ਸਨ, ਜਿਸ ਤੋਂ ਓਹ ਵਿਚਾਰੇ ਹਰ ਵੇਲੇ ਰੋਂਦੇ ਹੋਏ ਏਹੋ ਆਖਦੇ ਰਹਿੰਦੇ ਸੇ, ਹੇ ਪ੍ਰਮੇਸ਼੍ਵਰ! ਏਨ੍ਹਾਂ ਜ਼ਾਲਮਾਂ ਮੁਸਲਮਾਨਾਂ ਦਾ ਨਾਸ ਕਰ। ਭਾਵੇਂ ਮੁਸਲਮਾਨਾਂ ਨੇ ਬੰਦੇ ਦਾ ਢਿਮਢਾਣਾਂ ਸੁਣ ਭੀ ਰੱਖਿਆ ਸੀ, ਪਰ ਹੰਕਾਰ ਨੇ ਕੁਛ ਨਾ ਸੋਚਣ ਦਿੱਤਾ। ਆਪਣੇ ਸ਼ਹਿਰ ਦੀ ਵਡਾਈ ਤਕੜਾਈ ਦੇ ਭਰੋਸੇ ਆਕੜੇ ਰਹੇ। ਕੋਈ ਬਚਾਉ ਨਾ ਕੀਤਾ। ਸਿੱਖਾਂ ਨੂੰ ਤੇ ਡਕੈਤਾਂ ਨੂੰ ਤੁੱਛ ਹੀ ਮੰਨੀ ਰੱਖਿਆ। (ਜੁਲਾਹੇ ਦੇ ਗੋਲੀ ਲਗਣ ਵਾਂਗੂੰ) ਬੰਦੇ ਦੇ ਹੱਲੇ ਨੂੰ ਝੂਠ ਹੀ ਸਮਝਦੇ ਰਹੇ। ਤਦੇ ਹੀ ਅੱਖਾਂ ਖੁੱਲ੍ਹੀਆਂ ਜਦ ਅਨੇਕ ਪਿੰਡਾਂ ਨੂੰ ਲੁੱਟ ਪੁੱਟ ਕੇ ਦਸ ਕੋਹ ਤੋਂ ਧਾਵੇ ਕਰ ਕੇ ਸੰਕੇਤੀ ਦਿਨ ਦੇ ਵੱਡੇ ਤੜਕੇ ਸਮਾਣੇ ਦੇ ਟਿੱਬਿਆਂ ਪਰ ਲਸ਼ਕਰ ਨੇ ਆ ਦਖਾਲੀ ਦਿੱਤੀ ਤੇ ਹੱਲਾ ਕਰ ਕੇ ਸਿੰਘ ਧਾੜਵੀ ਅੰਧਾ ਧੁੰਦ ਅਚਨਚੇਤ ਬਿਜਲੀ ਵਾਂਗ ਸ਼ਹਿਰ ਵਿੱਚ ਆ ਧਸੇ। ਗਲੀ ਗਲੀ, ਘਰ ਘਰ ਵਿੱਚ ਤੋਬਾ! ਤੋਬਾ! ਹਾਏ! ਹਾਏ! ਦੀ ਪੁਕਾਰ ਪੈ ਗਈ। ਘਟਾ ਘਟ ਤਲਵਾਰਾਂ ਨੇਜ਼ੇ ਬਰਛੀਆਂ ਤੀਰ ਬੰਦੂਕਾਂ ਨੇ ਮਾਰ ਮਾਰ ਕੇ ਲੋਥਾਂ ਦੇ ਅੰਬਾਰ ਲਾ ਦਿੱਤੇ। ਲਹੂ ਦੇ ਝਲਾਰ ਵਗ ਤੁਰੇ। ਜੇ ਕੋਈ ਘਰ ਬਾਰ ਧਨ ਛੱਡ ਕੇ ਨੱਸ ਗਿਆ, ਯਾ ਬੋਦੀ ਜਨੇਊ ਦਖਾ ਕੇ ਪੈਰੀ ਡਿਗ ਪਿਆ ਓਸ ਦੀ ਜਾਨ ਬਚੀ ਬਾਕੀ ਸਭ ਮੌਤ ਦੇ ਸ਼ਕੰਜੇ ਚੜ੍ਹਾਏ ਗਏ, ਤਲਵਾਰਾਂ ਕਟਾਰਾਂ ਦੀਆਂ ਚੋਕਾਂ ਦੇ ਦੇ ਲੁਟੇਰਿਆਂ ਨੇ ਦੌਲਤ ਕਢਾ ਲਈ, ਭਾਜੜਾਂ ਪੈ ਗਈਆਂ, ਜਿਧਰ ਕਿਸੇ ਦਾ ਮੂੰਹ ਹੋਇਆ ਦੌੜ ਗਿਆ। ਸੂਰਜ ਚੜੇ ਫਿਰ ਜਿਉਂ ਜਿਉਂ ਪਿੰਡਾਂ ਵਿੱਚ ਖਬਰਾਂ ਪੁਜੀਆਂ, ਲੁਟੇਰੇ ਲੋਗ ਪਿੰਡਾਂ ਵਿੱਚੋਂ ਬੇਸ਼ੁਮਾਰ ਆ ਗਏ। ਬੜੇ ਬੜੇ ਅਮੀਰ ਜੋ ਆਪਣੇ ਆਪਣੇ ਮਹਿਲਾਂ ਵਿੱਚ ਆਕੀ ਹੋ ਰਹੇ ਸੇ, ਪਲੋ ਪਲੀ ਵਿੱਚ ਲੁਟੇਰਿਆਂ ਨੇ ਹਵੇਲੀਆਂ ਨੂੰ ਅੱਗ ਲਗਾ ਦਿੱਤੀ ਜਿਸ ਕਰ ਕੇ ਓਨ੍ਹਾਂ ਨੂੰ ਭੀ ਭੱਜਣਾ ਪਿਆ ਅਰ ਅਨੇਕ ਤਾਂ ਮੂੰਹ ਵਿੱਚ ਘਾਹ ਲੈ ਕੇ ਸਿੱਖਾਂ ਦੇ ਪੈਰੀਂ ਆ ਪਏ, ਸੋ ਬਚੇ।

ਓਸ ਅਤੀ ਬਿਪਤਾ ਵਿੱਚ ਸੈਂਕੜੇ ਇਸਤ੍ਰੀਆਂ ਖੂਹਾਂ ਵਿੱਚ ਹਵੇਲੀਆਂ ਉੱਤੋਂ ਡਿੱਗ ਡਿੱਗ ਕੇ ਯਾ ਕਟਾਰੀਆਂ ਖਾ ਕੇ ਮਰ ਗਈਆਂ। ਬਹੁਤੀਆਂ ਜਾਨ ਦੇ ਬਚਾਉ ਵਾਸਤੇ ਦੌੜ ਗਈਆਂ। ਯਥਾ: (ਪੰਥ ਪ੍ਰਕਾਸ਼)

ਹਾਕਲ ਛੰਦ:
ਸਯਦਾਨੀ ਤੇ ਮੁਗਲਾਨੀ। ਸੇਖਾਨੀ ਔਰ ਬਨਿਆਨੀ।
ਬ੍ਰਹਿਮਾਨੀ ਬਹੁ ਖਤਰਾਨੀ। ਹਿੰਦੁਵਾਨੀ ਅਧਕ ਪਠਾਨੀ।
ਜਿਨ ਦੁਤੀ ਪੁਰਖ ਨਾ ਹੇਰਾ। ਪੜਦੇ ਮੈਂ ਪਲੀ ਬਧੇਰਾ।
ਪਗ ਧਰ ਪਰ ਕਦੇ ਨਾ ਲਾਯਾ। ਗਾਦੈਲਾ ਪਲੰਘ ਹੰਢਾਯਾ।

ਤਨ ਫ਼ੁੱਲ ਗੁਲਾਬ ਸਮਾਨੈ। ਅਤਿ ਕੌਮ ਕੰਜ ਦਿਖਾਨੈ।
ਨਿਜ ਘਰ ਦਰ ਲੌ ਨਹਿ ਚਾਲੀ। ਸੋ ਭਾਗੀ ਜਾਤ ਨਿਰਾਲੀ।
ਪਗ ਸਿਰ ਤੈ ਨੰਗੀ ਜੈਹੈ। ਨਿਜ ਜਾਨ ਬਚਾਵਨ ਚੈ ਹੈ।
ਇਕਲੀ ਬਨ ਮੈਂ ਬਿਲਲਾਤੀ। ਬੌਰੀ ਸੀ ਦੌਰੀ ਜਾਤੀ।
ਜਬ ਹਲ ਹਲ ਡੌਰੀ ਲਾਗੇ। ਵਹਿ ਚੌਕ ਚੌਕ ਬਹੁ ਭਾਗੇ।
ਸਜਿ ਬਦਨੀ ਗਤ ਮਦ ਕਦਨੀ। ਅਦਨੀ ਸੀ ਭਜਤ ਬਿਹਦਨੀ।
ਮ੍ਰਿਗਨੈਨੀ ਸੁਕ ਪਿਕ ਬੈਨੀ। ਗਜ ਗਾਮਨਿ ਭਾਮਨਿ ਐਨੀ।
ਬਾਰਨ ਕੇ ਭਾਰਨ ਤੈ ਹੈ। ਲੱਕ ਲਚਕਤ ਮਚਕਤ ਜੈ ਹੈ।
ਜੋ ਮਿਹਰੀ ਦਿਹਰੀ ਚਢਤੀ। ਤਿਹਰੀ ਹ੍ਵੈ ਚੌਹਰੀ ਪਡਤੀ।
ਨਵ ਜੋਬਨਿ ਜੋਬਨ ਜੋਬਨ। ਰੋਵਨ ਸੰਗ ਹੋਵਨ ਕੋਵਨ।
ਰੰਭਾ ਸੀ ਨਾਰਿ ਹਜਾਰੈਂ। ਬਹੁ ਏਕਲਿ ਫਿਰਤ ਉਜਾਰੈਂ।
ਘਰ ਤਜ ਕੇ ਲੋਗ ਲੁਗਾਈ। ਤਿਤ ਭਾਗੇ ਜਿਤ ਮਨ ਆਈ।
ਨਹਿ ਤੀਆ ਧੀਆ ਪਾਈ। ਨਹਿ ਪੂਤ ਉਠਾਯੋ ਮਾਈ।
ਇਮ ਸਿੰਘਨ ਕੇ ਵਰਤੈ ਹੈ। ਸਭ ਜਨ ਬਨ ਭਾਗੇ ਜੈ ਹੈ।
ਸਿਰ ਤੁਰਕਨ ਕਹਿਰ ਸਿਤਾਨਾ। ਜਬ ਲੂਟਿਓ ਸ਼ਹਿਰ ਸਮਾਨਾ।
ਬਹੁ ਲੂਟ ਕਤਲ ਅਸ ਹੋਈ। ਦਿਨ ਤੀਨ ਬਚਿਓ ਨਹਿ ਕੋਈ।
ਲੋਥਨ ਪਰ ਲੋਥ ਚਢਾਈ। ਬੀਥਨ ਮੈ ਪਰੀ ਰਹਾਈ।
ਤਜ ਕੈਹਰ ਕੈਹਰ ਸਾਨੀ। ਸਭ ਗਈ ਭਾਗ ਤੁਰਕਾਨੀ।

ਦੋਹਿਰਾ: ਬਿਨ ਲੂਟੇ ਕੋ ਤਜਯੋ ਨਹਿ ਬਜਯੋ ਸਾਰ ਸੈ ਸਾਰ।
ਬਾਬੇ ਬੰਦੇ ਸਿੰਘਨ ਇਮ ਲਯੋ ਸਮਾਣਾ ਮਾਰ।

ਕਯੋਂ ਨਾ ਐਸੀ ਦੁਰਦਸ਼ਾ ਸਮਾਣੇ ਦੇ ਵਸਨੀਕਾਂ ਦੀ ਹੋਵੇ, ਜਿਨ੍ਹਾਂ ਮਦ ਮੱਤੇ ਕੁਪੱਤੇ ਮੁਸਲਯਾਂ ਨੇ ਸਾਰੇ ਦੇਸ਼ ਵਿੱਚ ਕਿਸੇ ਹਿੰਦੂ ਦੀ ਬਹੂ ਬੇਟੀ ਦਾ ਸਤ ਤੋੜੇ ਬਿਨਾਂ ਨਹੀਂ ਛੱਡਿਆ ਸੀ ਅਤੇ ਹਿੰਦੂਆਂ ਉੱਤੇ ਜ਼ੁਲਮ ਅਤੁਲਮ ਤਾਂ ਕਰ ਹੀ ਰਹੇ ਸੇ, ਸ੍ਰੀ ਗੁਰੂ ਤੇਗ ਬਹਾਦਰ ਜੈਸੇ ਜਗਤ ਗੁਰੂ ਸ਼ਾਂਤਿਮਈ ਬੇਗ਼ੁਨਾਹਾਂ ਉੱਤੇ ਏਸੇ ਸ਼ਹਿਰ ਦੇ ਸੱਯਦ ਜਲਾਲਦੀਨ ਨੇ ਤੇਗ਼ ਵਾਹੀ ਸੀ।

ਸਮਾਣੇ ਦਾ ਮਾਰਨਾ ਸੁਣ ਸੁਣ ਕੇ ਵੀਹ ਵੀਹ, ਤੀਹ ਤੀਹ ਕੋਹ ਤੋਂ ਲੁਟੇਰੀ ਖਲਕਤ ਚਲੀ ਆਈ। ਬੜੀ ਬੇਤਰਸੀ ਨਾਲ ਮਾਰ ਕੁੱਟ ਕੇ ਪੁਸ਼ਤਾਂ ਦੇ ਪ੍ਰਸ਼ਾਦੇ ਲੈ ਗਏ। ਮੜਲ ਗੋਤੇ ਮੁਗਲਾਂ ਜੈਸੇ ਬੜੇ ਬੜੇ ਅਮੀਰ ਭਾਵੇਂ ਆਪੋ ਆਪਣੀਆਂ ਹਵੇਲੀਆਂ ਤੇ ਗੜ੍ਹੀਆਂ ਵਿੱਚ ਆਕੀ ਹੋ ਬੈਠੇ ਸੇ, ਪਰ ਕੋਈ ਅਛੂਤ ਨਾ ਰਹਿਣਾ ਪਾਇਆ। ਜਿਨ੍ਹਾਂ ਜਿਨ੍ਹਾਂ ਸਰਦਾਰਾਂ ਫੌਜਦਾਰਾਂ ਵਕੀਲਾਂ ਨੇ ਦਸਮੇ ਗੁਰੂ ਜੀ ਨਾਲ ਅਨੰਦਪੁਰ ਛੁਡਾਉਣ ਵੇਲੇ ਛਲ ਵਲ ਕੀਤੇ ਸੇ, ਓਨ੍ਹਾਂ ਦੇ ਟੱਬਰਾਂ ਦਾ ਤਾਂ ਸਿੰਘਾਂ ਨੇ ਭੇਤੀਆਂ ਤੋਂ ਭੇਤ ਲੈ ਕੇ ਖੁਰਾ ਖੋਜ ਨਾ ਛੱਡਿਆ। ਓਸੇ ਸਾਲ ਦੇ ਉਜੜੇ ਹੋਏ ਸਮਾਣੇ ਦੇ ਹੁਣ ਤਕ ਖੋਲੇ ਪਏ ਹਨ।

## ੧੩. ਚੁਗਲ ਫੜੇ

ਤਿੰਨ ਦਿਨ ਪਿੱਛੋਂ ਬਾਬੇ ਬੰਦੇ ਨੇ ਲੁੱਟ ਮਾਰ ਬੰਦ ਕਰਾ ਕੇ ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਪਾਸ ਜਾ ਡੇਰਾ ਕੀਤਾ। ਤੰਬੂ ਕਨਾਤਾਂ ਦਰੀਆਂ ਵਗੈਰਾ ਸਾਮਾਨ ਬੇਸ਼ੁਮਾਰ ਓਥੇ ਦੇਖ ਕੇ ਚੰਗਾ ਚੰਗਾ ਸਾਥ ਲੈ ਜਾਣ ਵਾਸਤੇ ਗੱਡੇ ਲਦਾ ਲੀਤੇ। ਦਾਰੂ ਸਿੱਕਾ ਹਥਜਾਰ ਹਰ ਪ੍ਰਕਾਰ ਦੇ ਅਮੀਰਾਂ ਦੇ ਘਰਾਂ ਵਿੱਚੋਂ ਮਨ ਭਾਉਂਦੇ ਸਿੰਘ ਤੇ ਧਾੜਵੀਆਂ ਨੇ ਉਠਾ ਲੀਤੇ। ਏਸ ਸਮੇਂ ਵਜੀਦ ਖਾਂ ਸੂਬੇ ਦੇ ਚਾਰ ਚੁਗਲ ਭੇਤ ਲੈਣ ਆਏ ਫੜੇ ਹੋਏ ਆਏ। ਨੀਤਿ ਨਿਪੁਨ ਬੰਦੇ ਨੇ ਓਨ੍ਹਾਂ ਨੂੰ ਛਿਤ੍ਰਾਂ ਦੀ ਮਾਰ ਕਰਾ ਕੇ ਦੋ ਇੱਕ ਚਲਾਕਾਂ ਦੇ ਨੱਕ ਕੰਨ ਕਟਾ ਕੇ ਛੱਡ ਦਿੱਤੇ ਅਤੇ ਸੁਨੇਹਾ ਦਿੱਤਾ ਵਜੀਦੇ ਨੂੰ

ਕਹਿਣਾ, ਖਾਲਸੇ ਦੀ ਸ਼ਰਨ ਲੈ ਲਵੇ, ਨਹੀਂ ਤਾਂ ਏਹੋ ਹਾਲ ਯਾ ਏਦੂੰ ਭੀ ਅਧਕ ਸਰਹੰਦ ਦਾ ਹੋਵੇਗਾ।

ਹੁਣ ਸਮਾਣੇ ਨੂੰ ਸਰਕਾਰ ਅਠ ਦਿਨ ਓਸੇ ਥਾਂ ਮੁਕਾਮ ਰੱਖਿਆ ਮਨ ਭਾਏ ਗੀਤ ਗਾਏ, ਗੁਰਦੁਆਰੇ ਪ੍ਰਸ਼ਾਦ ਕਰਾਏ, ਧਾੜਵੀ ਲੋਕਾਂ ਦੌਲਤ ਜੋ ਲੁਟੀ ਸੀ, ਆਪਣੇ ਆਪਣੇ ਘਰੀਂ ਛਡਣ ਚਲੇ ਗਏ। ਮੁੜ ਪੰਜ ਪੰਜ ਸਤ ਸਤ ਜਵਾਨਾਂ ਨੂੰ ਸਾਥ ਲੈ ਆਏ, ਜਿਸ ਕਰ ਕੇ ਫੇਰ ਤਾਂ ਬੰਦੇ ਨਾਲ ਬੜਾ ਭਾਰੀ ਢਿੰਮਢਾਣਾਂ ਹੋ ਗਿਆ, ਜਿਸ ਨੂੰ ਵੇਖ ਵੇਖ ਸਿੰਘ ਤੇ ਬਾਬਾ ਬੰਦਾ ਬਹੁਤ ਖ਼ੁਸ਼ ਹੋ ਰਹੇ ਸਨ। ਚੁਗਲਾਂ ਨੇ ਸਰਹੰਦ ਪੁੱਜ ਕੇ ਜਦ ਸਾਰਾ ਹਾਲ ਸਮਾਣੇ ਦਾ ਤੇ ਲੁਟੇਰੇ ਲਸ਼ਕਰ ਦਾ ਵਜੀਦ ਖਾਂ ਨੂੰ ਸੁਣਾਯਾ ਤਾਂ ਬਹੁਤ ਤੜਫਿਆ। ਮਨ ਵਿੱਚ ਬਹੁਤ ਝੁਰਿਆ।

## ੧੪. ਮਝੈਲਾਂ ਦੀ ਰੁਕਾਵਟ

ਓਧਰ ਮਝੈਲ ਸਿੰਘ ਜੋ ਵਸ਼ੇਸ਼ ਕਲੇਸ਼ ਝੱਲ ਕੇ ਤੁਰਕਾਂ ਤੋਂ ਚੋਰੀ ਛਪੇ ਪਹਾੜਾਂ ਦੇ ਰਸਤੇ ਹੁੰਦੇ ਹੋਏ ਕੀਰਤਪੁਰ ਠਹਿਰ ਰਹੇ ਸੇ, ਓਨ੍ਹਾਂ ਦੇ ਰੋਕਣ ਵਾਸਤੇ ਰੋਪੜੀਏ, ਬਹਿਲੋਲਪੁਰੀਏ, ਕੋਟ ਬਸੀਆਂ ਦੇ, ਜਾਗੀਰਦਾਰਾਂ ਚੌਧਰੀਆਂ ਨੂੰ ਹੁਕਮ ਲਿਖ ਭੇਜਿਆ ਕਿ ਤੁਸੀਂ ਏਨ੍ਹਾਂ ਸਿੰਘਾਂ ਨੂੰ ਜੋ ਕੀਰਤਪੁਰ 'ਕੱਠੇ ਹੋ ਰਹੇ ਹਨ, ਬੰਦੇ ਵੰਨੀ ਨਾ ਆਉਣ ਦੇਣਾ। ਓਧਰੇ ਮਾਰ ਮੁਕਾਓ। ਏਸੇ ਹੁਕਮ ਅਨੁਸਾਰ ਓਨ੍ਹਾਂ ਨੇ ਆਪਣੇ ਆਪਣੇ ਪਰਗਣੇ ਦੇ ਮੁਸਲਮਾਨ ਬਹੁਤ ਸਾਰੇ 'ਕੱਠੇ ਕਰ ਕੇ ਮਝੈਲਾਂ ਦੇ ਰਾਹ ਰੋਕ ਛੱਡੇ ਸਨ। ਭਾਵੇਂ ਓਨ੍ਹਾਂ ਸਿੰਘਾਂ ਦੇ ਖਾਨ ਪਾਨ ਦੀ ਸੇਵਾ ਕੀਰਤਪੁਰੀਏ ਅਰੋੜੇ ਸਿੰਘ ਕਸ਼ੋਰਾ ਸਿੰਘ ਪਸ਼ੋਰਾ ਸਿੰਘ, ਰਾਮ ਸਿੰਘ ਵਗੈਰ ਜੋ ਕਈ ਟਾਂਡਿਆਂ ਦੇ ਨਾਇਕ ਧਨੀ ਸੇ; ਕਰਦੇ ਰਹੇ, ਪਰ ਸਮਾਣੇ ਦੀ ਲੁੱਟ ਮਝੈਲਾਂ ਦੀ ਛਾਤੀ ਵਿੱਚ ਰੜਕਦੀ ਸੀ।

## ੧੫. ਲਸ਼ਕਰ ਦੇਖਣਾ ਤੇ ਘੁੜਾਮ ਮਾਰਨੀ

ਏਧਰ ਬਾਬੇ ਬੰਦੇ ਨੇ ਪ੍ਰਧਾਨ ਮਲ ਜਿੱਤਣ ਵਾਂਗੂੰ; ਜਦ ਸਮਾਨਾ ਜੋ ਕਦੀ ਕਿਸੇ ਨੇ ਲੁੱਟਿਆ ਮਾਰਿਆ ਨਹੀਂ ਸੀ, ਲੁੱਟ ਮਾਰ ਲੀਤਾ ਤੇ ਸਿੰਘ ਜੋ ਦੌਲਤ ਲੁੱਟ ਦੀ ਘਰੀਂ ਛੱਡਣ ਆਏ ਸਨ, ਓਹ ਭੀ ਮੁੜ ਕੇ ਆ ਗਏ ਤਾਂ ਬੰਦੇ ਨੇ ਆਪਣਾ ਫੈਸ਼ਨ ਬਦਲ ਕੇ ਸਾਰੇ ਲਸ਼ਕਰ ਦਾ ਅਲੀਮਾ ਲੀਤਾ ਅਤੇ ਆਪ ਜ਼ਿਰਾ ਬਖਤ੍ਰ ਜਿਗਾ ਕਲਗੀ ਬਾਦਸ਼ਾਹੀ ਲਿਬਾਸ ਪੈਹਨ ਕੇ ਇੱਕ ਉੱਚੀ ਜਗ੍ਹਾ ਬੈਠਾ ਦੇਖਦਾ ਰਿਹਾ। ਜਦ ਦੇਖਿਆ ਕਿ ਮੇਰਾ ਲਸ਼ਕਰ ਠੀਕ ਮੇਰੇ ਮਨ ਦੀ ਇੱਛਯਾ ਅਨੁਸਾਰ ਕੰਮ ਕਰਨੇ ਨੂੰ ਤਿਆਰ ਹੈ, ਤਾਂ ਬੰਦੇ ਨੇ ਘੁੜਾਮ ਵੰਨੀ ਰੁਖ ਕੀਤਾ। ਸਾਰਾ ਲਸ਼ਕਰ ਪਿਛੇ ਲੱਗ ਤੁਰਿਆ। ਪਲੋਪਲੀ ਵਿੱਚ ਓਥੋਂ ਦੇ ਪਠਾਣਾਂ ਨੇ ਸੁਣ ਕੇ ਮੁਕਾਬਲੇ ਦੀ ਤਿਆਰੀ ਕਰ ਲੀਤੀ। ਭਾਵੇਂ ਘੁੜਾਮ ਦੇ ਪਠਾਣ ਬੜੇ ਭਾਰੇ ਸੂਰਬੀਰ ਉਜਾਗਰ ਸਨ। ਬਾਹਰ ਨਿੱਕਲ ਕੇ ਅੱਗੋਂ ਠੂਹਠਾਹ ਭੀ ਕੀਤੀ, ਪਰ ਸਿੰਘਾਂ ਦਾ ਹੱਲਾ ਅੱਲਾ ਦਾ ਕਹਿਰ ਕੌਣ ਝੱਲੇ? ਵੀਹ ਕੁ ਆਦਮੀਆਂ ਨੂੰ ਮਰਵਾ ਕੇ ਨੱਠ ਉੱਠੇ। ਫੇਰ ਤਾਂ ਘਰਾਂ ਵਿੱਚੋਂ ਵੀ ਸਿੰਘਾਂ ਨੇ ਜਾ ਫੜ ਬਾਂਛਿਤ ਸ਼ਿਕਾਰ ਮਾਰ ਲੀਤਾ। ਚੰਗੇ ਘੋੜੇ ਘੋੜੀਆਂ ਸਿੰਘਾਂ ਨੇ, ਤੇ ਭੈਂਸੇ ਗਊਆਂ ਲੁਟੇਰਿਆਂ ਨੇ ਹੱਕ ਲਈਆਂ। ਗਊ ਮਹੀਆਂ ਬੰਦੇ ਨੇ ਮੁੜਾਇ ਦਿੱਤੀਆਂ ਹੋਰ ਲੁੱਟ ਦਾ ਮਾਲ ਰਹਿਣ ਦਿੱਤਾ।

## ੧੬. ਠਸਕੇ ਦੀ ਲੁੱਟ ਮਾਫ਼ ਕਰਨੀ ਤੇ ਸ਼ਾਹਬਾਦ ਮਾਰਨਾ

ਘੁੜਾਮ ਤੋਂ ਵਾਗ ਉਠਾ ਕੇ ਸਨੌਰ ਦਾ ਚਪੌਲ ਖੇਡਦੇ ਹੀ ਠਸਕਾ ਜਾ ਘੇਰਿਆ। ਮੁਸਲਮਾਨਾਂ ਨੂੰ ਠਸਕੇ ਵਾਲੇ ਪੀਰਾਂ ਉੱਤੇ ਭਾਰੀ ਭਰੋਸਾ ਸੀ ਕਿ ਓਹ ਬੰਦੇ ਨੂੰ ਅਜ਼ਮਤ ਦਿਖਾ ਕੇ ਜ਼ਰੂਰ ਗੰਦਾ ਕਰਨਗੇ। ਪਰ ਬਾਬਾ ਬੰਦਾ ਤਾਂ ਪਹਿਲੇ ਹੀ ਜ਼ਹਿਰੀ ਸਪੋਲੀਆ ਸੀ। ਦਸਮੇਸ਼ ਗੁਰੂ ਜੀ ਦੀ ਬਖ਼ਸ਼ੀਸ਼ ਦੇ ਵਸ਼ੇਸ਼ ਫੰਗ ਲੱਗ ਪਏ। ਹੁਣ ਉਡ ਉਡ ਕੇ ਮਾਰ ਰਿਹਾ ਸੀ। ਬਾਕੀ, ਸਿੰਘਾਂ ਦੀ ਤੇਗ ਅੱਗੇ ਪੀਰੀ ਫ਼ਕੀਰੀ ਸਭ ਛੂਰ ਹੋ ਗਈ। ਪੀਰ ਜਾਫਰ ਅਲੀ ਖਾਂ ਖੁਦ ਥਰਥਰ ਕੰਬਦਾ ਹੋਇਆ ਬੰਦੇ ਅੱਗੇ ਮੂੰਹ ਵਿੱਚ ਘਾਹ ਲੈ ਕੇ ਆ ਖਲੋਤਾ। ਬੰਦੇ ਨੇ ਪੀਰ ਸੈਦ ਭੀਖ ਦੇ ਮਿਲਾਪ ਦਾ ਪ੍ਰਸੰਗ; ਜੋ ਦਸਮੇ ਗੁਰੂ ਜੀ ਪਾਸ ਮਿਠਾਈ ਦੀਆਂ ਤਿੰਨ ਘੜੀਆਂ ਲੈ ਕੇ ਆਇਆ ਸੀ,

ਸੁਣ ਹੀ ਰੱਖਿਆ ਸੀ। ਇੱਕ ਤਾਂ ਓਸ ਕਰ ਕੇ, ਦੂਜੇ ਸ਼ਰਨ ਆਏ ਦੀ ਲਾਜ ਰਖਣ ਵਾਸਤੇ ਬਾਬੇ ਬੰਦੇ ਨੇ ਠਸਕੇ ਦੀ ਲੁੱਟ ਮਾਰ ਮਾਫ਼ ਕਰ ਦਿੱਤੀ।

ਹੁਣ ਵਾਰੀ ਤਾਂ ਭਾਵੇਂ ਥਨੇਸਰ ਦੀ ਸੀ, ਪਰ ਬੰਦਾ ਬੈਰਾਗੀ ਤੀਰਥਾਂ ਨੂੰ ਮੰਨਿਆ ਕਰਦਾ ਸੀ। ਏਸ ਕਰ ਕੇ ਸ਼ਾਹਬਾਦ; ਜਿੱਥੇ ਕਿਲ੍ਹੇ ਵਰਗੀ ਸ਼ਾਹੀ ਸਰਾਂ ਵਿੱਚ ਆਮਲ ਫੌਜਦਾਰ ਤੇ ਸ਼ਹਿਰ ਵਿੱਚ ਸ਼ੇਖ ਸੱਯਦ, ਮੁਗਲ, ਪਠਾਣ, ਬੜੇ ਬੜੇ ਅਮੀਰ ਧਨੀ ਰਿਹਾ ਕਰਦੇ ਸਨ; ਭਾਵੇਂ ਓਹ ਬੜੇ ਗਿਣਤੀ ਦੇ ਜੋਧੇ ਲੜਾਕੇ ਸਨ, ਪਰ ਸਮਾਣੇ ਦੀ ਦੁਰਦਸ਼ਾ ਹੋਈ ਸੁਣ ਕੇ ਸਭ ਥਰ ਥਰ ਕੰਬਦੇ ਸਨ। ਘਰੋਂ ਬਾਹਰ ਹੋ ਕੇ ਕਿਸੇ ਨੇ ਭੀ ਦੋ ਹੱਥ ਨਾ ਕੀਤੇ। ਅੰਦਰ ਬੈਠੇ ਹੀ ਸਿੰਘਾਂ ਨੇ ਜਾ ਨੱਪੇ। ਜਿਸ ਨੇ ਹੱਥ ਉਠਾਯਾ ਸੋ ਦੋ ਧੜ ਬਨਾਯਾ। ਬਾਕੀ ਦੌਲਤ ਸਭ ਦੇ ਘਰਾਂ ਤੋਂ ਕਢਾ ਲੀਤੀ। ਫੌਜਦਾਰ ਜੋ ਸਮਾਣੇ ਦਾ ਹਾਲ ਸੁਣ ਕੇ ਗਿਬਯ ਕਰਦਾ ਸੀ, ਪਲੀਤਾ ਭੀ ਨਾ ਦਾਗਜਾ। ਟੱਬਰ ਸਮੇਤ ਦਿੱਲੀ ਵੰਨੀ ਨੱਠ ਗਿਆ। ਸਿੰਘਾਂ ਨੇ ਜੋ ਕੁਛ ਹੱਥ ਲੱਗਾ ਸੋ ਲੈ ਕੇ ਕੁੰਜਪੁਰੇ ਵੰਨੀ; ਜੋ ਵਜੀਦ ਖਾਂ ਸੂਬੇ ਦਾ ਖ਼ਾਸ ਪਿੰਡ ਸੀ, ਓਧਰ ਨੂੰ ਵਾਗ ਉਠਾ ਲੀਤੀ। ਰਸਤੇ ਵਿੱਚ ਅਨੇਕ ਪਿੰਡ ਮੁਹੰਮਦੀਆਂ ਦੇ ਲੁੱਟ ਖਸੋਟ ਕੇ ਕੁੰਜਪੁਰੇ ਜਾ ਗੱਜੇ। ਓਧਰੋਂ ਵਜੀਦ ਖਾਂ ਨੇ ਆਪਣੇ ਪਿੰਡ ਦੀ ਸਹਾਇਤਾ ਲਈ ਪੰਜ ਸੌ ਸਵਾਰ ਪਜਾਦੇ ਦੋ ਤੋਪਾਂ ਦੇ ਕੇ ਜੋ ਭੇਜੇ ਸਨ। ਓਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਸਿੰਘਾਂ ਨੇ ਕੁੰਜਪੁਰੇ ਨੂੰ ਮੁੰਜ ਦੀ ਤਰ੍ਹਾਂ ਕੁੱਟ ਕੇ ਸੁੰਝ ਬਣਾ ਦਿੱਤਾ ਸੀ। ਜਦ ਸੁਣਿਆ ਕਿ ਸਰਹੰਦ ਤੋਂ ਮਦਦ ਦੋ ਤੋਪਾਂ ਲੈ ਕੇ ਫੌਜ ਆ ਰਹੀ ਹੈ, ਤਾਂ ਸਿੰਘਾਂ ਨੇ ਓਧਰੇ ਧਾਵਾ ਕਰ ਦਿੱਤਾ, ਮੁਸਤਫਾਬਾਦ ਦੇ ਨਜ਼ਦੀਕ ਹੀ ਜਾ ਹੱਥ ਦਿਖਾਏ। ਸਿੰਘਾਂ ਦੀ ਤੇਗ ਦੀ ਤਾਬ ਨਾ ਲਿਆ ਕੇ ਓਹ ਸਰਦਾਰ ਸਿਪਾਹੀ ਭੱਜ ਗਏ। ਤੋਪਾਂ ਵਗੈਰਾ ਸਾਮਾਨ ਸਿੰਘਾਂ ਦੇ ਹੱਥ ਆ ਗਿਆ। ਓਸ ਦਿਨ ਓਥੇ ਹੀ ਡੇਰਾ ਲਾ ਦਿੱਤਾ।

ਓਥੋਂ ਨੇੜੇ ਹੀ ਇੱਕ ਟੇਹਾ ਪਿੰਡ ਸੀ। ਸਹਿਜ ਭਾਵ ਪੰਜ ਸਤ ਸਿੰਘ ਸੈਲ ਕਰਦੇ ਹੋਏ ਕੁਦਰਤ ਨਾਲ ਜਦ ਟੇਹੇ ਪਿੰਡ ਗਏ ਤਾਂ ਅੱਗੇ ਬਹੁਤ ਸਾਰੇ ਮੁਸਲਮਾਨ ਬਕਰਈਦ ਮਨਾਣ ਵਾਸਤੇ ਗਊਆਂ ਨੂੰ ਘੇਰ ਰਹੇ ਸਨ। ਸਿੰਘ ਦੇਖ ਕੇ ਰਹਿ ਨ ਸਕੇ। ਭਗੌਤੇ ਖਿੱਚ ਕੇ ਜਾ ਪਏ। ਕਈ ਵੈਰੀ ਵੱਢ ਸੁਟੇ। ਗਊਆਂ ਛੁਡਾ ਕੇ ਭਜਾ ਦਿੱਤੀਆਂ। ਮੁਸਲਮਾਨ ਬਹੁਤ ਸਨ। ਏਸ ਕਰ ਕੇ ਦੋ ਸਿੰਘ ਤਾਂ ਮਾਰੇ ਗਏ ਤੇ ਹੋਰ ਇੱਕ ਕੋਠੇ ਵਿੱਚ ਘੇਰੇ ਗਏ। ਜਦ ਲਸ਼ਕਰ ਵਿੱਚ ਖ਼ਬਰ ਹੋਈ ਤਾਂ ਹੱਲਾ ਹੋ ਗਿਆ। ਫੇਰ ਤਾਂ ਜੋ ਹੱਥ ਆਇਆ। ਬੋਦੀ ਜਨੇਊ ਵਾਲੇ ਬਿਨਾਂ ਸਭ ਤੇਗ਼ ਦੇ ਘਾਟ ਉਤਾਰਿਆ ਗਿਆ। ਜੋ ਦੌੜ ਗਿਆ, ਸੋ ਬਚਿਆ। ਜਦ ਹਿੰਦੂਆਂ ਨੇ ਦੇਖਿਆ ਕਿ ਸਿੰਘ ਸਾਡੇ ਧਰਮ ਦੀ ਰੱਖਿਆ ਕਰਦੇ ਹਨ, ਤਦ ਬਹੁਤ ਹਿੰਦੂ ਖਾਲਸੇ ਦੇ ਸਾਥੀ ਹੋ ਗਏ। ਜਿੱਥੇ ਜਿੱਥੇ ਤੁਰਕ ਗੋ ਬਧ ਕਰਦੇ ਸਨ, ਓਥੇ ਓਥੇ ਸਿੰਘਾਂ ਨੂੰ ਲੈ ਜਾ ਕੇ ਤੁਰਕਾਂ ਦੇ ਪਾਪ ਦਾ ਫ਼ਲ ਉਨ੍ਹਾਂ ਨੂੰ ਬਹੁਤ ਭੁਗਾਯਾ।

ਓਸੇ ਸਮੇਂ ਕਸਬੇ ਸਢੌਰੇ ਦੇ ਬਹੁਤ ਬਣੀਏ ਬ੍ਰਹਮਣਾਂ ਨੇ ਬੰਦੇ ਸਾਹਿਬ ਪਾਸ ਫਰਜਾਦ ਕੀਤੀ ਕਿ ਸਾਡੇ ਨਵਾਬ ਉਸਮਾਨ ਖਾਨ ਆਦਿਕ ਐਸੇ ਅਨਯਾਈ ਤੇ ਜ਼ਿੱਦੀ ਬਾਦੀ ਹਨ। ਇੱਕ ਤਾਂ ਮੁਸਲਮਾਨਾਂ ਨਾਲੋਂ ਹਿੰਦੂਆਂ ਪਾਸੋਂ ਚੌਗੁਣਾ ਮਾਮਲਾ ਲੈਂਦੇ ਹਨ। ਦੂਜਾ, ਸਾਡੇ ਗਲੀਆਂ ਕੂਚਯਾਂ ਘਰਾਂ ਅੱਗੇ ਗਊਆਂ ਮਾਰ ਕੇ ਗੰਦ ਮੰਦ ਖਿਲਾਰ ਜਾਂਦੇ ਹਨ। ਤੀਜੇ, ਹਿੰਦੂਆਂ ਦੀ ਬੇਟੀ ਘਰ ਨਹੀਂ ਰਹਿਣੀ ਮਿਲਦੀ। ਮੱਲੋ ਮੱਲੀ ਮੁਸਲਮਾਨ ਫੜ ਲੈ ਜਾਂਦੇ ਹਨ। ਚੌਥੇ, ਹਿੰਦੂਆਂ ਨੂੰ ਆਪਣੇ ਧਰਮ ਦੀ ਰਸਮ ਕੋਈ ਨਹੀਂ ਕਰਨ ਦਿੰਦੇ ਤੇ ਮੁਰਦੇ ਨੂੰ ਭੀ ਸਾੜਨ ਨਹੀਂ ਦਿੰਦੇ। ਪੰਜਵੇਂ, ਪੀਰ ਬੁੱਧੂਸ਼ਾਹ ਨੂੰ ਸਿਰਫ ਏਸੇ ਗੱਲ ਬਦਲੇ ਏਨ੍ਹਾਂ ਨੇ ਕਤਲ ਕਰਾ ਦਿੱਤਾ, ਜੋ ਓਸ ਨੇ ਭੰਗਾਣੀ ਦੇ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮਦਦ ਕੀਤੀ ਸੀ। ਏਹੋ ਜਿਹੇ ਅਨੇਕ ਜ਼ੁਲਮਾਂ ਦੇ ਬ੍ਰਿਤਾਂਤ ਸੁਣ ਕੇ ਓਸੇ ਸਮੇਂ ਲਸ਼ਕਰ ਖਾਲਸੇ ਦੇ ਸਮੇਤ ਬਾਬੇ ਬੰਦੇ ਨੇ ਸਢੌਰੇ ਦੀ ਤਰਫ ਲਾਲੋ ਲਾਲ ਹੋ ਕੇ ਕੂਚ ਕਰ ਦਿੱਤਾ। ੨੧ ਚੇਤ ਸੰ. ੧੭੬੫ ਈ. ਨੂੰ ਸਢੌਰੇ ਤੋਂ ਚਾਰ ਕੋਹ ਉੱਤੇ ਲੁਬਾਣਿਆਂ ਦੇ ਪਿੰਡ ਲੰਡੌਰੇ ਪਾਸ ਜਾ ਉੱਤਰੇ। ਬੰਦੇ ਦੀਆਂ ਕਰਾਮਾਤਾਂ ਤੇ ਬਹਾਦਰੀਆਂ ਦੀ ਐਡੀ ਧਾਂਕ ਪੈ

ਰਹੀ ਸੀ ਕਿ ਜੋ ਚਾਹੇ ਸੋ ਕਰ ਦਿਖਾਉਂਦਾ ਹੈ, ਕੋਈ ਓਸ ਦੇ ਸਾਮ੍ਹਣੇ ਨਹੀਂ ਹੁੰਦਾ, ਜੋ ਹੁੰਦਾ ਹੈ ਓਸ ਨੂੰ ਦੂਰੋਂ ਹੀ ਮਵੱਕਲਾਂ ਤੋਂ ਮਰਵਾ ਦਿੰਦਾ ਹੈ ਯਾ ਕੋਈ ਅਸਾਧ ਰੋਗ ਲਾ ਦਿੰਦਾ ਹੈ, ਬੰਦਾ ਚਲਦੇ ਦਰਿਆ ਉੱਤੋਂ ਦੀ ਤੁਰ ਕੇ ਲੰਘ ਜਾਂਦਾ ਹੈ, ਮੁਰਦਿਆਂ ਨੂੰ ਜਿਵਾ ਦਿੰਦਾ ਹੈ, ਅਨੰਤ ਰੂਪ ਧਾਰ ਲੈਂਦਾ ਹੈ, ਕਿਤੇ ਗੁਪਤ ਕਿਤੇ ਪ੍ਰਗਟ ਹੋ ਜਾਂਦਾ ਹੈ, ਸਾਰੇ ਫਰੇਸ਼ਤੇ ਮਵੱਕਲ ਭੂਤ ਪ੍ਰੇਤ ਚੜੇਲਾਂ ਏਸ ਦਾ ਹੁਕਮ ਮੰਨਦੇ ਹਨ, ਜਿਸ ਨੂੰ ਚਾਹੁੰਦਾ ਹੈ ਓਸੇ ਨੂੰ ਚਮੇੜ ਦਿੰਦਾ ਹੈ। ਜਿਤਨੇ ਪੀਰ ਫ਼ਕੀਰ ਹੁਣ ਹਨ ਤੇ ਹੋ ਚੁੱਕੇ ਹਨ, ਸਭ ਏਸੇ ਦਾ ਪਾਣੀ ਭਰਦੇ ਹਨ। ਰਸਾਇਣ ਬਣਾ ਲੈਂਦਾ ਹੈ, ਪਾਰਸ ਦੀ ਵੱਟੀ ਏਸ ਪਾਸ ਹੈ, ਲੋਹੇ ਤੋਂ ਸੋਇਨਾ ਬਣਾ ਕੱਢਦਾ ਹੈ; ਏਹੋ ਜਿਹੀਆਂ ਬੇਅੰਤ ਕਰਾਮਾਤਾਂ ਬੰਦੇ ਦੀਆਂ ਹਿੰਦੂ ਮੁਸਲਮਾਨ ਸਭ ਮੰਨੀ ਬੈਠੇ ਹਨ ਤਾਂ ਹੀ ਏਸ ਦੇ ਮੁਕਾਬਲੇ ਪਰ ਕੋਈ ਖੜਾ ਨਹੀਂ ਹੁੰਦਾ ਸੀ।

ਹੁਣ ਜਦ ਬੰਦੇ ਬਹਾਦਰ ਨੇ ਲੁਬਾਣੇ ਸਿੱਖਾਂ ਦੀ ਸਲਾਹ ਤੇ ਹਿੰਦੂਆਂ ਦੇ ਕੁਰਲਾਟ ਸੁਣ ਕੇ ਸਢੌਰੇ ਨੂੰ ਜਾ ਘੇਰਿਆ। ਏਹ ਸਢੌਰਾ ਸਰਹੰਦ ਦੇ ਬਾਈ ਪਰਗਣਿਆਂ ਵਿੱਚੋਂ ਇੱਕ ਵਡਾ ਪਰਗਣਾ ਧਨ ਉਪਜਾਊ ਮਸ਼ਹੂਰ ਤੂਸੀ ਪਠਾਣਾਂ ਦੀ ਬਸਤੀ ਸੀ। ਸੱਯਦ ਨਜ਼ਾਮਦੀਨ ਨੇ ਸਜੰਗ ਓਨ੍ਹਾਂ ਨੂੰ ਏਥੋਂ ਕੱਢ ਕੇ ਆਪਣੀ ਮਲਕੀਯਤ ਕਰ ਲੀਤੀ ਸੀ। ਸੱਯਦ ਖਿਜ਼ਰ ਖਾਂ ਨੇ ਦਿੱਲੀ ਦੇ ਤਖ਼ਤ ਪਰ ਬੈਠਦੇ ਹੀ ਸੱਠ ਹਜ਼ਾਰ ਦੀ ਜਾਗੀਰ ਨਜ਼ਾਮਦੀਨ ਨੂੰ ਦਿੱਤੀ। ਓਸੇ ਨਜ਼ਾਮਦੀਨ ਤੋਂ ਕਈ ਪੁਸ਼ਤ ਪਿੱਛੋਂ (ਸੱਯਦ ਬਦਰ ਦੀਨ ਸ਼ਾਹ) ਮਸ਼ਹੂਰ ਬੁੱਧੂਸ਼ਾਹ ਥੀਂ; ਜਿਸ ਨੇ ਭੰਗਾਣੀ ਦੇ ਜੰਗ ਵਿੱਚ ਦਸਮੇ ਗੁਰੂ ਜੀ ਦੀ ਮਦਦ ਕੀਤੀ ਸੀ, ਏਹ ਸਾਹਿਵਾਨੀ ਸੱਯਦ ਸਨ। ਦੂਜੇ ਕਾਜ਼ੀ ਤੇ ਸ਼ੇਖ ਜਾਗੀਰ ਦੇ ਹਿੱਸੇਦਾਰ ਸਨ। ਓਨ੍ਹਾਂ ਸ਼ੇਖਾਂ ਤੇ ਕਾਜ਼ੀਆਂ ਵਿੱਚੋਂ ਨਵਾਬ ਉਸਮਾਨ ਖਾਂ ਤੇ ਸ਼ਾਹ ਕੁਮੈਤ ਵਗੈਰਾ ਬੜੇ ਭਾਰੇ ਜ਼ਾਲਮ ਸਨ, ਜਿਨ੍ਹਾਂ ਦੇ ਦੁਖੀਏ ਹੋਏ ਹਿੰਦੂ ਬੰਦੇ ਨੂੰ ਲੈ ਆਏ।

ਹੁਣ ਸਿੰਘਾਂ ਨੇ ਆ ਕੇ ਇੱਕ ਪੰਜਾਵੇ ਉੱਤੇ ਦੋਵੇਂ ਤੋਪਾਂ ਚੜ੍ਹਾ ਕੇ ਗੋਲੇ ਬਰਸਾਏ। ਓਧਰ ਨਵਾਬਾਂ ਨੇ ਭੀ ਅਪਣੇ ਗਿਰਦ-ਨਵਾਹੀ ਦੇ ਬੇਸੁਮਾਰ ਮੁਸਲਮਾਨ 'ਕੱਠੇ ਕਰ ਰਖੇ ਸਨ। ਤਿੰਨ ਪਹਿਰ ਤੀਰ ਗੋਲੀ ਦੀ ਲੜਾਈ ਚੰਗੀ ਤਰ੍ਹਾਂ ਪੈਰ ਗਡਵੀਂ ਹੁੰਦੀ ਰਹੀ। ਦੋਹਾਂ ਤਰਫਾਂ ਦੇ ਬਹੁਤ ਆਦਮੀ ਘੋੜੇ ਮਾਰੇ ਗਏ ਪਰ ਸਢੌਰੇ ਦਾ ਕੋਟ ਕਿਸੇ ਤਰਫੋਂ ਨਾ ਟੁਟਿਆ। ਆਖ਼ਰ ਭਾਈ ਭਗਤੂ ਦੇ ਫਤੇ ਸਿੰਘ ਨੇ ਜਿਸ ਨੂੰ ਬੰਦੇ ਨੇ ਆਪਣੇ ਲਸ਼ਕਰ ਦਾ ਸਰਦਾਰ ਬਣਾ ਕੇ ਨਵਾਬ ਦਾ ਖ਼ਿਤਾਬ ਦੇ ਰੱਖਿਆ ਸੀ, ਬੰਦੇ ਪਾਸ ਜਾ ਕੇ; ਜਿੱਥੇ ਉਹ ਦੂਰ ਬੈਠਾ ਭਜਨ ਕਰ ਰਿਹਾ ਸੀ, ਆਖਿਆ ਕਿ ਜਦ ਤਕ ਤੁਸੀਂ ਜੰਗ ਵਿੱਚ ਨਾ ਚਲੋਗੇ ਤਦ ਤਕ ਫਤੇ ਹੋਣੀ ਮੁਸ਼ਕਲ ਹੈ। ਬਾਬੇ ਬੰਦੇ ਨੇ ਓਸ ਦੇ ਨਾਲ ਆ ਕਰ ਪੰਜਾਵੇ ਉੱਤੇ ਖੜੇ ਹੋ ਕੇ ਇੱਕ ਤੀਰ ਉਨ੍ਹਾਂ ਤੀਰਾਂ ਵਿੱਚੋਂ, ਜੋ ਗੁਰੂ ਜੀ ਨੇ ਬਖ਼ਸ਼ੇ ਸਨ; ਮੰਤ੍ਰ ਪੜ੍ਹ ਕਰ ਚਲਾਇਆ, ਜਿਸ ਦੇ ਚਲਦੇ ਹੀ ਪਲੋ ਪਲੀ ਵਿੱਚ ਅੰਧੇਰੀ ਤੇ ਮੀਂਹ ਐਸੇ ਆਏ, ਜਿਸ ਤੋਂ ਫੌਜ ਤਿਤਰ ਬਿੱਤਰ ਹੋ ਕੇ ਬਿਚਲ ਗਈ। ਬੰਦੇ ਨੇ ਆਪਣੀ ਫੌਜ ਦਾ ਹੱਲਾ ਕਰ ਦਿੱਤਾ। ਸਿੰਘਾਂ ਨੇ ਕੋਟ ਉੱਤੋਂ ਦੀ ਟੱਪ ਕੇ ਸ਼ਹਿਰ ਦੇ ਸਭ ਦਰਵਾਜ਼ੇ ਖੋਲ੍ਹ ਦਿੱਤੇ, ਜਿੱਥੋਂ ਦੀ ਬੇਸ਼ੁਮਾਰ ਲੁਟੇਰੀ ਖਲਕਤ ਨੇ ਸ਼ਹਿਰ ਵਿੱਚ ਧਸ ਕੇ ਲੁੱਟ ਖਸੋਟ ਕਤਲ ਸ਼ੁਰੂ ਕਰ ਦਿੱਤੀ। ਜੋ ਅੜਿਆ ਸੋ ਝੜਿਆ। ਬੋਦੀ ਜਨੇਊ ਵਾਲੇ ਤੋਂ ਬਿਨਾਂ ਹੋਰ ਬੇਅੰਤ ਆਦਮੀ ਤੇਗ ਦੇ ਘਾਟ ਬੇਗ ਹੀ ਉੱਤਰ ਗਏ। ਮੁਸਲਮਾਨੀ ਫੌਜ ਭੱਜ ਨਿੱਕਲੀ। ਨਵਾਬ ਸਭ ਥਾਓਂ ਥਾਈਂ ਲੁਕ ਗਏ। ਸਾਰੀ ਰਾਤ ਸ਼ਹਿਰ ਲੁਟੀਂਦਾ ਰਿਹਾ। ਦੂਸਰੇ ਦਿਨ ਬਾਬੇ ਬੰਦੇ ਨੇ ਮੁਸਲਮਾਨਾਂ ਦੀਆਂ ਲੋਥਾਂ ਅੱਗ ਵਿੱਚ ਸਾੜ ਦਿੱਤੀਆਂ ਤੇ ਓਨ੍ਹਾਂ ਦੇ ਬੜੇ ਬੜੇ ਮਸ਼ਹੂਰ ਮਸ਼ਹੂਰ ਪੀਰ ਬਹਾਵਲ ਹੱਕ ਬਹੀਆਸਰ ਕੁਤਬਦੀਨ ਸ਼ਾਹ ਕੁਮੈਤ ਆਦਿਕਾਂ ਦੀਆਂ ਕਬਰਾਂ ਪੁਟਾ ਕੇ ਓਨ੍ਹਾਂ ਦੀਆਂ ਹੱਡੀਆਂ ਕਢਵਾ ਕੇ ਫੁਕਾ ਸੁਟੀਆਂ। ਏਹ ਹਾਲ ਦੇਖ ਕੇ ਤਾਂ ਮੁਸਲਮਾਨਾਂ ਵਿੱਚ ਥਰਥੱਲੀ ਮਚ ਗਈ ਤੇ ਸਭ ਕੰਬ ਉੱਠੇ। ਫੇਰ ਬੰਦੇ ਬਹਾਦਰ ਨੇ ਉੱਥੇ ਦੇ ਹਾਕਮ ਨਵਾਬ ਉਸਮਾਨ ਖਾਂ ਨੂੰ ਪਕੜ ਕੇ ਦਰਖਤ ਨਾਲ ਪੁਠਾ ਲਟਕਾ ਕਰ ਕਾਗਾਂ ਚੀਲਾਂ ਨੂੰ ਖੁਵਾਇ ਦਿੱਤਾ ਤੇ ਓਸ ਦੇ ਮਾਲ ਅਸਬਾਬ

*Humble service provided by Bhai Baljinder Singh (Rara Sahib)*

ਸਮੇਤ ਕਿਲ੍ਹੇ ਪਰ ਅਪਣਾ ਕਬਜ਼ਾ ਕਰ ਲੀਤਾ। ਦੂਸਰੇ ਦਿਨ ਸਢੌਰੇ ਦੇ ਸਭ ਸਰਦਾਰ ਬੰਦੇ ਦੇ ਪਾਸ ਆਏ ਤੇ ਲਿਖਤ ਪਾ ਦਿੱਤੀ ਕਿ ਅਸੀਂ ਖਾਲਸੇ ਨਾਲ ਕਦੀ ਬੁਰਾਈ ਨਾ ਕਰਾਂਗੇ।

ਏਧਰ ਤਾਂ ਲਿਖਤ ਪਾਈ ਤੇ ਓਧਰ ਵਜੀਦ ਖਾਨ ਸੂਬੇ ਸਰਹੰਦ ਨੂੰ ਲਿਖ ਭੇਜਿਆ ਕਿ ਗੁਰੂ ਬੰਦੇ ਨੂੰ ਅਸਾਂ ਆਪਣੇ ਪੇਚ ਵਿੱਚ ਫਸਾ ਲੀਤਾ ਹੈ, ਤੁਸੀਂ ਸ਼ੀਘਰ ਹੀ ਫੌਜ ਲੈ ਕੇ ਆ ਜਾਓ। ਅਸੀਂ ਏਸ ਨੂੰ ਪਕੜਵਾ ਦੇਵਾਂਗੇ। ਇਹ ਚਿੱਠੀ ਇੱਕ ਪੋਲੇ ਵਾਂਸ ਵਿੱਚ ਬੰਦ ਕਰ ਕੇ ਆਦਮੀ ਦੇ ਹੱਥ ਸਰਹੰਦ ਨੂੰ ਤੋਰੀ। ਏਹ ਹਲਕਾਰਾ ਓਸ ਰਸਤੇ ਜਾਂਦਾ ਸੀ ਜਿੱਥੇ ਬਾਬਾ ਬੰਦੇ ਦਾ ਸਵਰਾਨ ਊਠ ਚਾਰ ਰਿਹਾ ਸੀ। ਦਗੇਦਾਰ ਪਾਪੀ ਤੁਰਕਾਂ ਦਾ ਪਾਪ ਦੇਖੋ ਕੈਸੇ ਢੰਗ ਨਾਲ ਪ੍ਰਗਟ ਹੋ ਗਿਆ ਸਚ ਹੈ:

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥

(ਵਾਰ-ਮਾਝ, ਮਃ ੨ - ੧੩੮)

ਇੱਕ ਊਠ ਖੇਤ ਵਿੱਚ ਜਾ ਵੜਿਆ। ਚਰਵਾਹੇ ਨੇ ਜਲਦੀ ਨਾਲ ਓਸ ਹਲਕਾਰੇ ਤੋਂ ਓਹੋ ਪੋਲਾ ਵਾਂਸ ਖੋਹ ਕੇ ਊਠ ਦੇ ਮਾਰਿਆ ਤਾਂ ਵਾਂਸ ਟੁੱਟ ਗਿਆ, ਕਾਗ਼ਜ਼ ਵਿੱਚੋਂ ਡਿੱਗ ਪਿਆ। ਚਰਵਾਹੇ ਨੇ ਹਲਕਾਰੇ ਨੂੰ ਤੇ ਕਾਗ਼ਜ਼ ਨੂੰ ਬਾਬਾ ਬੰਦੇ ਪਾਸ ਲੈ ਆਂਦਾ। ਬੰਦੇ ਨੇ ਓਸ ਨੂੰ ਕੈਦ ਰੱਖ ਕੇ ਸਭਨਾਂ ਮੁਸਲਮਾਨਾਂ ਨੂੰ ਸਭਾ ਵਿੱਚ ਬੁਲਾ ਕੇ ਪੁਛਿਆ ਕਿ ਜੇ ਕੋਈ ਮਿੱਤ੍ਰ ਬਣ ਨੇਮ ਧਰਮ ਕਰ ਕੇ ਲਿਖਤ ਪਾ ਕੇ ਦਗਾ ਕਰੇ, ਓਸ ਵਾਸਤੇ ਤੁਹਾਡੀ ਸ਼ਰ੍ਹਾ ਵਿੱਚ ਕੀ ਸਜ਼ਾ ਲਿਖੀ ਹੈ? ਓਨ੍ਹਾਂ ਨੇ ਬੇਖਬਰੀ ਵਿੱਚ ਆਖ ਦਿੱਤਾ ਕਿ ਓਹ ਕਤਲ ਦੇ ਲਾਇਕ ਹੁੰਦਾ ਹੈ। ਫੇਰ ਤਾਂ ਓਹੋ ਖਤ ਬਾਬੇ ਬੰਦੇ ਨੇ ਓਹਨਾਂ ਅੱਗੇ ਰੱਖ ਦਿੱਤਾ ਜਿਸ ਉੱਤੇ ਉਹਨਾਂ ਦੇ ਦਸਤਖ਼ਤ ਤੇ ਮੁਹਰਾਂ ਲਗੀਆਂ ਹੋਈਆਂ ਸਨ। ਫੇਰ ਤਾਂ ਓਹਨਾਂ ਦੇ ਸਿਰ ਪਰ ਮਸਾਣ ਪੈ ਗਿਆ ਤੇ ਸ਼ੋਕ ਦੇ ਸਮੁੰਦਰ ਵਿੱਚ ਡੁੱਬ ਗਏ। ਬਾਬੇ ਬੰਦੇ ਨੇ ਕਤਲਾਮ ਦਾ ਹੁਕਮ ਦੇ ਦਿੱਤਾ।

ਸਿੰਘਾਂ ਨੇ ਓਸੇ ਵਕਤ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਕੇ ਸਭ ਨੂੰ ਘੇਰ ਲਿਆ। ਤਦ ਉਹਨਾਂ ਨੇ ਮਾਫ਼ੀ ਮੰਗੀ ਤਾਂ ਬੰਦੇ ਨੇ ਆਖਿਆ, "ਜੋ ਕੋਈ ਬੁਧੂ ਸ਼ਾਹ ਵਾਲੀ ਗੜ੍ਹੀ (ਹਵੇਲੀ) ਵਿੱਚ ਜਾ ਵੜੇਗਾ ਤੇ ਬੁਧੂ ਸ਼ਾਹ ਦਾ ਮੁਰੀਦ ਸਦਾਵੇਗਾ ਉਸ ਦੀ ਜਾਨ ਬਚ ਜਾਏਗੀ।" ਏਹ ਖ਼ਬਰ ਪਲੋ ਪਲੀ ਵਿੱਚ ਘਰ ਘਰ ਫਿਰ ਗਈ। ਬੜੇ ਬੜੇ ਅਮੀਰ ਜ਼ੋਰਾਵਰ ਓਸ ਗੜੀ ਵਿੱਚ ਦੌੜ ਦੌੜ ਕੇ ਜਾ ਵੜੇ, ਕੀੜਿਆਂ ਦੀ ਤਰ੍ਹਾਂ ਹਵੇਲੀ ਭਰ ਗਈ, ਗ਼ਰੀਬ ਕਮਜ਼ੋਰ ਕੋਈ ਨਾ ਵੜਨਾ ਪਾਯਾ। ਜਦ ਹੇਠੋਂ ਉੱਪਰੋਂ ਥੁਨ ਥੁਨ ਕੇ ਦੋਵੇਂ ਛੱਤਾਂ ਭਰ ਗਈਆਂ ਤਾਂ ਬੰਦੇ ਨੇ ਸਭ ਕਤਲ ਕਰਾ ਸੁਟੇ। ਓਹ ਕਤਲ ਗੜੀ ਹੁਣ ਤਕ ਸਹਵਾਨੀ ਸੱਯਦਾਂ ਦੇ ਮਹੱਲੇ ਮਸ਼ਹੂਰ ਹੈ। ਏਸ ਕਤਲ ਪਿੱਛੋਂ ਸਢੌਰੇ ਨੂੰ ਤੇ ਗ੍ਰਿਦਨਵਾਈ ਦੇ ਪਿੰਡਾਂ ਨੂੰ ਧਾੜਵੀਆਂ ਨੇ ਲੁੱਟ ਕੇ ਹੱਥ ਰੰਗ ਲੀਤੇ।

ਸਢੌਰੇ ਤੋਂ ਚਾਰ ਕੋਸ ਇੱਕ ਕਪੂਰੀ ਪਿੰਡ ਹੈ ਜਿੱਥੇ ਹੁਣ ਕਈ ਘਰ ਸਿੱਖਾਂ ਦੇ ਹਨ। ਏਥੋਂ ਦਾ ਬਾਸ਼ਿੰਦਾ ਇੱਕ ਸੱਯਦ (ਅਮਾਨਉਲਾ) ਨੁਰੰਗੇ ਦੇ ਵੇਲੇ ਦੱਖਣ ਦੇਸ ਗੁਜਰਾਤ ਦਾ ਸੂਬਾ ਹੋਇਆ ਸੀ। ਉਸ ਨੇ ਆਪਣੇ ਪਿੰਡ ਵਿੱਚ ਬੇਓੜਕੀ ਦੌਲਤ ਪੁਚਾ ਕੇ ਬਹਿਸ਼ਤ ਦਾ ਨਮੂਨਾ ਬਣਾ ਰੱਖਿਆ ਸੀ। ਜਿਤਨਾ ਓਹ ਲੋਭੀ ਸੀ, ਓਦੂੰ ਸੌ ਗੁਣਾ ਬਦਮਾਸ਼ ਭੀ ਸੀ। ਸੈਂਕੜੇ ਹਿੰਦੂ ਬੇਗ਼ੁਨਾਹ ਫੜ ਫੜ ਕੇ ਉਸ ਨੇ ਮਾਰੇ ਕਿ ਹਿੰਦੂ ਨੂੰ ਮਾਰ ਕੇ ਬਹਿਸ਼ਤ ਹਮੇਸ਼ ਵਾਸਤੇ ਮਿਲਦੀ ਹੈ। ਏਹ ਬਾਤ ਕਾਜ਼ੀਆਂ ਤੋਂ ਸੁਣ ਕੇ ਐਡੀ ਘੁੱਟ ਕੇ ਪੱਲੇ ਬੰਨ੍ਹ ਰਖੀ ਸੀ, ਕਦੇ ਇੱਕ ਦਿਨ ਭੀ ਖ਼ਾਲੀ ਨਾ ਜਾਣ ਦਿੱਤਾ। ਬੇਅੰਤ ਹਿੰਦੂ ਲੁੱਟੇ ਮਾਰੇ। ਬਹੂ ਬੇਟੀ ਤਾਂ ਕਿਸੇ ਦੀ ਭੀ ਬਯਾਹੀ ਆਈ, ਸਾਹੁਰੇ ਘਰ ਜਾਣ ਤੋਂ ਪਹਿਲਾਂ ਦੋ ਚਾਰ ਰਾਤਾਂ ਆਪ ਰਖੇ ਬਿਨਾਂ ਨਹੀਂ ਜਾਣ ਦਿੰਦਾ ਸੀ। ਫੇਰ ਉਸ ਦਾ ਪੁੱਤ੍ਰ ਕੁਦਮ ਦੀਨ ਓਸ ਤੋਂ ਭੀ ਚਾਰ ਚੰਦੇ ਐਸਾ ਖੋਟਾ ਹੋਯਾ; ਚੋਰ, ਯਾਰ, ਧਾੜਵੀ, ਬਦਮਾਸ਼, ਜ਼ਾਲਮ ਮਸ਼ਹੂਰ ਹੋ ਗਿਆ। ਏਸ ਨੇ ਬਾਪ ਨਾਲੋਂ ਵੀਹ ਗੁਣਾ ਜ਼ੁਲਮ ਕੀਤੇ। ਜਿੱਥੇ ਕਿਤੇ ਸੁੰਦ੍ਰ ਇਸਤ੍ਰੀ ਸੁਣੀ ਭਾਵੇਂ ਕੈਸੀ ਪਤਵੰਤੀ ਸਤਵੰਤੀ ਹੋਵੇ, ਦੌਲਤ ਦੇ ਕੇ ਯਾ ਜ਼ੋਰੋ ਜ਼ੋਰੀ ਸਭ ਨੂੰ ਕਲੰਕਤ ਕਰ ਛੱਡਿਆ। ਏਹੋ ਜੇਹੀਆਂ ਬੁਰਿਆਈਆਂ ਤੇ ਦੌਲਤ ਬਹੁਤੀ ਸੁਣ ਕੇ ਬੰਦੇ ਨੇ

ਸਿੰਘਾਂ ਦਾ ਇੱਕ ਜਥਾ ਤਖ਼ਤਾ ਸਿੰਘ ਦੁਲਟ ਦੇ ਜ਼ੇਰ ਕਮਾਨ ਭੇਜ ਦਿੱਤਾ। ਇਨ੍ਹਾਂ ਨੇ ਸੁੱਤੇ ਪਿਆਂ ਨੂੰ ਹੀ ਜਾ ਨੱਪਜਾ। ਮੁਸ਼ਕਾਂ ਦੇ ਕੇ ਓਸ ਦੇ ਸੰਬੰਧੀ ਸਭ ਇੱਕ ਕੋਠੜੀ ਵਿੱਚ ਥੁੱਨ ਕੇ ਪਾ ਦਿੱਤੇ। ਜੋ ਕੁਛ ਉਸ ਦੇ ਘਰੋਂ ਹੱਥ ਲਗਾ ਸਭ ਲੁੱਟ ਲਜਾਏ। ਲਖਾਂ ਰੁਪਏ ਦੀ ਸਾਮਗ੍ਰੀ ਸਮਾਨ, ਜੇਵਰ ਨਕਦੀ, ਬਾਬੇ ਬੰਦੇ ਅੱਗੇ ਲਿਆ ਰਖੀ ਜੋ ਜਥਾ ਜੋਗ ਓਸ ਨੇ ਸਿੱਖਾਂ ਨੂੰ ਵੰਡ ਦਿੱਤੀ। ਕਦਮ ਦੀਨ ਦੇ ਘਰ ਪਹਿਰਾ ਬੈਠਾ ਆਏ ਸੇ। ਤਿੰਨ ਦਿਨ ਤਿੰਨ ਰਾਤਾਂ ਓਹ ਓਸੇ ਕੋਠੜੀ ਵਿੱਚ ਬੰਦ ਰਹਿ ਕੇ ਤੜਫਦਾ ਹੋਇਆ ਆਪਣੇ ਕਰਮਾਂ ਦਾ ਫ਼ਲ ਭੋਗਨ ਲਈ ਦੋਜ਼ਖ ਵਿੱਚ ਜਾ ਪਿਆ।

ਏਥੋਂ ਸਿੰਘਾਂ ਦਾ ਦਬਦਬਾ ਦੇਸ ਵਿੱਚ ਬਹੁਤ ਪੈ ਗਿਆ। ਨਾਲ ਏਸ ਸਮੇਂ ਔਰੰਗਜ਼ੇਬ ਦੇ ਮਰੇ ਤੋਂ ਸਹਿਜ਼ਾਦਿਆਂ ਵਿੱਚ ਲੜਾਈ ਹੋਨੇ ਕਰ ਬਾਦਸ਼ਾਹੀ ਬੰਦੋਬਸਤ ਟੁੱਟ ਰਿਹਾ ਸੀ। ਸੂਬੇ ਆਪਣੇ ਆਪਣੇ ਇਲਾਕੇ ਦੇ ਆਪ ਨੂੰ ਹੀ ਖੁਦ ਮੁਖਤਾਰ ਮੰਨ ਕੇ ਆਪਣੀ ਆਪਣੀ ਤਰਫ ਤਨਾਵਾਂ ਖਿਚ ਰਹੇ ਸੇ। ਪਰਜਾ ਦੀ ਰੱਖਿਆ ਵਿੱਚ ਕੋਈ ਤਨ ਨਹੀਂ ਦੇਂਦਾ ਸੀ। ਏਸੇ ਕਰ ਕੇ ਲੁੱਟ ਮਾਰ, ਚੋਰੀ ਧਾੜਾ ਮੁਲਕ ਵਿੱਚ ਆਮ ਹੋ ਰਿਹਾ ਸੀ ਤੇ ਬੰਦੇ ਬਹਾਦਰ ਨੂੰ ਭੀ ਰੋਕਣ ਵਾਲਾ ਕੋਈ ਨਾ ਖੜਾ ਹੋਇਆ। 'ਮਨ ਭਾਏ ਦਾਮ ਚਲਾਏ' ਬਾਬੇ ਬੰਦੇ ਨੇ ਜਦ ਬੜੇ ਬੜੇ ਪੀਰਾਂ ਦੀਆਂ ਕਬਰਾਂ ਪੁਟਵਾ ਕੇ ਹੱਡੀਆਂ ਫੁਕਵਾਂ ਦਿੱਤੀਆਂ ਤਾਂ ਸਾਰੇ ਦੇਸ ਵਿੱਚ ਧਾਂਕ ਪੈ ਗਈ। ਹਿੰਦੂ ਕਲਕੀ ਅਵਤਾਰ ਤੇ ਮੁਸਲਮਾਨ ਮੈਂਹਦੀ ਆਖਣ ਲਗ ਪਏ। ਕੋਈ ਆਖਦਾ ਏਸ ਦੇ ਤਾਬੇ ਬੀਰ ਹਨ, ਕੋਈ ਆਖਦਾ ਦੇਉ ਹਨ, ਜਿਤਨੇ ਮੂੰਹ ਓਤਨੀ ਭਾਖਾ। ਤਾਂ ਹੀਂ ਕੋਈ ਹਾਕਮ ਬੰਦੇ ਦੇ ਸਾਹਮਣੇ ਨਹੀਂ ਹੁੰਦਾ ਸੀ।

## ੧੭. ਛਤ ਬਨੂੜ ਮਾਰਨਾ

ਕਸਬੇ ਛਤ ਬਨੂੜ ਦੇ ਖੱਤ੍ਰੀ ਬ੍ਰਹਮਣਾਂ ਨੇ ਬੰਦੇ ਪਾਸ ਫਰਯਾਦੀ ਹੋ ਕੇ ਮੁਸਲਮਾਨਾਂ ਦੇ ਜ਼ੁਲਮ ਬਹੁਤ ਬੁਰੇ ਸੁਣਾਏ ਤੇ ਆਖਿਆ, "ਮਹਾਰਾਜ! ਸਾਡੀ ਬਹੂ ਬੇਟੀ ਨੂੰ ਜ਼ੋਰ ਨਾਲ ਮੁਸਲਮਾਨ ਵਿਗਾੜ ਦਿੰਦੇ ਹਨ ਤੇ ਏਸੇ ਗੱਲੋਂ ਬਹੁਤ ਡਰਦੀਆਂ ਮਾਰੀਆਂ ਮਰ ਜਾਂਦੀਆਂ ਹਨ। ਫੇਰ ਜਦ ਕਿਸੇ ਹਿੰਦੂ ਦੇ ਘਰ ਕੋਈ ਬੈਲ, ਗਊ ਬੀਮਾਰ ਹੁੰਦੀ ਹੈ ਤਾਂ ਕਾਜ਼ੀ ਆ ਕੇ ਓਸ ਨੂੰ ਹਲਾਲ ਕਰਦੇ ਹਨ ਤੇ ਓਸ ਦੀ ਮਿੱਟੀ ਘਰ ਵਾਲਿਆਂ ਦੇ ਸਿਰ ਉੱਤੇ ਉਠਵਾਇ ਕਰ ਮਸੀਤ ਵਿੱਚ ਲੈ ਜਾ ਕੇ ਮੁਸਲਮਾਨਾਂ ਨੂੰ ਵੰਡ ਦਿੰਦੇ ਹਨ। ਜੇਕਰ ਮਰਣ ਲੱਗੇ ਪਸੂ ਦੀ ਖ਼ਬਰ ਨਾ ਕਰੀਏ ਤਾਂ ਕਾਜ਼ੀ ਆਖਦੇ ਹਨ ਕਿ ਹਰਾਮ ਕਿਉਂ ਮਰਣ ਦਿੱਤਾ। ਏਸ ਤਰ੍ਹਾਂ ਬਹੁਤ ਸਜਾਇ ਦਿਵਾਉਂਦੇ ਹਨ ਤੇ ਆਖਦੇ ਹਨ ਕਿ ਹਿੰਦੂਆਂ ਨੂੰ ਖ਼ੁਦਾ ਨੇ ਮੁਸਲਮਾਨਾਂ ਦੀ ਗ਼ੁਲਾਮੀ ਵਾਸਤੇ ਹੀ ਬਣਾਇਆ ਹੈ। ਜਿਤਨਾ ਏਨ੍ਹਾਂ ਹਿੰਦੂਆਂ ਨੂੰ ਦੁਖ ਦੇਈਏ, ਉਤਨਾ ਹੀ ਪੁੰਨਯ ਹੈ। ਏਸੇ ਤਰ੍ਹਾਂ ਆਪਣੇ ਦੀਨ ਵਿੱਚ ਲਯਾਉਣ ਵਾਸਤੇ ਅਨੇਕ ਪ੍ਰਕਾਰ ਦੇ ਦੁਖ ਦਿੰਦੇ ਰਹਿੰਦੇ ਹਨ। ਕਿਸੇ ਤਰ੍ਹਾਂ ਭੀ ਚੈਨ ਨਹੀਂ ਲੈਣ ਦਿੰਦੇ। ਹੁਣ ਜੇਕਰ ਤੁਸੀਂ ਸਾਡੀ ਸਹਾਇਤਾ ਕਰੋ, ਤਾਂ ਬਚਦੇ ਹਾਂ। ਇਸ ਪ੍ਰਕਾਰ ਦੇ ਜ਼ੁਲਮ ਓਨ੍ਹਾਂ ਤੋਂ ਸੁਣ ਕੇ ਬੰਦੇ ਸਾਹਿਬ ਨੇ ਪਹਿਲੇ ਕਸਬੇ ਬਨੂੜ ਉੱਤੇ ਖਾਲਸੇ ਦਾ ਹੱਲਾ ਕਰਵਾ ਦਿੱਤਾ। ਤਲਵਾਰਾਂ ਸੂਤ ਸੂਤ ਕੇ ਸਿੰਘ ਨਗਰਾਂ ਵਿੱਚ ਜਾ ਵੜੇ ਤੇ ਲੁੱਟ ਮਾਰ ਮਚਾ ਦਿੱਤੀ। ਜਿਸ ਨੇ ਅੱਗੋਂ ਹੱਥ ਉਠਾਇਆ, ਓਹੋ ਤੇਗ ਨੂੰ ਛਕਾਯਾ। ਜਿਸ ਨੇ ਬੋਦੀ ਦਿਖਾਈ, ਓਸ ਨੇ ਜਾਨ ਬਚਾਈ। ਚਾਰ ਘੜੀ ਵਿੱਚ ਕਯਾਮਤ ਦਿਖਾਈ ਦੇ ਗਈ। ਮੁਸਲਮਾਨੀ ਤੋਬਾ ਤੋਬੀ ਕਰਦੀ ਨੱਠ ਨਿੱਕਲੀ। ਕਿਸੇ ਨੇ ਕਿਸੇ ਨੂੰ ਨਾ ਸੰਭਾਲਯਾ। ਅਨੇਕ ਮੁਸਲਮਾਨ ਬੜੇ ਬੜੇ ਨਾਮੀ ਹਿੰਦੂਆਂ ਨੂੰ 'ਬਾਪੂ' ਕਹਿ ਕਹਿ ਕਰ ਸਾਥ ਲੈ ਕੇ ਬੰਦੇ ਬਹਾਦਰ ਦੇ ਚਰਨਾਂ ਵਿੱਚ ਆ ਗਿਰੇ। ਬਖ਼ਸ਼ਾਉਣ ਵਾਸਤੇ ਬੇਨਤੀ ਕੀਤੀ। ਬੰਦੇ ਸਾਹਿਬ ਨੇ ਬਹੁਤ ਸਾਰੀ ਦੌਲਤ ਜੁਰਮਾਨਾ ਲੈ ਕਰ ਅਮਨ ਦਿੱਤਾ। ਏਸੇ ਭਾਂਤ ਛਤ ਨੂੰ ਬਿਪੱਤ ਕਰ ਕੇ ਚੰਗੀ ਤਰ੍ਹਾਂ ਭੁਗਤ ਸਵਾਰ ਕੇ ਬੰਦੇ ਬਹਾਦਰ ਨੇ ਹੁਣ ਉਨ੍ਹਾਂ ਮਝੈਲ ਸਿੰਘਾਂ ਨੂੰ ਮਿਲਾ ਲੈਣ ਵਾਸਤੇ ਉਸੇ ਥਾਂ ਡੇਰਾ ਲਾ ਦਿੱਤਾ।

## ੧੯. ਜੰਗ ਮਝੈਲਾਂ ਦਾ ਰੋਪੜ

ਹੁਣ ਬੰਦੇ ਨੇ ਸਢੌਰੇ ਤੇ ਕਪੂਰੀ ਛਤ ਬਨੂੜ ਨੂੰ ਫਤੇ ਕਰ ਕੇ ਮਝੈਲ ਸਿੰਘ; ਜੋ ਕੀਰਤਪੁਰ ਤੁਰਕਾਂ ਦੇ ਰੋਕੇ ਹੋਏ ਬੈਠੇ ਹਰ ਵੇਲੇ ਬੰਦੇ ਬਹਾਦਰ ਨਾਲ ਮਿਲਣ ਲਈ ਉਮੰਗ ਵਧਾ ਰਹੇ ਸਨ, ਓਨ੍ਹਾਂ ਪਾਸ ਆਦਮੀ ਭੇਜਿਆ ਕਿ ਤੁਸੀਂ ਖਰੜ ਪਿੰਡ ਵੰਨੀ ਆਓ। ਅਸੀਂ ਛਤ ਬਨੂੜ ਵੱਲ ਆਉਨੇ ਹਾਂ। ਏਹ ਸੁਨੇਹਾ ਤਾਂ ਮਝੈਲਾਂ ਵਿੱਚ ਜਾਨ ਪਾ ਗਿਆ। ਫੌਰਨ ਅਰਦਾਸੇ ਸੋਧ ਕੇ ਰੋਪੜ ਵਲ ਚੱਲ ਪਏ। ਵਜੀਦ ਖਾਂ ਨੇ ਤਾਂ ਪਹਿਲੇ ਹੀ ਓਨ੍ਹਾਂ ਸਿੱਖਾਂ ਦੀ ਰੋਕ ਵਾਸਤੇ ਰੋਪੜੀਏ ਵਗੈਰਾ ਪਿੰਡਾਂ ਦੇ ਜਾਗੀਰਦਾਰਾਂ ਨੂੰ ਉਧਤ ਕਰ ਰਖਯਾ ਸੀ ਅਤੇ ਆਪ ਭੀ ਏਹ ਖ਼ਬਰ ਸੁਣਦੇ ਸਾਰ ਮਲੇਰਕੋਟਲੇ ਦੇ ਪਠਾਣ ਸ਼ੇਰ ਮੁਹੰਮਦ ਖਾਂ ਨੂੰ ਇੱਕ ਦਸਤਾ ਫੌਜ ਦੇ ਕੇ ਹੁਕਮ ਦਿੱਤਾ ਕਿ ਓਹ ਬੰਦੇ ਨੂੰ ਮਿਲਨੇ ਨਾ ਪਾਉਣ। ਓਧਰੇ ਬਯੋਤੇ ਜਾਣ ਤਾਂ ਚੰਗਾ ਹੈ। ਸ਼ੇਰ ਮੁਹੰਮਦ ਖਾਂ ਦੇ ਵੱਡੇ ਸਦਰ ਦੀਨ ਨੇ ਮਲੇਰ ਪਿੰਡ ਵਸਾਯਾ ਸੀ। ਓਸ ਦੇ ਪੜੋਤੇ ਵਜੀਦ ਖਾਂ ਨੇ ਕੋਟਲਾ ਵਸਾ ਕੇ ਰਾਜਧਾਨੀ ਹਾਸਲ ਕਰ ਲੀਤੀ। ਇੱਕ ਵਾਰੀ ਬਹਾਦਰ ਸ਼ਾਹ ਦੇ ਹੁਕਮ ਨਾਲ ਬਦਾਊ ਵਾਲੇ ਰੁਹੇਲੇ ਪਠਾਣਾਂ ਨੂੰ; ਜੋ ਆਕੀ ਬਦਬਰ ਹੋ ਰਹੇ ਸਨ, ਏਹ ਫਤੇ ਕਰ ਕੇ ਫੜ ਕਰ ਲੈ ਆਇਆ ਸੀ। ਏਹ ਕੰਮ ਕਰਨ ਤੋਂ ਖ਼ੁਸ਼ੀ ਹੋ ਕੇ ਬਾਦਸ਼ਾਹ ਨੇ ਧੌਂਸਾ ਝੰਡਾ, ਜਰਬ ਲਾਉਣੀ ਜੋ ਰਈਸ ਦੀ ਪੱਕੀ ਨਿਸ਼ਾਨੀ ਹੈ, ਬਖ਼ਸ਼ੀ।

ਹੁਣ ਨਵਾਬ ਸ਼ੇਰ ਮੁਹੰਮਦ ਖਾਂ ਤੇ ਦਿਲਾਵਰ ਖਾਂ ਫੌਜਦਾਰ ਫੌਜ ਲੈ ਕੇ ਜਦ ਪੁੱਜੇ, ਤਾਂ ਸਿੰਘਾਂ ਨੇ ਭੀ ਓਸ ਸਮੇਂ ਪਿਛੇ ਹਟਣਾ ਚੰਗਾ ਨਾ ਸਮਝ ਕੇ ਏਹੋ ਗੁਰੂ ਕਾ ਬਚਨ ਮੰਨ ਲੀਤਾ, ਯਥਾ:

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥

(ਮਾਰੂ ਵਾਰ-੨, ਮਃ ੫ - ੧੦੯੬)

ਓਹ ਸਾਰੀ ਫੌਜ ਨਾਲ ਰੋਪੜੀਏ, ਕਿੜੀ, ਬੈਲੋਲਪੁਰਾ, ਬਸੀਆਂ ਵਾਲੇ ਵਗੈਰਾ ਮੁਸਲਮਾਨਾਂ ਨੇ ਘੇਰ ਲਏ। ਰੋਪੜ ਪਾਸ ਜੰਗ ਹੋਣ ਲੱਗਾ। ਸਿੰਘਾਂ ਨੇ ਜਾਨਾਂ ਤੋੜ ਕੇ ਐਸੀ ਮੁਠ ਭੇੜ ਕੀਤੀ, ਪੈਰ ਜਮਾਈ ਰਖੇ। ਸਾਰਾ ਦਿਨ ਲੜਦੇ ਰਹੇ। ਕਿਸੇ ਸਿੰਘ ਦੀ ਗੋਲੀ ਐਸੀ ਨਿਸ਼ਾਨੇ ਬੈਠੀ, ਨਸਤ੍ਰ ਖਾਂ ਮਲੇਰੀਆ ਮਾਰਿਆ ਗਿਆ। ਕੁਛ ਓਸ ਕਰ ਕੇ, ਤੇ ਕੁਛ ਬਾਕੀ ਦਿਨ ਛਿਪ ਜਾਨ ਕਰ ਕੇ ਲੜਾਈ ਬੰਦ ਹੋ ਗਈ। ਸ਼ਾਹੀ ਫੌਜ ਤਾਂ ਖ਼ੁਸ਼ੀ ਵਿੱਚ ਸੀ ਕਿ ਸਵੇਰੇ ਸਿੰਘਾਂ ਨੂੰ ਮਾਰ ਲਵਾਂਗੇ। ਦਾਰੂ ਸਿੱਕਾ ਭੀ ਏਨ੍ਹਾਂ ਕੋਲ ਨਹੀਂ ਹੋਣਾ ਮਾਲੂਮ ਹੁੰਦਾ ਹੈ। ਸ਼ੇਰ ਮੁਹੰਮਦ ਖਾਂ ਨੇ ਸਰਦਾਰ ਨਸਤ੍ਰ ਖਾਂ ਦੀ ਲੋਥ ਚੁੱਕਣ ਨੂੰ ਕਈ ਹੱਲੇ ਕੀਤੇ, ਪਰ ਸਿੰਘਾਂ ਨੇ ਚੁੱਕਣ ਨਾ ਦਿੱਤੀ। ਦਿਨ ਚੜ੍ਹੇ ਤੋਂ ਪਹਿਲੇ ਹੀ ਅਨੰਦਪੁਰ ਗਿਰਦੇ ਜੋ ਪਹਾੜੀਆਂ ਵਿੱਚ ਲੁਕੇ ਛਿਪੇ ਸਿੰਘ ਰਹਿੰਦੇ ਸਨ, ਓਹ ਭੀ ਜੰਗੀ ਸਾਮਾਨ ਲੈ ਕੇ ਰਣਭੂਮੀ ਵਿੱਚ ਸਿੰਘਾਂ ਨਾਲ ਆ ਮਿਲੇ। ਦਾਰੂ ਸਿੱਕਾ ਓਨ੍ਹਾਂ ਨੇ ਬਹੁਤ ਵਰਤਾ ਦਿੱਤਾ।

ਹੁਣ ਦਿਨ ਦਾ ਮਾਲਕ ਸੁਫੈਦ ਪੁਸ਼ਾਕੀ ਜਗਮਗ ਕਰਦੀ ਹੋਈ ਧੁਪ ਵਰਗੀ ਪਹਿਨ ਕੇ ਜਦ ਅਸਮਾਨ ਦੇ ਤਖ਼ਤ ਪਰ ਆ ਬੈਠਾ ਤੇ ਸਿੰਘ ਦਾਤਣਾਂ ਕੁਰਲੇ ਕਰ ਸੁਚੇਤੇ ਤਾੜ ਕੇ ਜੰਗ ਨੂੰ ਤਿਆਰ ਹੋਏ ਤਾਂ ਦੁਵੱਲੋਂ ਤੀਰ ਗੋਲੀ ਮੀਂਹ ਵਰਸਣ ਲੱਗਾ। ਭਾਵੇਂ ਸ਼ੇਰ ਮੁਹੰਮਦ ਖਾਂ ਨੇ ਅਪਣੇ ਚਚੇਰੇ ਭਰਾ ਦੀ ਲੋਥ ਨਾ ਚੁੱਕਣ ਦੇਣ ਬਦਲੇ ਸਿੰਘਾਂ ਉੱਤੇ ਭਾਰੀ ਕ੍ਰੋਧ ਨਾਲ ਹੱਲਾ ਕਰ ਦਿੱਤਾ, ਜਿਸ ਵਿੱਚ ਵਲੀ ਮੁਹੰਮਦ ਖਾਂ ਨਾਹਰ ਖਾਂ ਦਾ ਭਾਈ ਤੇ ਦਿਲਾਵਰ ਖਾਂ ਫੌਜਦਾਰ ਮਾਰੇ ਗਏ। ਸ਼ੇਰ ਮੁਹੰਮਦ ਖਾਂ ਫਟਿਆ ਗਿਆ। ਬੜੀ ਔਖਯਾਈ ਨਾਲ ਭਰਾਵਾਂ ਦੀਆਂ ਲੋਥਾਂ ਲੈ ਕੇ ਸਰਹੰਦ ਦੇ ਰਾਹ ਪਿਆ। ਸਰਦਾਰਾਂ ਬਿਨਾਂ ਫੌਜ ਕਿਕੂੰ ਲੜੇ? ਤਿੜ੍ਹ ਬਿੜ੍ਹ ਹੋ ਗਈ। ਪਿੰਡਾਂ ਵਾਲੇ ਦਸ ਦਸ ਵੀਹ ਵੀਹ ਆਦਮੀ ਮਰਵਾ ਕੇ ਰੁੱਸੀ ਹੋਈ ਨਾਇਣ ਵਾਂਙੂ ਘਰੀਂ ਜਾ ਬੈਠੇ। ਬਿਜਈ ਸਿੰਘ ਵੈਰੀ ਦੀ ਫੌਜ ਦਾ ਸਮਾਨ ਘੋੜੇ ਹੱਥਯਾਰ ਲੈ ਕੇ:

ਗੁਰਿ ਪੂਰੈ ਮੇਰੀ ਰਾਖਿ ਲਈ ॥ (ਬਿਲਾਵਲੁ, ਮਃ ੫ - ੮੨੩)

ਏਹੋ ਜੇਹੇ ਸ਼ਬਦ ਗਾਉਂਦੇ ਹੋਏ ਚਮਕੌਰ ਗੁਰਦ੍ਵਾਰੇ ਪ੍ਰਸ਼ਾਦ ਕਰਾ ਛਕ ਛਕਾ ਅੱਗੇ ਨੂੰ ਵਧ ਆਏ।

Humble service provided by Bhai Baljinder Singh (Rara Sahib)

## ੧੯. ਮਝੈਲਾਂ ਦੀ ਦੂਜੀ ਲੜਾਈ

ਜਦ ਵਜੀਦ ਖਾਂ ਨੇ ਆਪਣੀ ਫੌਜ ਦੀ ਹਾਰ ਤੇ ਸਰਦਾਰਾਂ ਦਾ ਮਰਨਾ ਸੁਣਿਆ ਤਾਂ ਜਮਾਲ ਖਾਂ ਬੈਲੋਲਪੁਰੀਏ, ਸ਼ਮਸ਼ ਕਿੜੀ ਵਾਲੇ ਨੂੰ ਤੇ ਖਿਜਰ ਖਾਂ ਮਲੇਰੀਏ ਨਵਾਬ ਨੂੰ ਬਹੁਤ ਸਾਰੀ ਲੜਾਕੀ ਫੌਜ, ਚਾਰ ਤੋਪਾਂ ਦੇ ਕੇ ਬੜੇ ਜ਼ੋਰ ਸ਼ੋਰ ਨਾਲ ਅੱਗੇ ਭੇਜਿਆ ਤੇ ਏਸ ਸ਼ਾਹੀ ਫੌਜ ਨੇ ਸੰਘੋਲ ਪਿੰਡ ਪਾਸ ਜਿਸ ਦਾ ਹੁਣ ਥੇਹ ਖਮਾਣੋ ਪਿੰਡ ਦੇ ਨੇੜੇ ਹੈ, ਓਥੇ ਸਿੰਘਾਂ ਨੂੰ ਜਾ ਘੇਰਿਆ ਅਤੇ ਗੱਜ ਵੱਜ ਕੇ ਖਿਜ਼ਰ ਖਾਂ ਨੇ ਆਖਿਆ, "ਹੇ ਮਰਦੂਦ ਸਿੱਖੋ! ਮੈਂ ਓਹੋ ਖ੍ਵਾਜਾ ਖਿਜ਼ਰ ਖਾਂ ਹਾਂ, ਜਿਸ ਨੇ ਚਮਕੌਰ ਦੇ ਜੰਗ ਵਿੱਚ ਤੁਹਾਡੇ ਗੁਰੂ ਨੂੰ ਚਣੇ ਚਬਾ ਕੇ ਦੇਸ ਨਿਕਾਲਾ ਦੇ ਛੱਡਿਆ ਅਤੇ ਓਸ ਦੇ ਪੁਤ੍ਰਾਂ ਸਮੇਤ ਬਹੁਤ ਸਾਰੇ ਸਿੱਖਾਂ ਨੂੰ ਤੇਗ ਦੇ ਘਾਟ ਬੇਗ ਹੀ ਉਤਾਰਿਆ ਸੀ। ਹੁਣ ਤੁਸੀਂ ਫੇਰ ਮੇਰੇ ਭਾਈ ਨਸਤ੍ਰ ਖਾਂ, ਵਲੀ ਮੁਹੰਮਦ ਖਾਂ ਨੂੰ ਮਾਰ ਕੇ ਮੇਰੀ ਕ੍ਰੋਧ ਦੀ ਅੱਗ ਭੜਕਾ ਦਿੱਤੀ ਹੈ। ਏਸ ਨੂੰ ਤੁਸਾਡੇ ਲਹੂ ਪੀ ਕੇ ਬੁਝਾ ਕਰ ਕਲੇਜਾ ਠੰਢਾ ਕਰਾਂਗਾ। ਅਜੇ ਭੀ ਸਮਝੋ ਕਿਉਂ ਬਿਨਾਂ ਆਈ ਮਰਦੇ ਹੋ? ਪਤੰਗਯਾਂ ਦੀ ਤਰ੍ਹਾਂ ਸਾਡੀ ਤੇਗ ਦੀ ਲਾਟ ਵਿੱਚ ਸੜਦੇ ਹੋ। ਗਿੱਦੜ ਦੀ ਮੌਤ ਬਾਉਰੀਏ, ਸਾਂਹਸੀਆਂ ਪਾਸ ਲੈ ਆਉਂਦੀ ਹੈ। ਇਸ ਤਰ੍ਹਾਂ ਤੁਸਾਡੀ ਮੌਤ ਸਾਡੇ ਪਾਸ ਲੈ ਆਈ ਹੈ। ਫੇਰ ਭੀ ਮੈਂ ਤਰਸ ਕਰ ਕੇ ਤੁਸਾਨੂੰ ਛੱਡਦਾ ਹਾਂ। ਜੀਊਣਾ ਹੈ, ਤਾਂ ਹੱਥਯਾਰ ਸਿੱਟ ਕੇ ਚਲੇ ਜਾਓ।"

ਏਹ ਉਪਦੇਸ਼ ਨਾਲਾਇਕ ਦਾ ਕਲੇਸ਼ਦਾਇਕ ਸੁਣ ਕੇ ਦੇਵਾ ਸਿੰਘ ਜਲੰਧਰੀ, ਬਹਾਦਰ ਸਿੰਘ ਖੇਮਕਰਨੀ, ਵਜ਼ੀਰ ਸਿੰਘ ਖੋਖਰੀ, ਰਤਨ ਸਿੰਘ ਮਾਹਿਲ ਵਗੈਰਾ ਸਿੰਘਾਂ ਦੇ ਜੱਥੇਦਾਰਾਂ ਨੇ ਬੱਦਲ ਵਾਂਗੂੰ ਗੱਜ ਕੇ ਜਵਾਬ ਦਿੱਤਾ ਕਿ ਓਇ! ਪਠਾਣ ਬੇਈਮਾਨ! ਕਾਇਰ! ਕੂੜੇ! ਜੰਗ ਚਮਕੌਰ ਵਿੱਚੋਂ ਤਾਂ ਤੂੰ ਨੱਠ ਕੇ ਕੰਧ ਦੇ ਓਲ੍ਹੇ ਹੋ ਕੇ ਜਾਨ ਬਚਾਈ ਸੀ। ਹੁਣ ਝੂਠੇ ਗਪੌੜੇ ਮਾਰ ਕੇ ਆਪਣਾ ਦਬਾਓ ਸਾਡੇ ਉੱਤੇ ਪਾਉਨਾ ਹੈਂ? ਵੇਖ! ਹੁਣ ਨਸਤ੍ਰ ਖਾਂ ਨਾਲ ਹੀ ਤੈਨੂੰ ਤੋਰਦੇ ਹਾਂ। ਫੇਰ ਤਾਂ ਖਿਝ ਕੇ ਓਸ ਨੇ ਬੰਦੂਕਾਂ ਤੋਪਾਂ ਦੇ ਫਾਇਰ ਕਰਾ ਦਿੱਤੇ। ਤੀਰ ਗੋਲੀ ਬਰਸਨ ਲੱਗੀ, ਮਾਰ ਮਾਰ ਦੀ ਪੁਕਾਰ ਪੈ ਗਈ। ਖਟਾਖਟ ਤਲਵਾਰ ਚੱਲ ਪਈ, ਅਲੀ ਅਲੀ! ਅਕਾਲ ਅਕਾਲ! ਦੀ ਅਵਾਜ਼ ਨੇ ਅਕਾਸ਼ ਭਰ ਦਿੱਤਾ। ਇੱਕ ਪਹਿਰ ਚੰਗੀ ਤੁਲਮੀ ਲੜਾਈ ਹੁੰਦੀ ਰਹੀ। ਸਿੰਘ ਤਾਂ ਇੱਕ ਕੱਚੀ ਹਵੇਲੀ ਪਹਿਲੇ ਹੀ ਮੱਲੀ ਬੈਠੇ ਸਨ, ਤੁਰਕ ਪਿਛੇ ਆਏ ਮੈਦਾਨ ਵਿੱਚ ਰਹੇ। ਪਿੰਡ ਵਿੱਚ ਸਿੰਘਾਂ ਨੇ ਵੜਨ ਨਾ ਦਿੱਤੇ। ਏਸ ਕਰ ਕੇ ਖ਼ਾਸ ਮਿਟੀ ਦਾ ਟਾਕਰਾ ਹੁੰਦਾ ਰਿਹਾ। ਓੜਕ ਹੰਕਾਰ ਦਾ ਸਿਰ ਨੀਵਾਂ ਹੁੰਦਾ ਹੈ। ਖਿਜਰ ਖਾਂ ਅਨੇਕ ਸਾਥੀ ਸੂਰਬੀਰਾਂ ਸਮੇਤ ਖੇਤ ਦੇ ਰੇਤ ਵਿੱਚ ਹੀ ਰਲ ਗਿਆ। ਓਸ ਦਾ ਡਿੱਗਣਾ ਹੀ ਤੁਰਕੀ ਫੌਜਾਂ ਨੂੰ ਨੱਠਣ ਦਾ ਸੁਨੇਹਾ ਦੇ ਗਿਆ। ਤੁਰਕਾਂ ਨੇ ਬੇਦਿਲ ਹੋ ਕੇ ਜੰਗ ਬੰਦ ਕਰ ਦਿੱਤਾ। ਸਿੰਘ ਏਥੋਂ ਜਿੱਤ ਨੂੰ ਗ਼ਨੀਮਤ ਸਮਝ ਕੇ ਬੰਦੇ ਵੰਨੀ ਚੱਲ ਪਏ। ਬੰਦੇ ਨੇ ਅੱਗੋਂ ਪੇਸ਼ਵਾਈ ਕਰ ਕੇ ਬੜੇ ਗਾਜੇ ਵਾਜੇ ਨਾਲ ਮਝੈਲਾਂ ਨੂੰ ਲੈ ਆਂਦਾ ਤੇ ਬਡੀ ਭਾਰੀ ਖ਼ੁਸ਼ੀ ਮਨਾਈ, ਅਸ਼ਰਫੀਆਂ ਇਨਾਮ ਵੰਡੀਆਂ।

## ੨੦. ਸਰਹੰਦ ਪਰ ਤਯਾਰੀ ਤੇ ਬਾਬੇ ਬੰਦੇ ਵਜੀਦ ਖਾਂ ਦੀਆਂ ਗੱਲਾਂ

ਹੁਣ ਜਦ ਬਾਬੇ ਬੰਦੇ ਬਹਾਦਰ ਨੇ ਸਰਹੰਦ ਉੱਤੇ ਹੱਲਾ ਕਰਨ ਦੀ ਡੌਂਡੀ ਫਿਰਾ ਓਧਰ ਨੂੰ ਕੂਚ ਕੀਤਾ, ਤਦੋਂ ਹੀ ਦੇਸ ਵਿੱਚ ਹਲ ਚਲੀ ਪੈ ਗਈ। ਕਈ ਹਜ਼ਾਰ ਲੁਟੇਰੇ ਸਰਹੰਦ ਨੂੰ ਲੁੱਟਣ ਵਾਸਤੇ ਘੋੜੇ ਖੱਚਰਾਂ, ਸੇਲੇ ਤਲਵਾਰਾਂ, ਤੀਰ ਕਮਾਨਾਂ, ਬਰਛੀਆਂ, ਛਵੀਆਂ ਲੈ ਕੇ ਬੰਦੇ ਦੇ ਸਾਥੀ ਹੋਣ ਲਈ ਆਉਣ ਲੱਗ ਪਏ, ਓਧਰੋਂ ਵਜੀਦ ਖਾਂ ਨੇ ਬੰਦੇ ਨੂੰ ਲਿਖ ਭੇਜਿਆ ਕਿ ਐਤਨਾ ਮੁਲਕ ਲੁੱਟ ਕੇ ਅਜੇ ਤੇਰੀ ਭੁੱਖ ਨਹੀਂ ਗਈ। ਤੂੰ ਮੂੰਹ ਚੁੱਕੀ ਐਧਰ ਆ ਰਿਹਾ ਹੈਂ। ਮੇਰੀ ਤਾਕਤ ਨੂੰ ਜਾਣਦਾ ਨਹੀਂ? ਜਾਹ ਹੁਣ ਮੁੜ ਜਾਹ ਦਹੀਂ ਦੇ ਧੋਖੇ ਕਪਾਹ ਨਾ ਖਾ ਜਾਈਂ। ਅਨਾਰ ਦੇ ਭੁਲੇਖੇ ਤੋਤੇ ਨੇ ਨਾਲੀਏਰ ਨੂੰ ਜਾ ਮੂੰਹ ਪਾਇਆ ਵਿੱਚੇ ਚੁੰਜ ਫਸ ਗਈ, ਲਟਕਦਾ ਹੋਇਆ ਸੁਕ ਕੇ ਮਰ ਗਿਆ। ਮੈਂ ਓਹੋ ਵਜੀਦ ਖਾਂ ਹਾਂ ਜਿਸ ਨੇ ਤੁਹਾਡੇ ਗੁਰੂ ਨੂੰ ਦੇਸ ਤੋਂ ਕੱਢਿਆ ਹੈ ਹੁਣ ਲੈ ਤੈਨੂੰ

ਦੀਨ ਦੁਨੀਆਂ ਦੋਹਾਂ ਤੋਂ ਕੱਢਾਂਗਾ, ਅਜੇ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਤੈਨੂੰ ਬੈਰਾਗੀ ਫ਼ਕੀਰ ਮੰਗਤਾ ਜਾਣ ਕੇ ਛੱਡਦਾ ਹਾਂ। ਫ਼ਕੀਰਾਂ ਦਾ ਕੰਮ ਨਹੀਂ ਬਾਦਸ਼ਾਹਾਂ ਨਾਲ ਆਢੇ ਲਾਉਣੇ, ਤੈਂ ਜੋ ਗੰਜੀ ਗੁਟਾਰ ਟੀਸੀ ਆਲ੍ਹਣੇ ਵਾਲੀ ਚਾਲ ਫੜ ਰਖੀ ਹੈ, ਫੰਗ ਖੁਸਾ ਕੇ ਜਾਏਂਗਾ। ਬੰਦੇ ਨੇ ਜਵਾਬ ਦਿੱਤਾ: ਮਾਯਾ ਕਿਸੇ ਦੀ ਨਹੀਂ ਏਸ ਨੇ ਰਾਵ ਰੰਕ ਪੀਰ ਫ਼ਕੀਰ ਸਭ ਭੋਗ ਲੀਤੇ, ਮੈਂ ਏਸ ਲੁੱਟ ਦੀ ਝੂਠੀ ਮਾਯਾ ਵਾਸਤੇ ਨਹੀਂ ਆਇਆ, ਜਿਸ ਕੰਮ ਨੂੰ ਆਇਆ ਹਾਂ ਓਹ ਕਰੇ ਬਿਨਾਂ ਨਹੀਂ ਹਟਦਾ ਅਤੇ ਨਾ ਕਿਸੇ ਦਾ ਮਾਰਿਆ ਮਰਾਂਗਾ, ਹੋਵੇਗਾ ਭੀ ਓਹੋ ਜੋ ਮੇਰੇ ਗੁਰੂ ਦਾ ਭਾਣਾ ਹੈ, ਮੈਂ ਤੈਨੂੰ ਨਹੀਂ ਮਾਰਣਾ ਤੇਰੇ ਪਾਪ ਤੈਨੂੰ ਮਾਰਨਗੇ, ਮੀਆਂ (ਤੇਰੇ ਮਾਰਨੇ ਕੋ ਤੇਰੇ ਪਾਪ ਮਹਾਂਬਲੀ ਹੈਂ) ਅਸੀਂ ਤਾਂ ਡਰੀਏ ਤਾਂ ਜੇ ਪਾਪ ਕਰੀਏ, ਸਾਨੂੰ ਹੁਕਮ ਹੈ ਜੋ ਲੋਗ ਜ਼ਾਲਮ ਜ਼ਬਰੀਆਂ ਜ਼ੁਲਮ ਕਰਨ ਵਾਲੇ ਹਨ, ਓਨ੍ਹਾਂ ਨੂੰ ਓਨ੍ਹਾਂ ਦੇ ਕਰਮ ਦਾ ਫ਼ਲ ਦਿਓ। ਏਹੋ ਸਾਫ਼ ਇਨਸਾਫ਼ ਕਰਨ ਵਾਸਤੇ ਮੈਨੂੰ ਗੁਰੂ ਜੀ ਨੇ ਭੇਜਿਆ ਹੈ। ਤੈਨੂੰ ਕਿਸੇ ਭਾਂਤ ਨਹੀਂ ਛੱਡਾਂਗਾ। ਹੁਣ ਕਾਇਰ ਨਾ ਬਣ, ਸਾਹਮਣੇ ਹੋ ਕੇ ਲੜ! ਯਾ ਗੁਰੂ ਦਾ ਲੜ ਫੜ! ਸਿੰਘ ਸਜ!

ਏਨ੍ਹਾਂ ਬਾਤਾਂ ਤੋਂ ਬੰਦੇ ਦਾ ਦ੍ਰਿੜ ਬਿਸ੍ਵਾਸ ਗੁਰੂ ਦੇ ਹੁਕਮ ਅਨੁਸਾਰ ਜੰਗ ਕਰਨ ਦਾ ਵੇਖ ਕੇ ਸਭ ਸਿੰਘ ਜਾਨਾਂ ਤੋੜ ਕੇ ਲੜਨ ਨੂੰ ਤਿਆਰ ਹੋ ਗਏ। ਭਾਵੇਂ ਵਜੀਦ ਨੇ ਆਪਣੀ ਦੂਰ ਬੀਨੀ ਨਾਲ ਲੜਾਈ ਦਾ ਸਾਮਾਨ ਤਾਂ ਪਹਿਲੇ ਹੀ ਚੰਗੇ ਰੰਗ ਢੰਗ ਦਾ ਕਰ ਰੱਖਿਆ ਸੀ, ਕਿਉਂਕਿ ਓਹ ਨਿਸਚੇ ਕਰ ਬੈਠਾ ਸੀ ਜੋ ਏਹ ਬੰਦਈ ਦੰਗਈ ਲੁਟੇਰੇ ਦਲ ਦੀ ਅੰਧੇਰੀ ਉਲਰੀ ਆਉਂਦੀ ਹੈ। ਇੱਕ ਦਿਨ ਜ਼ਰੂਰ ਮੇਰੇ ਉੱਤੇ ਝੁਲ ਕੇ ਡਾਲੀਆਂ ਡਾਲੇ ਪਰਵਾਰ ਤਾਂ ਕਿਤੇ ਰਿਹਾ ਮੇਰੀ ਜੜ ਉਖਾੜੇ ਬਿਨਾਂ ਕਦੀ ਨਾ ਹਟੇਗੀ।

## ੨੧. ਸਰਹੰਦ ਦਾ ਜੰਗ ਤੇ ਲੁੱਟ ਮਾਰ

ਹੁਣ ਏਸ ਤੂਫਾਨ ਨੂੰ ਹਲਕਾ ਕਰਨ ਲਈ ਇੱਕ ਚਾਲ ਤਾਂ ਓਸ ਨੇ ਛਲ ਦੀ ਏਹ ਚਲੀ ਕਿ ਇੱਕ ਹਿੰਦੂ ਖਤ੍ਰੀ ਗੰਡਾ ਮੱਲ ਨੂੰ; ਜੋ ਸੁਚਾ ਨੰਦ ਦੀਵਾਨ ਦਾ ਭਤੀਜਾ ਫੌਜਦਾਰ ਛਲੀਆ ਸੀ, ਸਿਖਾ ਕੇ ਬੰਦੇ ਪਾਸ ਭੇਜ ਦਿੱਤਾ। ਪਹਿਲੇ ਤਾਂ ਓਹ ਆਪਣੇ ਪੰਜ ਸੌ ਸਵਾਰ ਸਮੇਤ ਜ਼ਾਹਰਾ ਵਜੀਦ ਖਾਂ ਨਾਲ ਤਨਖਾਹ ਬਦਲੇ ਲੜ ਬੋਲ ਕੇ ਦਿੱਲੀ ਵੰਨੀ ਤੁਰ ਪਿਆ। ਕਈ ਪਿੰਡਾਂ ਨੂੰ ਲੁੱਟ ਖਸੋਟ ਕੇ ਫੇਰ ਯਕਾ ਯਕੀ ਬੰਦੇ ਪਾਸ ਆ ਕੇ ਵਜੀਦ ਖਾਂ ਦੀਆਂ ਬੁਰਿਆਈਆਂ ਆਪਣੀਆਂ ਨੇਕੀਆਂ ਤੇ ਸਿੰਘਾਂ ਦੇ ਗੁਣ, ਗੁਰੂ ਸਾਹਿਬਾਂ ਦੀ ਮਹਿਮਾ ਸਾਹਿਬਜ਼ਾਦਿਆਂ ਦੇ ਸਿਦਕ ਭਰੋਸੇ ਹੰਝੂ ਟਪਕਾ ਟਪਕਾ ਦਸਦਾ ਰਿਹਾ, ਫੇਰ ਬੋਲਿਆ ਏਹ ਮਲੇਛ ਕੌਮ ਮੁਸਲਯਾਂ ਦੀ ਬਡੀ ਭਾਰੀ ਅਕ੍ਰਿਤਘਣ ਹੈ, ਮੇਰੇ ਬਾਪ ਦਾਦੇ ਨਾਲ ਤੇ ਖ਼ਾਸ ਮੇਰੇ ਨਾਲ ਇਸ ਦੁਸ਼ਟ ਵਜੀਦੇ ਨੇ ਬੜੇ ਬੜੇ ਜ਼ੋਰ ਜ਼ੁਲਮ ਕੀਤੇ ਹਨ, ਤੁਸੀਂ ਮੈਨੂੰ ਆਪਣਾ ਦਾਸ ਗੁਰੂ ਕਾ ਪੱਕਾ ਸਿੱਖ ਸਮਝ ਕੇ ਆਪਣੇ ਸਾਥ ਰੱਖੋ ਤਾਂ ਤੁਰਕਾਂ ਦੇ ਭੇਤ ਸਾਰੇ ਦੇਂਦਾ ਰਹਾਂਗਾ, ਦੂਜੇ ਵਜੀਦੇ ਨੂੰ ਮੈਂ ਖੁਦ ਮਾਰ ਕੇ ਬਾਪ ਦਾ ਵੈਰ ਲਵਾਂਗਾ, ਤੀਜੇ ਓਸ ਦੇ ਖ਼ਜ਼ਾਨੇ ਤੁਸਾਂ ਨੂੰ ਦੱਸਾਂਗਾ। ਭਾਵੇਂ ਬੰਦੇ ਬਹਾਦਰ ਨੇ ਆਪਣੀ ਅੰਤ੍ਰਯਾਮਤਾ ਨਾਲ ਓਸ ਨੂੰ ਫਰੇਬੀ ਦਗੇਬਾਜ਼ ਜਾਣ ਲੀਤਾ ਸੀ, ਪਰ (ਤਾਂ ਭੀ ਜੋ ਕਰੇਗਾ ਸੋ ਭਰੇਗਾ) ਏਹ ਕਹਿ ਕੇ ਓਸ ਨੂੰ ਸ਼ਰਨ ਆਏ ਦੀ ਲਾਜ ਪਾਲਣ ਲਈ ਆਪਣੇ ਪਾਸ ਰੱਖ ਲੀਤਾ।

ਹੁਣ ਦੋਹਾਂ ਪਾਸਿਆਂ ਤੋਂ ਜੰਗ ਦੀ ਤਿਆਰੀ ਹੋ ਗਈ। ਵਜੀਦ ਖਾਂ ਨੇ ਇੱਕ ਆਮ ਦਰਬਾਰ ਕਰ ਕੇ ਆਪਣੇ ਤਾਬੇਦਾਰਾਂ ਮਲੇਰੀਏ ਵਰਗਿਆਂ ਜਾਗੀਰਦਾਰਾਂ ਨੂੰ ਹੁਕਮ ਦਿੱਤਾ ਕਿ ਆਪਣੀ ਫੌਜ ਜੰਗੀ ਸਾਮਾਨ ਲੈ ਕੇ ਸਭ ਮੋਰਚਿਆਂ ਵਿੱਚ ਪੱਕੇ ਹੋ ਕੇ ਲੜੋ, ਜਿਸ ਵੱਲੋਂ ਕੁਝ ਖਰਾਬੀ ਹੋਵੇਗੀ ਓਸ ਦੀ ਜਾਗੀਰ ਜ਼ਬਤੀ ਤੋਂ ਬਿਨਾਂ ਹੋਰ ਬਹੁਤ ਸਜ਼ਾ ਦਿੱਤੀ ਜਾਊ। ਆਪਣੀ ਆਪਣੀ ਫੌਜ ਨੂੰ ਦਾਰੂ ਸਿੱਕਾ ਵਰਤਾ ਕੇ ਫੌਜ ਦਾ ਅਲੀਮਾ ਲੀਤਾ, ਮੋਰਚੇ ਵੰਡ ਦਿੱਤੇ, ਵਡਾਲੀ ਤੇ ਨਨਹੇੜੀ ਆਦਿਕ ਪਿੰਡਾਂ ਦੇ ਪਾਸ ਸਰਹੰਦੋਂ ਛੀ ਕੋਸ ਪਰ ਮੋਰਚੇ ਬੰਦੀ ਹੋ ਗਈ ਤਦੋਂ ਨੂੰ ਮੁਲਾਣਿਆਂ ਦੇ ਪ੍ਰੇਰੇ ਹੋਏ ਕਈ ਹਜ਼ਾਰ ਗਾਨੇ ਬੰਨ੍ਹ ਕੇ ਝੰਡੀਆਂ ਹੱਥਾਂ ਵਿੱਚ ਆਟੇ ਦੇ ਖਲੜੂ ਲੈ ਕੇ ਗਾਜ਼ੀ ਬਣ

ਕੇ ਓਹ ਲੋਕ ਵਹਿਸ਼ੀ ਆ 'ਕੱਠੇ ਹੋਏ ਜੋ ਕੇਵਲ ਕਾਫਰਾਂ ਨਾਲ ਲੜ ਕੇ ਸ਼ਹੀਦ ਹੋਣਾ ਹੀ ਬਹਿਸ਼ਤ ਵਿੱਚ ਜਾਣਾ ਮੰਨੀ ਬੈਠੇ ਸਨ।

ਭਾਵੇਂ ਵਜੀਦ ਖਾਂ ਅਤੇ ਓਸ ਦੇ ਸਰਦਾਰ ਅਹਿਲਕਾਰ ਜਰਨੈਲ ਆਪਣੇ ਆਪਣੇ ਸਮਾਨ ਜੰਗ ਨੂੰ ਦੇਖ ਕੇ ਜ਼ਾਹਰੀ ਤਾਂ ਏਹ ਆਖਦੇ ਸਨ ਕਿ ਬੰਦੇ ਦੀ ਗਾਂਵਢੀ ਧਾੜ ਸਾਡੀ ਸਿੱਖੀ ਹੋਈ ਫੌਜ ਅੱਗੇ ਕਦ ਠਹਿਰ ਸਕਦੀ ਹੈ? ਲੁਟੇਰੇ ਲੋਗ ਤਾਂ ਚਿੜੀਆਂ ਤੋਪਾਂ ਦਾ ਖੜਾਕ ਸੁਣਦੇ ਹੀ ਉਡ ਜਾਣਗੇ। ਹੋਰ ਬੁਲਾਏ ਆਏ ਹੋਏ ਸਿੱਖ ਭੀ ਲੁੱਟ ਦੇ ਲੋਭੀ ਭੰਗੇਰੇ ਫਸਲੀ ਬਟੇਰੇ ਹਨ ਘੇਰੇ ਹੋਏ ਭਾਵੇਂ ਲੜਨ ਨਹੀਂ ਤਾਂ ਡੇਰੇ ਛੱਡ ਕੇ ਅਗੇਰੇ ਹੋਣਗੇ, ਬਾਕੀ ਰਿਹਾ ਤਤ ਖਾਲਸਾ, ਓਹ ਭਾਵੇਂ ਜਾਨਾਂ ਤੋੜ ਕੇ ਲੜਨਗੇ, ਪਰ ਬਿਨਾਂ ਸਾਮਾਨ ਜੰਗ ਕਿੱਥੋਂ ਤਾਈਂ ਠਹਿਰਨਗੇ? ਘੜੀ ਦੂ ਠਾ ਕਰ ਕੇ ਓਹ ਬੀ ਓੜਕ ਹਾਰ ਕੇ ਨੱਠ ਜਾਣਗੇ। ਇਸਲਾਮ ਦਾ ਮੁਕਾਬਲਾ ਅੱਜ ਕੌਣ ਕਰ ਸਕਦਾ ਹੈ? ਬੰਦੇ ਦਾ ਕੋਈ ਘਰ ਘਾਟ ਹੀ ਨਹੀਂ, ਜਿੱਥੇ ਜਾਊ। ਫੜ ਕੇ ਜਿਸ ਤਰ੍ਹਾਂ ਚਾਹਾਂਗੇ ਮਾਰਾਂਗੇ। ਭਾਵੇਂ ਵਜੀਦ ਖਾਂ ਆਪਣੇ ਅਮਲੇ ਸਮੇਤ ਉੱਪਰਲੇ ਦਿਲੋਂ ਲੋਗਾਂ ਦੇ ਦਿਲ ਵਧਾਉਣ ਵਾਸਤੇ ਏਹੋ ਜੇਹੇ ਥੋਥੇ ਦਮਗਜੇ ਮਾਰਦਾ ਸੀ, ਪਰ ਅੰਦਰੋਂ ਸਭ ਦੇ ਦਿਲ ਥਰ ਥਰ ਪਏ ਕੰਬਦੇ ਸਨ, ਸਭ ਨੂੰ ਏਹੋ ਨਿਸਚਾ ਸੀ ਬੰਦੇ ਦੇ ਤਾਬੇ (ਮੁਵੱਕਲ) ਬੀਰ ਹਨ ਜੇਹੜਾ ਸਰਦਾਰ ਅੱਗੇ ਵਧੂ ਓਸੇ ਨੂੰ ਓਨ੍ਹਾਂ ਤੋਂ ਓਹ ਮਰਵਾ ਦੇਊ, ਯਾ ਭੂਤ ਪ੍ਰੇਤ ਚਮੇੜ ਕੇ ਪਗਲੇ ਕਰ ਦੇਊ।

ਸਰਦਾਰ ਆਪਸ ਵਿੱਚ ਕਹਿ ਰਹੇ ਸਨ ਭਾਈ ਏਸ ਪਾਪੀ ਵਜੀਦੇ ਨੇ ਗੁਰੂ ਦੇ ਮਾਸੂਮ ਬੱਚੇ ਬੇਗੁਨਾਹ ਕਤਲ ਕਰਾਏ ਤਾਂ ਹੀ ਏਹ ਉਪੱਦ੍ਰਵ ਉੱਠ ਰਹੇ ਹਨ, ਰੱਬ ਏਸ ਪਾਪੀ ਦਾ ਨਾਸ ਕਰੇ।

ਜਯੋਂ ਜਯੋਂ ਬੰਦੇ ਦਾ ਦਲ ਹੜ ਦੇ ਪਾਣੀ ਵਾਂਗੂੰ ਧੀਰੇ ਧੀਰੇ ਸਰਹੰਦ ਵੱਨੀ ਵਧ ਰਿਹਾ ਸੀ, ਸਰਹੰਦੀ ਲੋਗ ਟੋਏ ਪੁੱਟ ਪੁਟ ਕੇ ਅਪਣਾ ਧਨ ਦਬ ਰਹੇ ਸਨ, ਤੇ ਭੱਜਣ ਲਈ ਤਿਆਰ ਸਨ, ਬਲਕਿ ਬਹੁਤ ਤਾਂ ਦੂਰ ਨੇੜੇ ਆਪਣੇ ਸਾਕਾਂ ਸੰਬੰਧਾਂ ਵਿੱਚ ਇਸਤ੍ਰੀਆਂ ਸਮੇਤ ਚਲੇ ਭੀ ਗਏ।

ਓਸ ਸਮੇਂ ਤੋਪਾਂ ਦੇ ਚਲਵੱਯੇ ਤਾਂ ਭਾਵੇਂ ਬਹੁਤ ਘਟ ਸਨ, ਪਰ ਤਾਂ ਭੀ ਤੋਪਾਂ ਦਾ ਖੜਾਕ ਹੀ ਗ਼ਨੀਮਤ ਸਮਝ ਕੇ ਵਜੀਦੇ ਨੇ ਫੌਜ ਦੇ ਅੱਗੇ ਕੰਧ ਦੀ ਕੰਧ ਬੀੜ ਦਿੱਤੀ, ਇੱਕ ਪੰਗਤ ਲੰਮੇ ਲੰਮੇ ਦੰਦਾਂ ਵਾਲੇ ਕਾਲੇ ਬੱਦਲਾਂ ਵਰਗੇ ਫੁਲਾਦੀ ਝੂਲ ਪਾਏ ਹੋਏ ਸਿਖੇ ਹੋਏ ਜੰਗੀ ਹਾਥੀਆਂ ਦੀ ਫਸੀਲ ਖੜੀ ਕਰ ਦਿੱਤੀ। ਤੀਜੀ ਤਰਫ ਨਵਾਬਾਂ ਜਾਗੀਰਦਾਰਾਂ ਦੀ ਸੈਨਾ ਚੌਥੇ ਪਾਸੇ ਆਪਣੀ ਫੌਜ ਵਿੱਚ ਜੰਬੂਰੇ ਰੈਹਕਲੇ ਗੁਬਾਰੇ ਬੀੜ ਕੇ ਆਪ ਗਾਜ਼ੀਆਂ ਦੇ ਵਿੱਚਕਾਰ ਵੱਡੇ ਉੱਚੇ ਹਾਥੀ ਪਰ ਦਿਦਾਰ ਵਾਸਤੇ ਸਵਾਰ ਹੋ ਬੈਠਾ।

ਹੁਣ ਓਧਰੋਂ ਬੰਦਾ ਭੀ ਆਪਣੀ ਜੱਥਾ ਜੋਗ ਤਿਆਰੀ ਕਰ ਕੇ ਨਨਹੇੜੇ ਦੇ ਨੇੜੇ ਇੱਕ ਬੜੇ ਭਾਰੇ ਕਿਕਰਾਂ ਤੇ ਅੰਬਾਂ ਦੇ ਸੰਘਣੇ ਜੰਗਲ ਨੂੰ ਅੱਗੇ ਰੱਖ ਕੇ ਲਾਂਗੋ ਟੇਰ ਲਸ਼ਕਰ ਸਮੇਤ ਆ ਠਹਿਰਿਆ। ਚਾਰ ਜੱਥੇ ਬਣਾ ਕੇ ਮਾਲਵੇ ਦੇ ਲੋਗ ਤਾਂ ਸੌ ਸੌ ਕਰ ਕੇ ਫਤੇ ਸਿੰਘ ਕਰਮ ਸਿੰਘ ਧਰਮ ਸਿੰਘ ਨਗਾਹਾ ਸਿੰਘ ਤਖ਼ਤਾ ਸਿੰਘ ਆਲੀ ਸਿੰਘ ਮਾਲੀ ਸਿੰਘ ਵਗੈਰਾ ਨੂੰ ਸੌਂਪ ਕੇ ਇਸ ਮੋਰਚੇ ਪਰ ਖੜੇ ਕਰ ਦਿੱਤੇ। ਦੂਜੇ ਮਝੈਲ ਸਿੰਘ ਬਾਬੇ ਬਿਨੋਦ ਸਿੰਘ ਤੇਹਣ ਦੇ ਔਰ ਬਾਜ਼ ਸਿੰਘ, ਰਾਮ ਸਿੰਘ ਮੀਰਪੁਰ ਪੱਟੀ ਵਾਲੇ ਬੱਲ ਜੱਟਾਂ ਦੇ; ਤੀਜਾ ਜੱਥਾ ਬਾਬੇ ਕਾਹਨ ਸਿੰਘ, ਮੀਰੀ ਸਿੰਘ ਹੋਰ ਨਾਮੀ ਨਾਮੀ ਧਾੜਵੀਆਂ ਨੂੰ ਸੌਂਪ ਕੇ ਤੇ ਚੌਥਾ ਜੱਥਾ ਆਪ ਰੱਖਿਆ। ਲੜਾਈ ਦਾ ਹੁਕਮ ਦੇ ਕੇ ਆਪ ਇੱਕ ਉੱਚੇ ਥਾਂ ਜਾ ਬੈਠਾ।

ਹੁਣ ਜਦ ਦੋਵੇਂ ਦਲ ਮੁਕਾਬਲੇ ਪਰ ਆ ਡੱਟੇ ਤਾਂ ਵਜੀਦ ਖਾਂ ਨੇ ਤੋਪਾਂ ਦੀ ਸਲਾਮੀ ਬਾੜ ਝਾੜੀ। ਕਈ ਗੋਲੇ ਬੰਦੇ ਦੇ ਦਲ ਵਿੱਚ ਆ ਡਿਗੇ। ਫੇਰ ਤਾਂ ਜ਼ੰਜੀਰੀ ਗੋਲੇ ਐਤਨੇ ਬਰਸਾਏ ਕਿ ਤੋਪਾਂ ਨੇ ਧਰਤੀ ਕੰਬਾ ਦਿੱਤੀ, ਪਰ ਜ਼ੰਜੀਰੀ ਗੋਲੇ ਬਹੁਤੇ ਦਰਖਤਾਂ ਵਿੱਚ ਹੀ ਅਟਕਦੇ ਰਹੇ। ਸਿੱਖਾਂ ਨੂੰ ਥੋੜ੍ਹੀ ਮਾਰ ਕੀਤੀ। ਹੁਣ ਏਨ੍ਹਾਂ ਪਾਸ ਤਾਂ ਤੋਪਾਂ ਗੁਬਾਰੇ ਜੰਬੂਰੇ ਬਹੁਤ ਥੋੜ੍ਹੇ ਸਨ। ਭਾਵੇਂ ਤੋਪ ਦਾ ਜਵਾਬ ਤੋਪ ਨਾਲ ਨਾ ਦੇ ਸਕੇ, ਪਰ:

ਜੋ ਕਰਤਾ ਕੁਛ ਕਰਿਆ ਚਾਹੇ। ਲਾਖ ਸਬੱਬ ਬਨਾਇ ਨਿਬਾਹੇ।

ਬੰਦੇ ਦੇ ਦਲ ਵਿੱਚ ਜੋ ਚਾਰ ਪੰਜ ਛੋਟੀਆਂ ਛੋਟੀਆਂ ਤੋਪਾਂ ਸਨ, ਓਨ੍ਹਾਂ ਦੇ ਚਲਵੱਯੇ ਦੋ ਰਾਜਪੂਤ ਬੁੰਦੇਲ ਖੰਡੀ ਬੰਦੇ ਨੇ ਬੜੇ ਆਦਰ ਨਾਲ ਰੱਖੇ ਹੋਏ ਸਨ। ਓਨ੍ਹਾਂ ਨੇ ਐਸੇ ਤੱਕ ਤੱਕ ਕੇ ਵੈਰੀਆਂ ਦੀਆਂ ਤੋਪਾਂ ਦੇ ਮੂੰਹਾਂ ਵਿੱਚ ਗੋਲੇ ਮਾਰੇ, ਕਈ ਤੋਪਾਂ ਨਿਕੰਮੀਆਂ ਕਰ ਦਿੱਤੀਆਂ ਅਤੇ ਆਪਣੀਆਂ ਤੋਪਾਂ ਨੂੰ ਹਲਕੀਆਂ ਹੋਣ ਕਰ ਸਿੰਘ ਅੱਗੇ ਅੱਗੇ ਰੇੜਦੇ ਹੋਏ ਚਲਾਉਂਦੇ ਤੇ ਵਧਦੇ ਗਏ। ਸਿੰਘਾਂ ਦਾ ਵਧਣਾ ਵੇਖ ਕੇ ਬਹੁਤੇ ਤੁਰਕਾਂ ਨੂੰ ਤਾਂ ਏਹੋ ਸੁਝੀ ਕਿ ਬੰਦੇ ਨੇ ਜਾਦੂ ਨਾਲ ਸਾਡੇ ਸ਼ਸਤਰ ਬੰਨ੍ਹ ਰਖੇ ਹਨ, ਜੋ ਸਿੱਖਾਂ ਨੂੰ ਨਹੀਂ ਲੱਗਦੇ। ਏਹ ਵਧ ਰਹੇ ਹਨ ਬਲਕਿ ਏਹੋ ਦ੍ਰਿ ਖਯਾਲ ਮੁਸਲਮਾਨ ਸਰਦਾਰਾਂ ਫੌਜਦਾਰਾਂ ਨੂੰ ਕੰਪਾਏਮਾਨ ਭੈ ਭੀਤ ਕਰ ਰਿਹਾ ਸੀ। ਜੋ ਕੰਬ ਜਾਂਦਾ ਹੈ, ਰਣ ਵਿੱਚੋਂ ਸੋਈ ਹਾਰਦਾ ਹੈ। ਕਈ ਤੁਰਕੀ ਤੋਪਾਂ ਦੇ ਮੂੰਹ ਤਾਂ ਸਿੱਖਾਂ ਦੇ ਗੋਲਯਾਂ ਨੇ ਬੰਦ ਕੀਤੇ ਸੇ ਪਰ ਓਨ੍ਹਾਂ ਨੇ ਏਹ ਭੀ ਜਾਦੂ ਹੀ ਸਮਝ ਰੱਖਿਆ ਸੀ, ਜਿਸ ਕਰ ਕੇ ਓਧਰ ਦੀ ਸਪਾਹ ਤਾਂ ਸਾਰੀ ਓਦਰੀ ਹੋਈ ਬਧਾ ਚੱਟੀ ਭਰਨ ਵਾਲਾ ਜੰਗ ਕਰ ਰਹੀ ਸੀ ਤੇ ਸਿੱਖ ਜਾਨਾਂ ਹੀਲ ਕੇ ਸ਼ਹੀਦ ਹੋਣ ਲਈ ਹੌਸਲੇ ਵਧਾਈ ਵਧਦੇ ਗਏ।

ਏਸ ਹਾਲ ਨੂੰ ਦੇਖ ਕੇ ਵਜੀਦ ਖਾਂ ਤੇ ਮਲੇਰੀਏ ਵਗੈਰਾ ਨਵਾਬਾਂ ਫੌਜਦਾਰਾਂ ਨੇ ਫੌਜ ਨੂੰ ਵੰਗਾਰ ਵੰਗਾਰ ਕੇ ਤੇ ਤੋਪਾਂ ਨੂੰ ਫੇਰ ਫੇਰ ਕੇ ਰਹਿਕਲੇ ਜੰਬੂਰਯਾਂ ਦੇ ਗੋਲੇ, ਬੰਦੂਕਾਂ ਦੀਆਂ ਗੋਲੀਆਂ ਤੇ ਤੀਰਾਂ ਦੇ ਰਾਬੇ ਛੱਡ ਕੇ ਇੱਕੋ ਵਾਰੀ ਸਾਰ ਦਾ ਮੀਂਹ ਬਰਸਵਾ ਦਿੱਤਾ, ਜਿਸ ਤੋਂ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਤਦੋਂ ਹੀ ਐਨ ਸਮਾਂ ਵੇਖ ਕੇ ਓਸ ਛਲੀਏ ਗੰਡੇ ਖਤ੍ਰੀ ਨੇ ਆਪਣੇ ਪੰਜ ਸੌ ਸਵਾਰਾਂ ਨੂੰ ਨਾਲ ਲੈ ਕੇ ਭਾਂਜ ਪਾ ਦਿੱਤੀ। ਬੰਦੇ ਨੇ ਪਹਿਲੇ ਹੀ ਓਸ ਬਾਬਤ ਬਾਜ਼ ਸਿੰਘ ਫਤੇ ਸਿੰਘ ਨੂੰ ਨਿਗਰਾਨ ਰੱਖਿਆ ਹੋਇਆ ਸੀ। ਓਨ੍ਹਾਂ ਨੇ ਓਸੇ ਥਾਂ ਨਪ ਕੇ ਬਯੋਂਤ ਲਏ। ਆਪ ਖੱਤਰੀ ਘੋੜੇ ਉੱਤੋਂ ਡਿਗ ਪਿਆ। ਸਿੰਘਾਂ ਨੇ ਫੜ ਲੀਤਾ ਜੋ ਬੁਰੀ ਤਰ੍ਹਾਂ ਮਾਰ ਕੇ ਦੋਜ਼ਕ ਵਿੱਚ ਪਾਯਾ। ਦਗੇ ਦਾ ਫ਼ਲ ਭੁਗਾਯਾ ਗਿਆ। ਵੰਗਾਰੀ ਹੋਈ ਫੌਜ ਨੇ ਸਿੰਘਾਂ ਨੂੰ ਮਾਰ ਮਾਰ ਕੇ ਭਾਵੇਂ ਬਯਾਕੁਲ ਤਾਂ ਕਰ ਦਿੱਤਾ, ਪਰ ਸਿੱਖ ਪਿਛੇ ਨਾ ਹਟੇ। ਓਸ ਔਕੜ ਬਣੀ ਨੂੰ ਫਤੇ ਸਿੰਘ ਭਾਈ ਕਾ ਤੇ ਬਾਜ਼ ਸਿੰਘ ਨੇ ਰਣ ਦੀ ਭਠੀ ਵਿੱਚ ਧਾਨਾ ਵਾਂਗ ਭੁਜਣਾ ਚੰਗਾ ਨਾ ਸਮਝ ਕੇ ਬੰਦੇ ਨੂੰ ਰਣ ਵਿੱਚ ਲੈ ਆਂਦਾ (ਜਿੱਥੇ ਓਹ ਫੌਜ ਦੇ ਪਿਛੇ ਇੱਕ ਉੱਚੇ ਥਾਂ ਖੜਾ ਜੰਗ ਦਾ ਰੰਗ ਵੇਖ ਰਿਹਾ ਸੀ) ਏਹ ਜਾ ਪੁਕਾਰੇ ਕਿ ਆਪ ਏਥੇ ਬੇਫਿਕਰ ਬੈਠੇ ਹੋ ਸਿੰਘਾਂ ਨੂੰ ਤੁਰਕਾਂ ਨੇ ਬਹੁਤ ਹਲਚਲੀ ਪਾ ਰਖੀ ਹੈ। ਜੇ ਘੜੀ ਕੁ ਹੋਰ ਏਹੋ ਹਾਲ ਰਿਹਾ ਤਾਂ ਮੁੜ ਪੈਰ ਜੰਮਣੇ ਔਖੇ ਹੋਣਗੇ। ਬੰਦਾ ਭੀ ਏਸ ਮਾਮਲੇ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਫੌਰਨ ਸਵਾਰ ਹੋ ਕੇ ਰਣਭੂਮੀ ਵਿੱਚ ਆ ਗੱਜਿਆ। ਕਿਲਕਾਰ ਕਿਲਕਾਰ, ਵੰਗਾਰ ਵੰਗਾਰ, ਸਤਕਾਰ ਸਤਕਾਰ ਸਿੰਘਾਂ ਦੇ ਹੌਸਲੇ ਵਧਾ ਕਰ ਤੀਰਾਂ ਤੁਫੰਗਾਂ ਦੀ ਝੜੀ ਲਵਾ ਦਿੱਤੀ।

ਬੰਦੇ ਦਾ ਆਉਣਾ ਹੀ ਸਿੰਘਾਂ ਦੇ ਮੁਰਝਾਏ ਦਿਲਾਂ ਵਿੱਚ ਬਿਜਲੀ ਦਾ ਅਸਰ ਕਰ ਗਿਆ। ਇੱਕੋ ਵਾਰੀ ਗੱਚ ਖਾ ਕੇ ਤੁਰਕਾਂ ਉੱਤੇ ਜਾ ਪਏ, ਕਯੋਂਕਿ ਲੜਾਈ ਦੇ ਢਾਈ ਫੱਟ ਜਾਂ ਸਾਡੇ ਤਿੰਨ ਇੱਕ ਤਾਂ ਵੈਰੀ ਨੂੰ ਮਿਲ ਕੇ ਸਮੇਂ ਸਿਰ ਫੇਰ ਮਾਰ ਲੈਣਾ ਯਾ ਲੋਭ ਦੀ ਮੱਦ੍ਰਾ ਪਿਲਾ ਕੇ ਕਮਲੇ ਕਰ ਫੜ ਲੈਣਾ। ਦੂਜਾ ਨੱਠ ਕੇ ਜਾਨ ਬਚਾ ਲੈਣੀ, ਸਿਰ ਕਾਇਮ ਜੰਗ ਦਾਇਮ। ਅੱਧਾ ਇਹ ਹੈ ਵੈਰੀ ਦੇ ਹੱਲਾ ਕਰਨ ਤੋਂ ਪਹਿਲਾਂ ਹੱਲਾ ਕਰ ਕੇ ਗਲ ਜਾ ਪੈਣਾ, ਮਾਰ ਲਿਆ ਯਾ ਮਰ ਗਏ। ਹੁਣ ਜਿਨ੍ਹਾਂ ਸਿੰਘਾਂ ਨੇ ਮਨ ਵਿੱਚ ਸਰਹੰਦ ਨੂੰ ਮਾਰ ਲੈਣਾ ਯਾ ਸ਼ਹੀਦ ਹੋਣਾ ਦ੍ਰਿੜ੍ਹ ਥਾਪ ਰੱਖਿਆ ਸੀ। ਹੋਰ ਉਪਾਇ ਦਾ ਸਮਾਂ ਨਾ ਦੇਖ ਕੇ ਤੁਰਕਾਂ ਦੇ ਗਲ ਪੈਣਾ ਹੀ ਚੰਗਾ ਸਮਝਿਆ। ਇੱਕੋ ਵਾਰ 'ਸਤ ਸ੍ਰੀ ਅਕਾਲ' ਗਜਾ ਕੇ ਭੂਏ ਸ਼ੇਰ ਵੈਰੀ ਦੇ ਲਸ਼ਕਰ ਵਿੱਚ ਜਾ ਧਸੇ। ਬਾਜ਼ ਸਿੰਘ ਦੇ ਜੱਥੇ ਨੇ ਜਾਨ ਹੀਲ ਕੇ ਤੋਪਾਂ ਦੇ ਸਹਾਇਕਾਂ ਨੂੰ ਵੱਢ ਟੁੱਕ ਪਲੀਤਿਆਂ ਵਿੱਚ ਕਿੱਲ ਠੋਕ ਦਿੱਤੇ, ਤਲਵਾਰਾਂ ਖਿਚ ਲਈਆਂ, ਫਤੇ ਸਿੰਘ ਦੇ ਜਥੇ ਨੇ ਪੈਂਦੇ ਹੱਥ ਮਲੇਰੀਆਂ ਦਾ ਮੋਰਚਾ ਜਾ ਤੋੜਿਆ, ਭਾਵੇਂ ਮਲੇਰੀ ਫੌਜ ਬਥੇਰੀ ਲੜੀ, ਪਰ ਓਨ੍ਹਾਂ ਦੇ ਨੇਤ੍ਰਾਂ ਅੱਗੇ ਸਿੰਘ ਹੀ ਸਿੰਘ ਨਜ਼ਰ

ਆਉਣੇ ਕਰ ਐਸਾ ਡਰ ਬੈਠਾ ਕਿ ਬੇਦਿਲ ਹੋ ਕੇ ਕੰਬਣ ਲਗ ਪਏ। ਓਸੇ ਮੁਠਭੇੜ ਵਿੱਚ ਸ਼ੇਰ ਮੁਹੰਮਦ ਖਾਂ ਤੇ ਖ਼੍ਵਾਜਾ ਅਲੀ ਮੁਹੰਮਦ ਜਦ ਦੋਵੇਂ ਮਾਰੇ ਗਏ। ਫੌਜ ਨੇ ਪਿਠ ਦਿਖਾਈ।

ਸਾਰੇ ਮੁਸਲਮਾਨੀ ਫੌਜ ਵਿੱਚ ਮਲੇਰੀਆਂ ਦਾ ਮੋਰਚਾ ਬਹਾਦਰੀ ਵਿੱਚ ਅੜੀਅਲ ਗਿਣਿਆ ਹੋਇਆ ਸੀ। ਓਸ ਦਾ ਟੁੱਟਣਾ ਹੀ ਸਾਰੇ ਤੁਰਕਾਂ ਦੇ ਲੱਕ ਤੋੜ ਗਿਆ। ਮਰਜ਼ੀ ਰੱਬ ਦੀ, ਮਲੇਰੀਆਂ ਦੇ ਟੱਬਰ ਦੀ ਜਾਨ ਸਿੰਘਾਂ ਦੇ ਹੱਥੋਂ ਹੀ ਲਿਖੀ ਸੀ। ਕੁਛ ਚਮਕੌਰ, ਕੁਛ ਰੋਪੜ, ਸੰਘੋਲ, ਬਾਕੀ ਸਰਹੰਦ ਆ ਕੇ ਮਰ ਗਏ। ਮਲੇਰੀਆਂ ਦੇ ਮਰਦੇ ਹੀ ਸਿੰਘਾਂ ਦੇ ਦਿਲ ਵਧ ਗਏ। ਭਾਵੇਂ ਵਜੀਦ ਖਾਂ ਆਪਣੀ ਫੌਜ ਵਿੱਚ ਘੋੜਾ ਦੌੜਾ ਦੌੜਾ ਬਥੇਰੇ ਹੀ ਹੌਸਲੇ ਇਨਾਮ ਦੇ ਰਿਹਾ ਸੀ, ਪਰ ਇੱਕ ਤਾਂ ਬੰਦੇ ਦੇ ਜਾਦੂ ਦਾ ਵਾਧੂ ਡਰ ਓਨ੍ਹਾਂ ਦੇ ਦਿਲ ਕੰਬਾ ਰਿਹਾ ਸੀ, ਦੂਜੇ ਤਿੰਨ ਪਹਿਰ ਦੇ ਲੜਦੇ ਹੋਏ ਭੁੱਖੇ ਤਿਹਾਏ ਜੇਠ ਦੀ ਧੁਪ ਤੇ ਲੋ ਨੇ ਹੋਸ਼ ਮਾਰ ਛਡੀ ਸੀ, ਕਯੋਂਕਿ ਓਹ ਮੁਗਲ, ਪਠਾਨ, ਸ਼ੇਖ, ਸੱਯਦ ਬਹੁਤ ਸੁਖਯਾਰੇ ਕੋਮਲ ਬਦਨ ਮਾਗਣੂਆਂ ਵਾਂਗੂੰ ਤੜਫ ਰਹੇ ਹਨ, ਏਧਰ ਬਹੁਤੇ ਜੱਟ ਸਿੰਘ ਹੀ ਹਨ ਜਿਨ੍ਹਾਂ ਨੇ ਸਾਰੀ ਉਮਰ ਧੁਪਾਂ ਲੋਆਂ ਤ੍ਰਿਖਾਂ ਦੀ ਖੇਚਲਾਂ ਦੇ ਕਸ਼ਟ ਸਹਾਰੇ ਹੋਏ ਸਨ, ਸਗੋਂ ਓਨ੍ਹਾਂ ਉੱਤੇ ਚੜ੍ਹਦੇ ਗਏ। ਭਾਵੇਂ ਪਹਿਲੇ ਤਾਂ ਸਿੰਘਾਂ ਦੀ ਜਿੱਤ ਦੀ ਖੇਤੀ ਕੁਮਲਾ ਰਹੀ ਸੀ, ਹੁਣ ਬੰਦੇ ਦਾ ਆਉਣਾ ਬੱਦਲ ਵਾਂਗ ਵਰਸ ਗਿਆ ਤੇ ਮਲੇਰੀਆਂ ਦੇ ਮਰਣੇ ਦੀ ਬਿਜਲੀ ਨੇ ਚਾਨਣਾ ਕਰ ਦਿਖਾਇਆ। ਜਿੱਤ ਦੀ ਆਸਾ ਦਾ ਖੇਤ ਫੇਰ ਫ਼ਲ ਪਿਆ। ਦੁਵੱਲੋਂ ਜੋਧੇ ਤੀਰਾਂ ਤਲਵਾਰਾਂ ਨਾਲ ਜੂਝ ਰਹੇ ਸਨ। ਬਬੇ ਅਖਰ ਦੁਹਾਂ ਦਲਾਂ ਦੇ ਦਿਲ ਵਧਾ ਰਹੇ ਸਨ, ਲੜਾਈ ਤੁਲੀ ਖੜੀ ਸੀ। ਝੋਕ ਵਜਦੀ ਨਾ ਦੇਖ ਕੇ ਬੰਦੇ ਨੇ ਓਨ੍ਹਾਂ ਪੰਜਾਂ ਤੀਰਾਂ ਵਿੱਚੋਂ ਜੋ ਗੁਰੂ ਜੀ ਨੇ ਬਖ਼ਸ਼ੇ ਸਨ। ਇੱਕ ਸਰਹੰਦ ਵੰਨੀ ਚਲਾ ਦਿੱਤਾ, ਜਿਸ ਦੇ ਛੁਟਦੇ ਹੀ ਐਡੀ ਕਹਿਰ ਦੀ ਅੰਧੇਰੀ ਛੁਟੀ ਕੰਕਰੀਆਂ ਧੂੜ ਨੇ ਸਤ੍ਰੂ ਬਯਾਕੁਲ ਕਰ ਸਿੱਟੇ। ਦੂਜਾ ਸਿੰਘਾਂ ਦਾ ਹੱਲਾ ਅੱਲਾ ਦਾ ਕਹਿਰ ਸਮਝੋ। ਤੀਜੇ ਅਚਾਨਕ ਕਿਸੇ ਸਿੰਘ ਦਾ ਤੀਰ ਵਜੀਦ ਦੇ ਸਰੀਰ ਨੂੰ ਚੀਰ ਕੇ ਘੋੜੇ ਉੱਤੋਂ ਦੌੜ ਜ਼ਮੀਨ ਪਰ ਸਿੱਟ ਗਿਆ। ਮਾਲਕ ਮਰੇ ਤੋਂ ਮਾਤੈਹਤ ਐਸੇ ਡਰਪੋਕ ਹੋ ਕੇ ਨੱਠ ਤੁਰੇ, ਜੋ ਓਸ ਦੀ ਲੋਥ ਭੀ ਨਾ ਚੁੱਕ ਸਕੇ, ਬਲਕਿ ਮਰੇ ਸਹਿਕਦੇ ਦਾ ਪਤਾ ਭੀ ਨਾ ਲੀਤਾ। ਭਾਈ ਫਤੇ ਸਿੰਘ ਓਸ ਦੇ ਨਜ਼ਦੀਕ ਹੀ ਜਥੇ ਨੂੰ ਲੜਾ ਰਿਹਾ ਸੀ, ਹਲਚਲੀ ਮਾਲੂਮ ਕਰ ਕੇ ਮਾਰ ਮਾਰ ਪੁਕਾਰਦਾ ਹੋਇਆ ਸ਼ੀਘਰ ਜਾ ਪੁੱਜਿਆ। ਸੈਹਕਦੇ ਹੀ ਸ਼ਤ੍ਰੂ ਨੂੰ ਚੁੱਕਾ ਕੇ ਬੰਦੇ ਪਾਸ ਲੈ ਆਂਦਾ। ਹੁਣ ਕੀ ਸੀ? ਤੁਰਕਾਨੀ ਪਲੋ ਪਲੀ ਵਿੱਚ ਮੈਦਾਨ ਖ਼ਾਲੀ ਕਰ ਤੁਰੀ। ਸਿੰਘਾਂ ਦੀ ਬਣ ਆਈ। ਤੇਗੇ ਸੂਤ ਕੇ ਓਨ੍ਹਾਂ ਦੀ ਪਿੱਠ ਉੱਤੇ ਚੜ੍ਹ ਗਏ। ਛੀ ਸਤ ਕੋਹ ਵਿੱਚ ਲੋਥਾਂ ਉੱਤੇ ਲੋਥਾਂ ਚੜ੍ਹਾ ਛੱਡੀਆਂ। ਧਰਤੀ ਨੂੰ ਸੂਹੀ ਪੁਸ਼ਾਕ ਪਹਿਨਾ ਕੇ ਸੁਹਾਗ ਵੰਤੀ ਕਰ ਦਿੱਤਾ। ਇਸਲਾਮੀ ਝੰਡਾ ਡਿੱਗ ਪਿਆ, ਸਿੰਘਾਈ ਨਿਸ਼ਾਨ ਲਹਿਰਾਣ ਲੱਗਾ। ਵਜੀਦ ਖਾਂ ਦੇ ਪੈਰੀਂ ਰੱਸਾ ਪਾ ਵੈਹੜਕਿਆਂ ਮਗਰ ਬੰਨ੍ਹ ਕੇ ਸਾਰੇ ਬਜ਼ਾਰਾਂ ਵਿੱਚ ਘਸੀਟ ਕਰਾਈ। ਓੜਕ ਕਚਹਿਰੀ ਦਰਵਾਜ਼ੇ ਦਰੱਖਤ ਨਾਲ ਪੁਠਾ ਟੰਗੇ ਹੋਏ ਦਾ ਮਾਸ ਚੀਲਾਂ ਕਾਗਾਂ ਨੂੰ ਖੁਲਾ ਛੱਡਿਆ। ਕੋਈ ਲਿਖਦੇ ਹਨ ਜੋ ਸਾੜ ਦਿੱਤਾ। ਬੇਟਾ ਓਸ ਦਾ ਸਮੁੰਦ ਖਾਂ ਟੱਬਰ ਨੂੰ ਲੈ ਕੇ ਪਹਿਲੇ ਹੀ ਦਿੱਲੀ ਵੰਨੀ ਦੌੜ ਗਿਆ ਸੀ। ਹੋਰ ਸੰਬੰਧੀ ਕਾਰਦਾਰ ਫੜ ਫੜ ਸਿੰਘਾਂ ਨੇ ਕੋਠੜੀਆਂ ਵਿੱਚ ਅੜਾ ਦਿੱਤੇ। ਸ਼ਾਹੀ ਖ਼ਜ਼ਾਨੇ ਤੋਪਖਾਨੇ ਕਿਲ੍ਹੇ ਵਰਗੇ ਮਕਾਨਾਂ ਪਰ ਕਬਜ਼ਾ ਕਰ ਕੇ ਬੰਦੇ ਦੀ ਮਰਜ਼ੀ ਤਾਂ ਨਹੀਂ ਸੀ, ਪਰ ਸਿੰਘਾਂ ਨੇ ਕਹਿ ਕੇ, ਤਿੰਨ ਦਿਨ ਲੁੱਟ ਲੈਣ ਦਾ ਹੁਕਮ ਲੈ ਲੀਤਾ। ਫੇਰ ਤਾਂ ਆਪੋ ਧਾਪ ਹੱਲਾ ਬੋਲ ਕੇ ਗਲੀਆਂ ਘਰਾਂ ਵਿੱਚ ਸਿੰਘ ਜਾ ਵੜੇ। ਬਲਕਿ ਜੋ ਲੁਟੇਰੇ ਲੋਗ ਜੰਗ ਵਿੱਚੋਂ ਨੱਠ ਕੇ ਪਿੰਡਾਂ ਵਿੱਚ ਕਈ ਹਜ਼ਾਰ ਬੈਠਾ ਸੀ, ਫਤੇ ਸੁਣ ਕੇ ਲੁੱਟ ਦੇ ਸਾਥੀ ਹੋ ਗਏ। ਲੁਟਣ ਲਈ ਸ਼ਹਿਰ ਉੱਤੇ ਟੁੱਟ ਪਏ, ਸਗੋਂ ਦਸ ਦਸ ਵੀਹ ਵੀਹ ਕੋਹ ਤਕ ਦੇ ਚਲਦੇ ਪੁਰਜੇ ਭੀ ਪੁਸ਼ਤਾਂ ਦੇ ਪ੍ਰਸ਼ਾਦੇ ਲੈ ਗਏ। ਸ਼ਹਿਰੀ ਬਦਮਾਸ਼ਾਂ ਨੇ ਆਪਣੇ ਤੇ ਆਪਣੇ ਸਾਕਾਂ

ਸੰਬੰਧਾਂ ਦੇ ਨਵੇਂ ਪੁਰਾਣੇ ਬਦਲੇ ਲੈਣ ਵਾਸਤੇ ਸਿੰਘਾਂ ਨੂੰ ਭੇਤ ਦੱਸ ਦੱਸ ਕੇ ਸਿੰਘਾਂ ਨਾਲੋਂ ਭੀ ਬਹੁਤ ਹਿੱਸਾ ਲੁੱਟ ਮਾਰ ਦਾ ਲੀਤਾ, ਕਿਉਂਕਿ ਓਹ ਸ਼ਹਿਰ* ਦੇ ਭੇਤੀ ਸੇ।

੧੪ ਜੇਠ ਸੰ. ੧੭੬੫ ਨੂੰ ਸਿੰਘ ਤੇ ਲੁਟੇਰੇ ਲੋਕਾਂ ਨੇ ਸ਼ਹਿਰ ਵਿੱਚ ਘੁਸ ਕੇ ਜੱਥਾ ਜੋਗ ਸਾਮਾਨ ਜ਼ੇਵਰ ਨਕਦੀ ਨੂੰ ਬਹੁਤੇ ਹੱਥ ਮਾਰੇ। ਜਿੰਦੇ ਤਖ਼ਤੇ ਤੋੜ ਸੁਟੇ। ਜਿਸ ਨੇ ਅੱਗੋਂ ਹੱਥ ਉਠਾਇਆ ਸੋਈ ਮਾਰ ਗਵਾਯਾ। ਧਾੜਵੀ ਜ਼ਾਲਮਾਂ ਨੇ ਤਾਂ ਭਾਰੀ ਬੇਤਰਸੀ ਨਾਲ ਕਟਾਰਾਂ ਤਲਵਾਰਾਂ ਦੀਆਂ ਚੋਕਾਂ ਦੇ ਦੇ ਲਹੂ ਲੁਹਾਣ ਕਰ ਕਰ ਦੌਲਤ ਕਢਾਈ। ਅਨੇਕ ਔਰਤਾਂ ਦੇ ਨੱਕ ਕੰਨ ਹੱਥ ਚੂੰਡੇ ਗਹਿਣਿਆਂ ਨੇ ਕਟਵਾ ਦਿੱਤੇ। ਚੌਂਕਾਂ ਤੇ ਕੂਚਯਾਂ ਵਿੱਚ ਲੋਥਾਂ ਦੇ ਢੇਰ ਲਗ ਗਏ। ਨਾਲੀਆਂ ਵਿੱਚ ਲਹੂ ਵਗ ਕੇ ਸੜਕਾਂ ਪਰ ਛਿੜਕਿਆ ਗਿਆ। ਲੋਕ ਸ਼ਹਿਰ ਛੱਡ ਕੇ ਭੱਜ ਗਏ। ਵਿਚਾਰੀਆਂ ਮੁਗਲਾਣੀਆਂ ਪਠਾਣੀਆਂ ਖਤਰਾਣੀਆਂ ਬਨਿਆਣੀਆਂ ਜਿਨ੍ਹਾਂ ਨੇ ਦੂਜੇ ਆਦਮੀ ਦੀ ਕਦੇ ਸ਼ਕਲ ਨਹੀਂ ਦੇਖੀ ਸੀ, ਜਾਨਾਂ ਲੈ ਕੇ ਘਰਾਂ ਤੋਂ ਨਿੱਕਲ ਦੌੜੀਆਂ। ਨੰਗੇ ਪੈਰੀਂ ਜੇਠ ਦੀ ਧੁਪ, ਉੱਤੋਂ ਸੂਰਜ ਸਾੜੇ, ਹੇਠੋਂ ਭੱਠ ਦੀ ਤਰ੍ਹਾਂ ਰੇਤਾ ਤਪਿਆ ਹੋਇਆ ਤੜਫਾ ਰਿਹਾ ਸੀ। ਭੁੱਖੀਆਂ ਤਿਹਾਈਆਂ ਤੋਬਾ ਤੋਬਾ! ਹਾਇ ਹਾਇ! ਪੁਕਾਰਦੀਆਂ ਜੰਗਲ ਵਿੱਚ ਹੈਰਾਨ ਪਰੇਸ਼ਾਨ ਭੈ ਭੀਤ ਸਨ। ਰਾਹ ਕੋਈ ਲੱਭੇ ਨਹੀਂ। ਓਢਣੀਆਂ ਪਾੜ ਪਾੜ ਪੈਰਾਂ ਨੂੰ ਬੰਨ੍ਹਣ, ਕਦੇ ਕਿਸੇ ਬ੍ਰਿਛ ਨੂੰ ਤੱਕਣ। ਓਸ ਸਮੇਂ ਦੇ ਕਸ਼ਟ ਨੂੰ ਓਹੋ ਅਨੁਭਵ ਕਰ ਸਕਦਾ ਹੈ, ਜਿਸ ਨੇ ਕਦੇ ਅਜੇਹੀ ਬਿਪਤਾ ਭੋਗੀ ਹੋਊ। ਅਜੇਹੀ ਅਫੜਾ ਦਫੜੀ ਪਈ ਭੈਣ ਨੂੰ ਭਾਈ, ਪੁੱਤ੍ਰ ਨੂੰ ਮਾਈ, ਸੱਸ ਨੂੰ ਜਵਾਈ, ਮਾਈ ਨੂੰ ਜਾਈ, ਕੋਈ ਕਿਸੇ ਨੂੰ ਮਿਲਣੀ ਨਾ ਪਾਈ। ਜਿਧਰ ਜਿਸ ਦਾ ਦਾਉ ਲਗਾ ਦੌੜ ਗਿਆ। ਸਭ ਨੂੰ ਆਪਣੀ ਆਪਣੀ ਜਾਨ ਦੀ ਬਣ ਗਈ। ਜੋ ਘੇਰੀਆਂ ਗਈਆਂ, ਅਨੇਕ ਖੁਦ ਹੀ ਕਟਾਰੀਆਂ ਖਾ ਕੇ ਯਾ ਖੂਹਾਂ ਵਿੱਚ ਡਿੱਗ ਕੇ ਜਾਨਾਂ ਦੇ ਗਈਆਂ। ਅਨੇਕਾਂ ਪਤਿਵੰਤੀਆਂ ਦੇ ਪਤਿ ਸਤ ਟੁੱਟ ਗਏ। ਐਸਾ ਕਹਿਰ ਦਾ ਭਯਾਨਕ ਸਮਾਂ ਬੀਤਿਆ, ਜੋ ਲਿਖਦੀ ਹੋਈ ਕਲਮ ਕੰਬਦੀ ਹੈ। ਤਿੰਨ ਦਿਨ ਏਹੋ ਕਰਾਲ ਹਾਲ ਬੀਤਿਆ। ਰੋਟੀ ਨਾ ਪਾਣੀ, ਨੀਂਦ ਉਨੀਂਦਿਆ ਬਹਾਣੀ। ਸਰਹੰਦ ਸ਼ਹਿਰ ਜੋ ਪੰਦ੍ਹਾਂ ਸੋਲ੍ਹਾਂ ਕੋਸ ਦੇ ਗੇੜ ਵਿੱਚ ਵਸਦਾ ਸੀ, ਏਸ ਲੁੱਟ ਮਾਰ ਦੇ ਗ਼ਰਮ ਬਜ਼ਾਰ ਨੇ ਵਿਗਾੜ ਕੇ ਉਜਾੜ ਕਰ ਛੱਡਿਆ। ਲੁਟੇਰੇ ਲੋਕ ਪੁਸ਼ਤਾਂ ਦੀ ਦੌਲਤ ਲੈ ਗਏ। ਸੈਂਕੜੇ ਸੇਠ, ਨਵਾਬ ਅਮੀਰ ਫ਼ਕੀਰ ਹੋ ਗਏ, ਬੇਅੰਤ ਰੰਕ ਰਾਵ

---

*ਏਹ ਸ਼ਹਿਰ ਭਾਵੇਂ ਪੁਰਾਣਾ ਸੀ, ਪਰ ਉੱਘਾ ਫੀਰੋਜ਼ਾ ਸ਼ਾਹ ਦੇ ਵੇਲੇ ਹੋਇਆ ਹੈ। ਪਹਿਲੇ ਨਜਾਮਤ ਗਾਹ ਸਮਾਣਸੀ ਏਸ ਨੂੰ ਸ਼ਾਹੀ ਸੜਕ ਉੱਤੇ ਜੋ ਦਿੱਲੀ ਲਾਹੌਰ ਦੀ ਸੀ, ਦੇਖ ਕੇ ਏਥੇ ਸੂਬੇ ਨੂੰ ਰਹਿਣ ਦਾ ਹੁਕਮ ਦੇ ਕੇ ਸਾਰੇ ਪ੍ਰਗਣੇ ਏਸੇ ਸਰਹੰਦ ਦੀ ਬਾਉਨੀ ਨਾਲ ਲਾ ਦਿੱਤੇ। ਏਹੋ ਬਵੰਜਾ ਲਖ ਦੀ ਬਾਉਨੀ ਕਰ ਦਿੱਤੀ। ਓਦੋਂ ਹਰੇਕ ਬਾਦਸ਼ਾਹ ਗ਼ਰਮੀਆਂ ਕਟਣ ਕਸ਼ਮੀਰ ਜਾਇਆ ਕਰਦਾ ਸੀ। ਏਹੋ ਪੜਾਉ ਸਰਕਾਰੀ ਬਣ ਗਿਆ। ਫੇਰ ਤਾਂ ਉਚੇ ਉਚੇ ਸੋਹਣੇ ਸੋਹਣੇ ਮਹਿਲ ਮੰਦਰ ਮਕਬਰੇ ਮਸੀਤਾਂ ਮਕਾਨ ਬਣ ਗਏ। ਭਾਵੇਂ ਮਕਬਰੇ ਹੋਰ ਭੀ ਬਹੁਤ ਹਨ ਪਰ ਐਹਮਦ ਮੁਦਦ ਅਲਫ ਸਾਨੀ ਦੀ ਖਾਨਕਾਹ ਜੋ ਬਹਾਦਰਸ਼ਾਹ ਬਾਦਸ਼ਾਹ ਦੀ ਬੇਟੀ ਨੇ ਲੱਖਾਂ ਰੁਪਯੇ ਖ਼ਰਚ ਕੇ ਕੀਮਤੀ ਪੱਥਰਾਂ ਨਾਲ ਸਜਾ ਕੇ ਬਨਵਾਈ ਹੋਈ ਹੈ, ਐਸਾ ਸਜਿਆ ਹੋਇਆ ਜਾਗੀਰਦਾਰ ਅੱਜ ਕਲ੍ਹ ਭੀ ਓਥੇ ਹੋਰ ਕੋਈ ਮਕਾਨ ਨਹੀਂ। ਟੋਡਰ ਮਲ ਦੀਵਾਨ ਵਰਗੇ ਬੇਅੰਤ ਅਮੀਰ ਏਥੇ ਵਸ ਪਏ, ਜਿਸ ਕਰ ਕੇ ਬਾਗ਼ ਤੁਲਾਉ ਬਾਯਾਂ ਕੂਏ ਲਗ ਗਏ। ਦਿੱਲੀ ਲਾਹੌਰ ਦੇ ਵਿੱਚਕਾਰ ਭਾਰੀ ਰੌਣਕ ਵਾਲੀ ਏਸੇ ਸ਼ਹਿਰ ਦੀ ਛਬ ਚੰਗੇ ਢਬ ਦੀ, ਬਲਕਿ ਲਾਹੌਰ ਭੀ ਏਸ ਅੱਗੇ ਫਿਕਾ ਸੀ, ਕਿਉਂਕਿ ਹਰ ਪ੍ਰਕਾਰ ਦੇ ਹੁਨਰਾਂ ਵਾਲੇ ਕਾਰੀਗਰ, ਸ਼ਾਹੂਕਾਰ ਏਥੇ ਬਾਦਸ਼ਾਹ ਨੇ ਵਸਾ ਰੱਖੇ ਸਨ। ਅਕਬਰ ਤੋਂ ਲੈ ਕੇ ਅੰਤਮ ਬਹਾਦਰਸ਼ਾਹ ਤੱਕ ਏਸ ਨੂੰ ਕਦੇ ਕਿਸੇ ਨੇ ਲੁਟ ਮਾਰ ਕੇ ਤੱਤੀ ਵਾਉ ਨਹੀਂ ਲਾਈ ਸੀ। ਪਰ ਕੋਈ ਕੀ ਜਾਣਦਾ ਸੀ ਕਿ ਏਸ ਫਲੇ ਫੂਲੇ ਫਬੇ ਹੋਏ ਬਾਗ਼ ਨੂੰ ਵਜੀਦੇ ਮਾਲੀ ਬੇਈਮਾਨ ਦੀ ਜ਼ੁਲਮੀ ਨੇ ਭੁੱਖ ਬੇਸ਼ੁਮਾਰ ਊਂਠਾਂ ਦੀ ਕਤਾਰ ਤੋਂ ਬਰਬਾਦ ਕਰਾ ਦੇਣਾ ਸੀ? ਏਹ ਗੱਲ ਸੱਚ ਹੈ ਕਿ ਇੱਕ ਪਾਪੀ ਪੁਰਖ ਬੇੜੀ ਦੇ ਪੂਰ ਨੂੰ ਡੋਬ ਛੱਡਦਾ ਹੈ। ਖੇਤੀ ਦੇ ਮਾਲਕ ਦੀ ਬਦਨੀਤ ਨਾਲ ਖੇਤੀ ਉਜੜ ਜਾਂਦੀ ਹੈ। (ਰਵਾਇਤ ਹੈ) ਇੱਕ ਵਾਰੀ ਜਹਾਂਗੀਰ ਬਾਦਸ਼ਾਹ ਕਸ਼ਮੀਰ ਗਿਆ। ਸ਼ਿਕਾਰ ਵਿੱਚ ਪਿਆਸ ਲੱਗੀ। ਇੱਕ ਬਾਗ਼ਵਾਨ ਤੋਂ ਇੱਕ ਅਨਾਰ ਮੰਗ ਕੇ ਲੀਤਾ। ਨੱਪਯਾ ਤਾਂ ਰਸ ਦਾ ਪਿਆਲਾ ਭਰ ਗਿਆ। ਪੀ ਕੇ ਬਹੁਤ ਖ਼ੁਸ਼ ਹੋਇਆ। ਮਾਲੀ ਤੋਂ ਬਾਗ਼ ਦਾ ਮਾਮਲਾ ਸ਼ਾਹੀ ਖ਼ਜ਼ਾਨੇ ਵਿੱਚ ਦੇਣਾ ਬਹੁਤ ਥੋੜਾ, ਆਮਦਨੀ ਬਹੁਤੀ ਸੁਣ ਕੇ ਚਲਾ ਗਿਆ। ਮਨ ਹੀ ਮਨ ਵਿੱਚ ਮਾਮਲਾ ਪਹਿਲੇ ਤੋਂ ਚੌਗੁਣਾ ਲੈਣਾ ਥਾਪ ਲੀਤਾ। ਮੁੜ ਕੇ ਉਸ ਰਸਤੇ ਸੰਝ ਨੂੰ ਆਇਆ ਕਈ ਅਨਾਰ ਤੁੜਾਏ ਨਪੇ ਤੇ ਪਯਾਲਾ ਨਾ ਭਰਿਆ। ਬਾਦਸ਼ਾਹ ਨੇ ਇਹ ਕਾਰਨ ਮਾਲੀ ਤੋਂ ਪੁੱਛਿਆ ਤਾਂ ਓਨ ਆਖਿਆ, "ਜੀ! ਸਾਡੇ ਬਾਦਸ਼ਾਹ ਦੀ ਨੀਤ ਵਿੱਚ ਫ਼ਰਕ ਪੈ ਗਿਆ ਹੈ, ਤਾਂ ਰਸ ਸੁਕ ਗਿਆ ਹੈ। ਬਾਦਸ਼ਾਹ ਨੇ ਵੁਜ਼ੂ ਕਰ ਨਿਮਾਜ ਪੜ੍ਹ ਕੇ ਆਪਣੀ ਭੁੱਲ ਬਖ਼ਸ਼ਾਈ। ਦੂਜੇ ਦਿਨ ਫੇਰ ਉਸੇ ਤਰ੍ਹਾਂ ਇੱਕੋ ਫ਼ਲ ਵਿੱਚੋਂ ਰਸ ਦਾ ਪਯਾਲਾ ਭਰ ਗਿਆ। ਸ਼ਾਹੂਕਾਰ ਦੀ ਬਦਨੀਤ ਹੋਵੇ ਤਾਂ ਪੂੰਜੀ ਮਾਰੀ ਜਾਂਦੀ ਹੈ। ਵਪਾਰੀ ਦੀ ਨੀਤ ਵਿੱਚ ਤਰਕ ਆਵੇ ਤਾਂ ਘਾਟਾ ਪੈਂਦਾ ਹੈ। ਏਹ ਪ੍ਰੀਖਯਾ ਕੀਤੀ ਹੋਈ ਹੈ। ਸੋ ਵਜੀਦ ਖਾਂ ਦੀ ਬਦਨੀਤ ਨੇ ਸਰਹੰਦ ਸ਼ਹਿਰ ਪਰ ਕਹਿਰ ਪਾ ਕੇ ਉਜਾੜ ਕਰ ਕਢਿਆ।

ਬਣ ਬੈਠੇ। ਸਰਹੰਦ ਦੇ ਵਸਨੀਕ ਚਾਲਾਕ ਬਦਮਾਸ਼ ਹੱਥ ਰੰਗ ਬੈਠੇ। ਸਿੱਖ ਤਾਂ ਗੁਰੂ ਦੇ ਹੁਕਮ ਨੂੰ ਮੰਨਦੇ ਹੋਏ ਨਿਰੇ ਪੁਰੇ ਸਰਹੰਦ ਦੇ ਉਜਾੜਨ ਵਿੱਚ ਹੀ ਸਨ। ਓਥੋਂ ਦੇ ਜੰਮੇ ਜਾਏ ਭੇਤੀਆਂ ਨੇ ਜਿਤਨਾ ਨੁਕਸਾਨ ਕੀਤਾ, ਓਤਨਾਂ ਸਿੰਘਾਂ ਤੋਂ ਨਹੀਂ ਹੋਇਆ।

ਹੁਣ ਜਦ ਬੰਦੇ ਦੇ ਹੁਕਮ ਨਾਲ ਜੋ ਲੁੱਟ ਮਾਰ ਬੰਦ ਕਰ ਕੇ ਅਨੇਕ ਅਮੀਰ ਕਾਰਦਾਰ ਹਿੰਦੂ ਮੁਸਲਮਾਨ ਨਾਮੀ ਨਾਮੀ ਸਿੰਘਾਂ ਨੇ ਫੜ ਫੜ ਕੋਠੀਆਂ ਵਿੱਚ ਅੜਾ ਰਖੇ ਸਨ, ਓਹ ਕਢਾਏ। ਅਨੇਕ ਤਾਂ ਓਸ ਅਸਹਿ ਕਸ਼ਟ ਵਿੱਚ ਤੜਫ ਕੇ ਮਰ ਹੀ ਗਏ ਸਨ। ਬਾਕੀ ਜੋ ਜੀਉਂਦੇ ਨਿੱਕਲੇ ਓਨ੍ਹਾਂ ਵਿੱਚੋਂ ਸੁਚਾ ਨੰਦ ਜੇਹੇ ਦੁਸ਼ਟ ਵੱਖਰੇ ਕੈਦ ਕੀਤੇ ਗਏ, ਬਾਕੀ ਛੱਡ ਦਿੱਤੇ। ਕੈਦੀਆਂ ਨੂੰ ਜਥਾ ਜੋਗ ਸਜ਼ਾ ਮਾਰ ਕੁੱਟ ਦੀ ਯਾ ਜੁਰਮਾਨੇ ਦੀ ਦੇ ਕੇ ਰਿਹਾ ਕੀਤਾ। ਸੁੱਚਾ ਨੰਦ ਸੂਬੇ ਦਾ ਪੇਸ਼ਕਾਰ ਦੀਵਾਨ ਸੀ। ਉਸ ਦੇ ਨੱਕ ਵਿੱਚ ਨਕੇਲ ਪਵਾ ਕਰ ਰਿੱਛ ਵਾਂਗੂੰ ਟਪਾਉਂਦੇ ਹੋਏ ਓਸ ਦੇ ਸਾਮ੍ਹਣੇ ਓਸ ਦੇ ਸਭ ਸੰਬੰਧੀ ਔਰਤਾਂ ਮਰਦਾਂ ਨੂੰ ਭਾਰੀ ਬੇਦਰਦੀ ਨਾਲ; ਜਿਕੂੰ ਓਸ ਨੇ ਸਾਹਿਬਜ਼ਾਦੇ ਨੀਂਹਾਂ ਵਿੱਚ ਚੁਨਵਾਏ ਕਤਲ ਕਰਾਏ ਸਨ, ਓਹੋ 'ਦਹਿ ਦੁਨੀਆਂ ਸੱਤ੍ਰ ਆਖ਼ਰ' ਵਾਲੇ ਹਿਸਾਬ ਸੈਂ ਕੋਰੜਿਆਂ ਔਘੀਆਂ ਦੀ ਮਾਰ ਨਾਲ ਚਮੜੀਆਂ ਉਧੇੜ ਉਧੇੜ ਨੰਗੇ ਕਰ ਕੇ ਮਜ਼੍ਹਬੀ ਸਿੱਖਾਂ ਦੇ ਹੱਥ ਦੇ ਕੇ ਸਾਰੇ ਸ਼ਹਿਰ ਦੇ ਘਰ ਘਰ ਵਿੱਚੋਂ ਇੱਕ ਇੱਕ ਕੌਡੀ ਮੰਗਾ ਦਿਵਾਨ ਨੂੰ ਦਿਖਾ ਦਿਖਾ ਕਤਲ ਕਰ ਛੱਡਿਆ। ਔਰਤਾਂ ਨੀਲਾਮ ਕਰ ਕਢੀਆਂ। ਸੁਚਾ ਨੰਦ ਜੀਉਂਦਾ ਬੰਨ੍ਹ ਕੇ ਸਾੜਿਆ ਗਿਆ, ਕਯੋਂਕਿ ਗੁਰੂ ਦੇ ਮਾਸੂਮ ਬੇਗੁਨਾਹ ਬੱਚਿਆਂ ਨੂੰ ਕਸ਼ਟ ਦੇ ਕੇ ਕਤਲ ਕਰਾਏ ਜਾਣ ਦੇ ਅਤੀ ਘੋਰ ਪਾਪ ਦਾ ਕਾਰਨ ਏਹੋ ਸੀ। ਦੌਲਤ ਜੋ ਓਸ ਨੇ ਗ਼ਰੀਬਾਂ ਦੇ ਗਲ ਘੁੱਟ ਘੁੱਟ ਕੇ ਕੱਠੀ ਕੀਤੀ ਸੀ, ਓਸ ਨੇ ਓਸ ਨੂੰ ਏਡਾ ਸਖ਼ਤ ਦੰਡ ਦਿਵਾਇਆ, ਯਥਾ:

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥

(ਆਸਾ ਮਃ ੧ – ੪੧੭)

ਭਾਈ! ਹੱਕ ਬੇਹੱਕ ਦੀ ਕਮਾਈ ਸੁਖਦਾਈ ਦੁਖਦਾਈ ਹੈ। ਹੁਣ ਦੇ ਕਾਨੂੰਨੀ ਏਸ ਪਰਸੰਗ ਨੂੰ ਪੜ੍ਹ ਸੁਣ ਕੇ ਏਸ ਨੂੰ ਬੇਹੱਕ ਦਰਜੇ ਦਾ ਜ਼ੁਲਮ ਹੋਇਆ ਦੱਸਣਗੇ, ਪਰ ਜ਼ਰਾ ਕੁ ਪਲਕਾਂ ਚੁੱਕ ਕੇ ਜਦ ਓਸ ਸਮੇਂ ਦੇ ਹਾਕਮਾਂ ਦੇ ਜ਼ੁਲਮ ਤੇ ਹੁਣ ਦੇ ਕੰਮ ਹਾੜਨਗੇ ਤਾਂ ਆਪੇ ਕਹਿਣਗੇ ਏਹ ਸਜ਼ਾ ਕੁਛ ਭਾਰੀ ਨਹੀਂ ਹੋਈ। ਜਿਨ੍ਹਾਂ ਪਤਵੰਤੇ ਪੁਰਖਾਂ ਦੇ ਸਾਮ੍ਹਣੇ ਓਨ੍ਹਾਂ ਦੀਆਂ ਨੂੰਹਾਂ ਧੀਆਂ ਦੇ ਡੋਲੇ ਘਰ ਲਿਆਉਣ ਤੋਂ ਪੈਹਲੇ ਹੀ ਓਦੋਂ ਦੇ ਹਾਕਮ ਜ਼ੋਰੋ ਜ਼ੋਰੀ ਆਪਣੇ ਘਰ ਲੈ ਜਾ ਕੇ ਕਈ ਕਈ ਰਾਤਾਂ ਰੱਖ ਕੇ ਓਨ੍ਹਾਂ ਦੀਆਂ ਚਿਟੀਆਂ ਚਾਦਰਾਂ ਨੂੰ ਦਾਗੀ ਕਰ ਦੇਂਦੇ ਸਨ ਅਤੇ ਸੁੰਦਰ ਸੂਰਤ ਹਿੰਦੂਆਂ ਦੇ ਕੁੜੀਆਂ ਮੁੰਡੇ ਫੜ ਕੇ ਮੁਸਲਮਾਨ ਗ਼ੁਲਾਮ ਬਣਾ ਰੱਖਦੇ ਸਨ, ਫੇਰ ਕੇਵਲ ਕਲਮਾ ਪੜ੍ਹ ਕੇ ਦੀਨ ਮਨਾਉਣ ਬਦਲੇ ਚਰਖੀਆਂ ਪਰ ਚੜ੍ਹ ਕੇ ਯਾ ਤਸਮੇ ਕਸੀਸੇ ਯਾ ਬੰਦ ਬੰਦ ਕਟਵਾ ਕੇ ਯਾ ਸਾਰੇ ਸਰੀਰ ਵਿੱਚ ਕਿੱਲ ਠੁਕਾ ਕੇ ਯਾ ਕੁੱਤਿਆਂ ਤੋਂ ਤੁੜਵਾ ਕੇ ਮਾਰੇ ਜਾਣੇ ਦੇ ਓਨ੍ਹਾਂ ਪਹਾੜ ਜੇਡੇ ਜ਼ੁਲਮਾਂ ਅੱਗੇ ਤਾਂ ਏਹ ਜ਼ੁਲਮ ਰਾਈ ਦੇ ਦਾਣੇ ਜਿਤਨਾ ਭੀ ਨਹੀਂ ਹੋਇਆ, ਸਗੋਂ ਇਨਸਾਫ਼ ਹੋਇਆ ਸਮਝੋ।

ਫੇਰ ਅਮਨ ਦਾ ਢੰਡੋਰਾ ਫਿਰਾ ਕੇ ਬੰਦੇ ਨੇ ਖਾਲਸਈ ਨਿਸ਼ਾਨ ਕਿਲ੍ਹੇ ਪਰ ਝੁਲਾ ਦਿੱਤਾ ਬਾਜ਼ ਸਿੰਘ ਨੂੰ ਓਥੋਂ ਦਾ ਸੂਬਾ ਕੀਤਾ (ਕੁਸ਼ਲ ਚੰਦ ਨੇ ਬਖਤ ਸਿੰਘ ਸੁਨਾਰਾ ਲਿਖਾਇਆ ਹੈ ਜੋ ਭੁਲ ਹੈ) ਮਾਲੀ ਸਿੰਘ ਨੂੰ ਨਾਇਬ ਨਾਜ਼ਮ, ਫਤੇ ਸਿੰਘ ਨੂੰ ਨਵਾਬੀ ਖ਼ਿਤਾਬ ਦੇ ਕੇ ਸਮਾਣੇ ਦਾ ਹਾਕਮ ਕਰ ਕੇ ਮਲਵਈ ਸਿੰਘ ਸਭ ਓਸ ਦੇ ਤਾਬੇ ਕਰ ਦਿੱਤੇ। ਬਲਕਿ ਨੁਰੰਗੇ ਨੇ ਜਿੱਥੇ ਕਿਤੇ ਹਿੰਦੂਆਂ ਨੂੰ ਹਟਾ ਕੇ ਮੁਸਲਮਾਨ ਠਾਣੇਦਾਰ, ਤਸੀਲਦਾਰ, ਕਾਨੂਗੋ, ਫੌਜਦਾਰ ਬਨਾਏ ਸਨ ਓਨੀਂ ਸਭਨੀਂ ਥਾਈਂ ਬੰਦੇ ਨੇ ਸਿੱਖ ਯਾ ਹਿੰਦੂ ਹਾਕਮ ਕਰ ਦਿੱਤੇ। ਪਰਗਣੇ ਸਨਾਮ ਤੇ ਮਨਸੂਰਪੁਰ ਦੇ ਹਾਕਮ ਰੰਘੜ ਆਕੀ ਬੈਠੇ ਸਨ। ਫੌਜ ਭੇਜ ਕੇ ਓਨ੍ਹਾਂ ਦੀ ਚੰਗੀ ਭੰਗ ਝਾੜ ਝਾੜ ਉਨ੍ਹਾਂ ਸ਼ਹਿਰਾਂ ਨੂੰ ਲੁੱਟ ਮਾਰ ਕਮਜ਼ੋਰ ਕਰ ਕੇ ਸਿੱਖ ਹਾਕਮ ਕਾਇਮ ਕਰ ਦਿੱਤੇ। ਬਾਬੇ ਬਿਨੋਦ ਸਿੰਘ ਰਾਮ ਸਿੰਘ ਨੂੰ ਪਰਗਣੇ ਕਰਨਾਲ ਵਿੱਚ ਤਿਰਾਵੜੀ ਵਗੈਰਾ ਦੇ ਹਾਕਮ ਕੀਤਾ

ਗਿਆ। ਏਧਰ ਦਸ ਪੰਦ੍ਰਾਂ ਦਿਨ ਤੱਕ ਜਿਨ੍ਹਾਂ ਜਿਨ੍ਹਾਂ ਬਦਮਾਸ਼ਾਂ ਨੇ ਗੁਰੂ ਕੇ ਸਿੱਖਾਂ ਨਾਲ ਯਾ ਸਾਹਿਬਜ਼ਾਦਿਆਂ ਨਾਲ ਕੁਛ ਭੀ ਬੁਰਾਈ ਕੀਤੀ ਸੀ, ਮੁਖਬਰਾਂ ਦੇ ਜ਼ਰੀਏ ਓਨ੍ਹਾਂ ਨੂੰ ਫੜ ਫੜ ਜਥਾ ਜੋਗ ਸਜ਼ਾ ਦੇ ਕਰ ਸਿੰਘ ਆਪਣਾ ਦਬਾਓ ਪਾਉਂਦੇ ਰਹੇ।

ਕੌਣ ਜਾਣਦਾ ਸੀ ਕਿ ਸਰਹੰਦ ਦੀ ਸੂਬੇਦਾਰੀ ਬਵੰਜਾ ਲਖ ਰੁਪਯੇ ਆਮਦਨੀ ਦੀ ਮਾਲਕੀ ਬਾਜ਼ ਸਿੰਘ ਜੱਟ ਨੂੰ ਮਿਲ ਜਾਊ। ਓਹੋ ਸੇਜਾ ਵਿਛਵਾ ਕੇ ਏਨ੍ਹਾਂ ਸ਼ੀਸ਼ ਮਹਿਲਾਂ ਵਿੱਚ ਸਵੇਂਗਾ ਤੇ ਹੁਕਮ ਚਲਾਏਗਾ? ਏਹ ਸਭ ਹੈ ਤਾਂ ਗੁਰੂ ਦੀ ਦਾਤ, ਪਰ ਹਿੰਮਤ ਦਾ ਫ਼ਲ ਸਹੀ ਹੈ। ਹੁਣ ਓੜਕ ਜਦ ਮੁਸਲਮਾਨ ਤ੍ਰਾਹ ਤ੍ਰਾਹ ਕਰ ਕੇ ਬੰਦੇ ਦੀ ਚਰਨੀ ਆ ਪਏ, ਤਾਬੇਦਾਰੀ ਮਨਜ਼ੂਰ ਕਰ ਲਈ; ਕਹਾਵਤ ਹੈ, ਕਦੇ ਖੁਰਗੀਨ ਕਾਠੀ ਉੱਤੇ, ਕਦੇ ਕਾਠੀ ਖੁਰਗੀਨ ਉੱਤੇ, ਪਹਿਲੇ ਮੁਸਲਮਾਨਾਂ ਨੇ ਬੰਦੇ ਨਾਲੋਂ ਭੀ ਲੱਖ ਗੁਣਾ ਜ਼ੁਲਮ ਹਿੰਦੂਆਂ ਉੱਤੇ ਕੀਤੇ ਸਨ ਜੋ ਏਸੇ ਪੁਸਤਕ ਦੇ ਆਰੰਭ ਵਿੱਚ ਦਿਖਾਏ ਹਨ, ਓਨ੍ਹਾਂ ਪਾਪਾਂ ਦਾ ਫ਼ਲ ਮੁਹੰਮਦੀਆਂ ਨੂੰ ਪਰਮੇਸ਼੍ਵਰ ਨੇ ਬੰਦੇ ਦੇ ਹੱਥੋਂ ਦਿਵਾਯਾ। ਬਾਬੇ ਬੰਦੇ ਨੇ ੫੨੦੦੦੦੦ ਬਵਿੰਜਾ ਲੱਖ ਰੁਪਏ ਦਾ ਮੁਲਕ ਬਾਵਨੀ ਸਰਹੰਦ ਉੱਤੇ ਕਬਜ਼ਾ ਕਰ ਕੇ ਸਭ ਸਿੰਘਾਂ ਨੂੰ ਸੌਂਪ ਦਿੱਤਾ। ਆਪ ਫ਼ਕੀਰ ਦਾ ਫ਼ਕੀਰ ਬਣਿਆ ਰਿਹਾ। ਸਰਹੰਦ ਮਾਰੀ ਤੋਂ ਬਾਦ ਬੰਦੇ ਬਹਾਦਰ ਦਾ ਦਬਦਬਾ ਸਿਕੰਦਰ ਜੈਸਾ ਮੰਨ ਕੇ ਇਲਾਕੇ ਸਰਹੰਦ ਦੇ ਰਈਸ, ਚੌਧਰੀ, ਤਅੱਲਕੇਦਾਰ ਸਭ ਆਪਣੇ ਆਪ ਆ ਮਿਲੇ। ਸਾਰੀ ਖਲਕਤ ਏਸ ਤੋਂ ਡਰਦੀ ਥਰ ਥਰ ਕੰਬਦੀ ਸੀ ਤੇ ਖਾਲਸੇ ਦੀ ਚੜ੍ਹਦੀ ਕਲਾ ਤੇ ਰਾਜ ਹੁੰਦਾ ਦੇਖ ਕੇ ਸੈਂਕੜੇ ਲੋਗ ਹਰ ਰੋਜ਼ ਸਿੰਘ ਸਜ ਰਹੇ ਸਨ।

## ੨੨. ਮਸੰਦਾਂ ਦੀ ਸ਼ਾਮਤ ਤੇ ਪਾਇਲ ਘੁੜਾਮ ਸਹਾਰਨਪੁਰ ਆਦਿਕ ਮਾਰਨਾ

ਏਸੇ ਸਮੇਂ ਇੱਕ ਬੁਲਾਕੀ ਸਿੰਘ ਮਸ਼ਹੂਰ ਰਾਗੀ ਸਿੰਘ ਨੇ ਬੰਦੇ ਪਾਸ ਸਿੰਘਾਂ ਦੇ ਦੀਵਾਨ ਵਿੱਚ ਆ ਕੇ ਫਰਯਾਦ ਕੀਤੀ ਕਿ ਤਲਕੇ ਪਾਇਲ ਘੁੜਾਣੀ ਪਿੰਡ ਵਿੱਚ ਠਹਿਰ ਕੇ ਜਦ ਮੈਂ ਰਹੁਰਾਸ ਪੜ੍ਹਦੇ ਹੋਏ ਨੇ ਦਸਮ ਗੁਰੂ ਜੀ ਦੀ ਚੌਪਈ ਪੜ੍ਹੀ ਤਾਂ ਓਥੋਂ ਦੇ ਰਾਮਰਾਈਏ ਲੋਗਾਂ ਨੇ ਦਸਵੇਂ ਗੁਰੂ ਜੀ ਦੀ ਬਾਣੀ ਪੜ੍ਹਨ ਬਦਲੇ ਗੁਰੂ ਜੀ ਨੂੰ ਭੀ ਗਾਲੀਆਂ ਦਿੱਤੀਆਂ ਤੇ ਮੈਨੂੰ ਭੀ ਮਾਰਿਆ ਅਤੇ ਮੇਰਾ ਸਰੰਦਾ ਭੀ ਭੰਨ ਦਿੱਤਾ, ਓਨ੍ਹਾਂ ਨੂੰ ਸਿਖਿਆ ਦੇਣੀ ਚਾਹੀਦੀ ਹੈ। ਏਹ ਬ੍ਰਿਤਾਂਤ ਸੁਣ ਕੇ ਸਿੰਘਾਂ ਨੇ ਬੰਦੇ ਨੂੰ ਨਾਲ ਲੈ ਕੇ ਪਾਇਲ ਪਰ ਚੜ੍ਹਾਈ ਕਰ ਦਿੱਤੀ। ਪਾਇਲ ਨੂੰ ਲੁੱਟ ਮਾਰ ਕੇ ਰਾਮਰਾਈਆਂ ਨੂੰ ਬਹੁਤ ਸਜਾਇ ਦਿੱਤੀ ਤੇ ਬੁਲਾਕਾ ਸਿੰਘ ਨੂੰ ਓਥੋਂ ਦਾ ਠਾਣੇਦਾਰ ਕਰ ਕੇ ਆਪ ਇੱਕ ਦਸਤਾ ਫੌਜ, ਕੁਛ ਤੋਪਾਂ ਲੈ ਕੇ ਮਲੇਰਕੋਟਲੇ ਦੀ ਤਰਫ ਕੂਚ ਕਰ ਦਿੱਤਾ। ਘੁੜਾਣੀ, ਘੜੋਟੀ, ਧਮੋਟ ਆਦਿਕ ਅਨੇਕ ਪਿੰਡਾਂ ਤੋਂ ਨਜ਼ਰਾਨੇ ਲੈਂਦੇ ਹੋਏ ਅੱਗੇ ਵੱਧੇ ਤਾਂ ਨਵਾਬ ਗੁਲਸ਼ੇਰ ਮੁਹੰਮਦ ਖਾਂ ਕੋਟਲੇ ਵਾਲਾ ਜੋ ਆਨੰਦਪੁਰ ਦੀ ਅਫੜਾ-ਤਫੜੀ ਵਿੱਚੋਂ ਗੁਰੂ ਸਾਹਿਬ ਦੀ ਟਹਿਲਣ ਅਨੂਪ ਕੌਰ ਨੂੰ ਫੜ ਕੇ ਲੈ ਆਇਆ ਸੀ, ਓਸ ਨੂੰ ਮੁਸਲਮਾਨੀ ਕਰਨਾ ਚਾਹਿਆ ਪਰ ਓਹ ਮੁਸਲਮਾਨੀ ਨਾ ਹੋਈ, ਕਟਾਰੀ ਖਾ ਕੇ ਮਰ ਗਈ, ਨਵਾਬ ਨੇ ਓਸ ਨੂੰ ਦਫਨਾ ਕੇ ਕਬਰ ਬਣਾ ਰਖੀ ਸੀ। ਏਹ ਖ਼ਬਰ ਸੁਣ ਕੇ ਬਾਬੇ ਬੰਦੇ ਨੇ ਮਲੇਰਕੋਟਲੇ ਨੂੰ ਜਾ ਘੇਰਿਆ। ਮੁਸਲਮਾਨ ਡਰਦੇ ਮਾਰੇ ਘਰ ਛੱਡ ਛੱਡ ਕੇ ਬਾਹਰ ਭੱਜ ਗਏ। ਏਥੋਂ ਦੇ ਇੱਕ ਸ਼ਾਹੂਕਾਰ ਦੇ ਘਰ ਕਿਸੇ ਸਮੇਂ ਬੰਦਾ ਰਹਿ ਗਿਆ ਸੀ ਤੇ ਓਸ ਨੇ ਟਹਿਲ ਬਹੁਤ ਕੀਤੀ ਸੀ। ਓਸ ਨੇ ਬੰਦੇ ਨੂੰ ਪਹਿਚਾਣ ਲਿਆ, ਏਸ ਕਰ ਕੇ ਸ਼ਾਹੂਕਾਰਾਂ ਤੋਂ ੪੦੦੦ ਚਾਰ ਹਜ਼ਾਰ ਰੁਪਯਾ ਕੱਠਾ ਕਰ ਲਿਆ ਤੇ ਇੱਕ ਘੋੜਾ ਨਜ਼ਰ ਵਾਸਤੇ ਲੈ ਕੇ ਬਾਵੇ* ਆਤਮਾ ਰਾਮ ਸਮੇਤ ਸ਼ਹਿਰ ਦੀ ਪੰਚਾਇਤ ਨੂੰ ਲੈ ਕੇ ਬੰਦੇ ਨੂੰ ਜਾ ਮਿਲਿਆ। ਬਾਬੇ ਬੰਦੇ ਨੇ ਨਜ਼ਰ ਲੈ ਕੇ ਉਸ ਦੇ ਲਿਹਾਜ਼ ਨੂੰ ਸ਼ੈਹਰ ਦੀ ਲੁੱਟ ਮਾਰ ਮਾਫ਼ ਕਰ ਦਿੱਤੀ ਤੇ ਨਵਾਬ ਗੁਲਸ਼ੇਰ ਮੁਹੰਮਦ ਖਾਂ ਤੋਂ ੧੦੦੦੦ ਦਸ ਹਜ਼ਾਰ ਰੁਪਯਾ ਨਜ਼ਰਾਨਾ ਦੰਡ ਲੈ ਕੇ ਗੁਰੂ ਜੀ ਦੀ ਟਹਿਲਣ ਦੀਆਂ ਹੱਡੀਆਂ ਕਬਰ ਵਿੱਚੋਂ

---

*ਆਤਮਾ ਰਾਮ ਵੈਰਾਗੀ ਸਾਧੂ ਬੜਾ ਮਸ਼ਹੂਰ ਕਰਾਮਾਤੀ ਹੋਇਆ ਹੈ। ਹੁਣ ਭੀ ਓਸ ਦੇ ਨਾਮ ਦਾ ਮੇਲਾ ਨਿਮਾਣੀ ਕਾਦਸੀ ਨੂੰ ਭਰਦਾ ਹੈ। ਬੇਸ਼ੁਮਾਰ ਸੇਵਕ ਓਨ੍ਹਾਂ ਦੇ ਆ ਕਰ ਕੇ ਦੌਲਤ ਚੜ੍ਹਾਉਂਦੇ ਹਨ।

ਕਢਵਾ ਕੇ ਫੁਕਾਇ ਦਿੱਤੀਆਂ। ਫੇਰ ਰਾਇ ਕੋਟ ਦੀ ਤਰਫ ਕੂਚ ਕਰ ਦਿੱਤਾ। ਰਾਇ ਕੱਲੇ ਨੇ ੫੦੦੦ ਪੰਜ ਹਜ਼ਾਰ ਨਕਦ, ਪੰਜ ਘੋੜੇ ਨਜ਼ਰ ਦੇ ਕਰ ਆਪਣਾ ਮੁਲਕ ਗੁਰੂ ਦੀ ਬਖ਼ਸ਼ਸ਼ ਕਹਿ ਕੇ ਬਚਾ ਲੀਤਾ। ਏਸ ਵੇਲੇ ਸਰਹੰਦ ਦੇ ਅਠਾਈ ਪਰਗਨੇ ਸਿੰਘਾਂ ਅੱਗੇ ਸਿਰ ਝੁਕਾਈ ਖੜ੍ਹੇ ਸਨ। ਬੰਦੇ ਦੀ ਐਡੀ ਧਾਂਕ ਪੈ ਰਹੀ ਸੀ ਕਿ ਜਿੱਧਰ ਨੂੰ ਪੈਰ ਚੁੱਕਦਾ ਓਧਰੋਂ ਅੱਗੇ ਹੀ ਨਜ਼ਰਾਂ ਲੈ ਕੇ ਲੋਗ ਆ ਮਿਲਦੇ ਸਨ।

## ੨੩. ਕਿਲ੍ਹੇ ਲੋਹਗੜ੍ਹ ਦੀ ਕਾਇਮੀ

ਹੁਣ ਬੰਦੇ ਬਹਾਦਰ ਨੇ ਓਹ ਸਮਾਂ ਖ਼ਾਲੀ ਨਹੀਂ ਗੁਵਾਇਆ, ਕਿਉਂਕਿ ਓਹ ਚੰਗੀ ਤਰ੍ਹਾਂ ਜਾਣਦਾ ਸੀ ਜੋ ਔਕੜ ਦੇ ਵੇਲੇ ਕਿਲ੍ਹੇ ਕੋਟ ਹੀ ਕੰਮ ਦਿਆ ਕਰਦੇ ਹਨ। ਏਸੇ ਵਾਸਤੇ ਓਸ ਨੇ ਕਿਲ੍ਹੇ ਮੁਖਲਸਗੜ੍ਹ ਦੀ ਮੁਰੰਮਤ ਕਰਾਣੀ ਸ਼ੁਰੂ ਕਰ ਕੇ ਓਸ ਦਾ ਨਾਮ ਲੋਹਗੜ੍ਹ ਰੱਖਿਆ। ਬਹੁਤਾ ਸਾਮਾਨ ਜੰਗ ਦਾ ਓਥੇ ਜਮ੍ਹਾ ਕੀਤਾ। ਏਹ ਕਿਲ੍ਹਾ ਮੁਖਲਸ ਖਾਂ ਸੂਬੇ ਸਰਹੰਦ ਨੇ ਸਢੌਰੇ ਤੋਂ ਵੀਹ ਕੋਹ ਪਹਾੜ ਵਿੱਚ ਬਹੁਤ ਪੁਖਤਾ ਬਣਾ ਰੱਖਿਆ ਸੀ। ਸਰਹੰਦ ਮਾਰਨ ਤੋਂ ਪਿੱਛੋਂ ਓਸੇ ਸਮੇਂ ਬੰਦੇ ਨੇ ਬਨਵਾਉਣਾ ਅਰੰਭ ਦਿੱਤਾ। ਜਦ ਏਸ ਵਿੱਚ ਬੰਦੇ ਦੇ ਮੁਕਾਬਲੇ ਦਾ ਕੋਈ ਨਾ ਰਿਹਾ ਤਾਂ ਬਾਬੇ ਬਿਨੋਦ ਸਿੰਘ ਤੇ ਰਾਮ ਸਿੰਘ ਹਜ਼ੂਰੀ ਨੂੰ ੪੦੦੦ ਚਾਰ ਹਜ਼ਾਰ ਅਸਵਾਰ ਸਮੇਤ ਪਾਨੀਪਤ, ਤਿਰਾਵੜੀ ਵਿੱਚ ਉਤਾਰ ਦਿੱਤਾ ਤੇ ਭਾਈ ਫਤੇ ਸਿੰਘ, ਗੁਰਬਖ਼ਸ਼ ਸਿੰਘ, ਭਾਈ ਭਗਤੂ ਤੇ ਰਾਮ ਸਿੰਘ, ਤਿਲੋਕ ਸਿੰਘ ਫੂਲ ਕੇ, ਪ੍ਰੇਮ ਸਿੰਘ, ਧਰਮ ਸਿੰਘ ਭਾਈ ਰੂਪੇ ਕੇ; ਏਨ੍ਹਾਂ ਸਭਨਾਂ ਨੂੰ ਮੁਲਕ ਮਾਲਵਾ ਸਪੁਰਦ ਕਰ ਕੇ ਆਪ ਇਕੱਲਾ ਬੰਦਗੀ ਕਰਨ ਵਾਸਤੇ ਜੋਹੜਸਰ ਦੇ ਪਹਾੜਾਂ ਵਿੱਚ ਠੰਢੀ ਜਗ੍ਹਾ ਚਲਾ ਗਿਆ।

## ੨੪. ਦਿੱਲੀ ਤੋਂ ਫੌਜ ਆਉਣੀ ਸਿੰਘਾਂ ਤੋਂ ਸਰਹੰਦ ਛੁਡਾਣੀ ਤੇ ਸਿੰਘਾਂ ਨੇ ਫੇਰ ਕਬਜ਼ਾ ਕਰਨਾ

ਜਦ ਇਹ ਖ਼ਬਰ ਦਿੱਲੀ ਪਹੁੰਚੀ ਤਾਂ ਓਥੋਂ ਹਾਜੀ ਮੁਹੰਮਦ ਯਾਰ ਬੇਗ ਖ਼ਾਂ, ਸ਼ਾਹ ਅਨਾਯਤੁਲਾ, ਮੁਨੀਰ ਮੁਹੰਮਦ ਖ਼ਾਂ ਆਦਿਕ ਫੌਜਦਾਰਾਂ ਨੂੰ ੫੦੦੦ ਪੰਜ ਹਜ਼ਾਰ ਅਸਵਾਰ ਤੇ ਇਤਨੇ ਹੀ ਪਜਾਦਾ ਦੇ ਕੇ ਸਿੱਖਾਂ ਦੇ ਪਿੱਛੇ ਦਿੱਲੀ ਤੋਂ ਰਵਾਨਾ ਕੀਤਾ। ਤਿਰਾਵੜੀ ਪਾਸ ਬਾਬੇ ਬਿਨੋਦ ਸਿੰਘ ਨੇ ਮੁਕਾਬਲਾ ਤਾਂ ਕੀਤਾ ਪਰ ਓੜਕ ਹਾਰ ਖਾ ਕੇ ਸਰਹੰਦ ਵਿੱਚ ਸਿੰਘਾਂ ਨਾਲ ਆ ਮਿਲਿਆ। ਓਧਰ ਲਾਹੌਰ ਤੋਂ ਹੋਰ ਭੀ ਬਹੁਤ ਫੌਜ ਆ ਗਈ ਤੇ ਅਸੂ ਸੰ. ੧੭੬੫ ਬਿ. ਨੂੰ ਪਰਗਨੇ ਸਰਹੰਦ ਭਗਵੰਤ ਰਾਇ ਕਾਨੂੰਗੋ ਦੇ ਕਿਲ੍ਹੇ ਵਿੱਚ ਸਿੰਘਾਂ ਨੇ ਲੜਾਈ ਤਾਂ ਮਾਰੀ, ਪਰ ਸ਼ਕੱਸਤ ਖਾ ਕੇ ਕਿਲ੍ਹੇ ਲੋਹਗੜ੍ਹ ਦੀ ਤਰਫ ਚਲੇ ਗਏ। ਦੂਜੀ ਲੜਾਈ ਕਸਬੇ ਖਰੜ ਦੇ ਪਾਸ ਹੋਈ। ਫੇਰ ਭੀ ਖਾਲਸਾ ਹੀ ਹਰਨ ਹੋਇਆ। ਤਕੀ ਮੁਹੰਮਦ ਖ਼ਾਂ ਤੇ ਮੁਹੰਮਦ ਜਾਨ ਖ਼ਾਂ ਕਸੂਰੀ ਪਠਾਣਾਂ ਨੇ ਬੜੈਲ ਪਿੰਡ ਪਾਸ ਜਦ ਫੇਰ ਸਿੰਘ ਜਾ ਘੇਰੇ, ਜੰਗ ਹੋਣ ਲੱਗਾ ਤਦੋਂ ਹੀ ਕੁਦਰਤ ਨਾਲ ਪਹਾੜਾਂ ਵਿੱਚੋਂ ਬਾਬਾ ਬੰਦਾ ਆ ਗਿਆ ਫੇਰ ਤਾਂ ਇੱਕ ਇੱਕ ਸਿੰਘ ਦਸਾਂ ਦਸਾਂ ਜੇਹਾ ਹੋ ਗਿਆ, ਤੁਰਕਾਂ ਨੂੰ ਚਿੰਤਾ ਬਯਾਪ ਗਈ, ਕਿਉਂਕਿ ਓਨ੍ਹਾਂ ਨੂੰ ਏਹੋ ਨਿਸ਼ਚੇ ਹੋ ਰਿਹਾ ਸੀ ਕਿ ਬੰਦਾ ਅਜ਼ਮਤੀ ਹੈ, ਜਿਸ ਨੇ ਪੀਰ ਫ਼ਕੀਰ ਦੀ ਕਬਰ ਜਲਾਏ ਬਿਨਾਂ ਨਹੀਂ ਛੱਡੀ, ਓਹ ਸਾਨੂੰ ਕਦ ਛੱਡੇਗਾ?

ਕੋਈ ਕਹਿੰਦਾ ਸੀ ਏਸ ਦੇ ਪਾਸ (ਮਹਾਂਬੀਰ) ਮੁਵੱਕਲ ਹਨ, ਜਿਸ ਨੂੰ ਚਾਹੁੰਦਾ ਹੈ, ਓਨ੍ਹਾਂ ਤੋਂ ਮਰਵਾਇ ਦਿੰਦਾ ਹੈ। ਏਹੋ ਜੇਹੇ ਖਯਾਲ ਮੁਸਲਮਾਨਾਂ ਦੇ ਦਿਲ ਵਿੱਚ ਬੈਠ ਰਹੇ ਸਨ। ਏਸੇ ਕਾਰਨ ਡਰ ਡਰ ਕੇ ਆਪੇ ਭੱਜ ਨਿੱਕਲਦੇ ਸਨ। ਬੁੜੈਲ ਦੇ ਜੰਗ ਵਿੱਚ ਤਾਂ ਤੁਰਕ ਐਸੇ ਪਾਣੀ ਹੋਏ ਜੋ ਥੋੜ੍ਹੀ ਜੇਹੀ ਲੜਾਈ ਕਰ ਕੇ ਦੌੜ ਗਏ। ਦਸ ਕੋਸ ਤਕ ਸਿੰਘਾਂ ਨੇ ਪਿੱਛਾ ਕੀਤਾ, ਬੇਸ਼ੁਮਾਰ ਤਲਵਾਰ ਦੇ ਘਾਟ ਉਤਾਰੇ ਗਏ। ਤਕੀ ਮੁਹੰਮਦ ਖਾਂ, ਮੁਨੀਰ ਮੁਹੰਮਦ ਖਾਂ, ਅਨਾਯਤੁਲਾ ਆਦਿਕ ਬਹੁਤ ਸਰਦਾਰ ਮਾਰੇ ਗਏ। ਬਾਬੇ ਬੰਦੇ ਨੇ ਫੇਰ ਸਰਹੰਦ ਦੇ ਇਲਾਕੇ ਪਰ ਸਿੰਘਾਂ ਦਾ ਦਖ਼ਲ ਕਰਾ ਦਿੱਤਾ।

## ੨੫. ਲਸ਼ਕਰ ਦੀ ਵੰਡ ਤੇ ਮੁਰਿੰਡਾ ਮਾਰਨਾ

ਵੈਸਾਖ ਸੰ. ੧੭੬੬ ਬਿ. ਵਿੱਚ ਬੰਦੇ ਬਹਾਦਰ ਨੇ ਆਪਣੇ ਲਸ਼ਕਰ ਦੇ ਚਾਰ ਹਿੱਸੇ ਕੀਤੇ ਅਤੇ ਇੱਕ ਨੂੰ ਪਰਗਣੇ ਪਾਨੀਪਤ ਵਿੱਚ ਉਤਾਰ ਦਿੱਤਾ, ਦੂਸਰਾ ਸਰਹੰਦ ਵਿੱਚ, ਤੀਸਰਾ ਕਿਲ੍ਹੇ ਲੋਹਗੜ੍ਹ, ਚੌਥਾ ਬੜੇ ਬੜੇ ਮਸ਼ਹੂਰ ਬਹਾਦਰਾਂ ਦਾ ਝੁੰਡ ਆਪਣੇ ਪਾਸ ਰੱਖਿਆ। ਸਰਹੰਦ ਤੋਂ ਕੂਚ ਕਰ ਕੇ ਪਹਿਲੇ ਕਸਬੇ ਮੋਰੰਡੇ ਬਾਗ਼ਾਂ ਵਾਲੇ ਦੇ ਰੰਘੜਾਂ ਨੂੰ (ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਪੁੱਤ ਵੱਡੀ ਮਾਈ ਸਮੇਤ ਖੇੜੀ ਪਿੰਡ ਤੋਂ ਫੜ ਕੇ ਸਰਹੰਦ ਲੈ ਜਾ ਕਰ ਕਤਲ ਕਰਾ ਕੇ ਇਨਾਮ ਪਾਏ ਸਨ) ਜਾ ਘੇਰਿਆ। ਓਹ ਆਖਿਆ ਕਰਦੇ ਸਨ ਕਿ ਸਿੱਖੋ! ਜਦੋਂ ਤੱਕ ਅਸੀਂ ਤੁਹਾਡੇ ਵਾਲਾਂ ਦੇ ਰੱਸੇ ਬਣਾ ਕੇ ਘੋੜਿਆਂ ਨੂੰ ਨਹੀਂ ਬੰਨ੍ਹਦੇ, ਤਦੋਂ ਤੱਕ ਸਾਨੂੰ ਖਾਣਾ ਖਾਣਾ ਹਰਾਮ ਹੈ। ਓਹੋ ਬੋਲ ਕੁਬੋਲ ਤੇ ਜ਼ੁਲਮ ਕਰਨ ਦੇ ਬਦਲੇ ਬੰਦੇ ਨੇ ਜਾ ਕੱਢੇ। ਲੁੱਟ ਮਾਰ ਕਰ ਬਰਬਾਦ ਕਰ ਦਿੱਤੇ। ਆਪੇ ਹਰਾਮ ਖਾਣ ਬਗੈਰ ਮਰ ਗਏ।

ਆਪਣੀ ਤਵਾਰੀਖ ਦੇ ੧੦੯ ਸਫੇ ਪਰ ਖਾਫੀ ਖ਼ਾਂ ਲਿਖਦਾ ਹੈ ਕਿ ਜਦ ਬੰਦਾ ਮੁਸਲਮਾਨਾਂ ਦੇ ਪਿੰਡ ਨੂੰ ਲੁੱਟਦਾ ਮਾਰਦਾ ਹੋਇਆ ਸਹਾਰਨਪੁਰ ਦੀ ਤਰਫ ਝੁਕਿਆ, ਤਾਂ ਓਥੇ ਭੀ ਸਰਹੰਦ ਵਾਂਗੂੰ ਨਜਾਮਤ ਸਰਕਾਰ ਸੀ, ਜਿਸ ਦੇ ਤਾਬੇ ੨੮ ਪਰਗਣੇ ਨਨੌਤਾ, ਦੇਬਨ, ਰਾਮਪੁਰ, ਥੱਲ ਭੁਵਨ, ਵਗੈਰੇ ਸਨ। ਪਰਗਣਾ ਜਲਾਲਾਬਾਦ ਹਜਾਰ ਖਾਂ ਨੇ ਜਲਾਲਾਬਾਦੀਏ ਮਨਿਹਾਰ ਰਾਜਪੂਤ ਨੂੰ ਜੋ ਬਹੁਤੇ ਆਕੜ ਕੰਨੇ ਮਸਾਂ ਮਸਾਂ ਸਿੱਧੇ ਕਰ ਕੇ ਮੀਰ ਸ਼ਿਕਾਰ ਖਾਂ ਥਨਾ ਭਵਨ ਵਾਲੇ ਦੇ ਕਬਜ਼ੇ ਕਰਾਇਆ ਸੀ, ਕਿਉਂਕਿ ਓਸ ਨੂੰ ਨੁਰੰਗੇ ਵੱਲੋਂ ਜਾਗੀਰ ਮਿਲਿਆ ਸੀ। ਮੀਰ ਸ਼ਿਕਾਰ ਖ਼ਾਂ ਦੇ ਮਰੇ ਤੋਂ ਓਸ ਦੇ ਬੇਟੇ ਜਲਾਲ ਖ਼ਾਂ ਨੇ ਦਗ਼ੇ ਨਾਲ ਖੇੜੇ ਮਨਿਹਾਲ ਦੇ ਰਾਜਪੂਤ ਭੀਖਨ ਸਿੰਘ ਆਦਿਕ ਬਹੁਤੇ ਸੂਰਬੀਰ ਕਤਲ ਕਰ ਕੱਢੇ ਅਤੇ ਲੁਹਾਰੀ ਪਿੰਡ ਵਸਾ ਲੀਤਾ। ਤਦੋਂ ਜਲਾਲਾਬਾਦ ਲੁਹਾਰੀ ਉੱਘੇ ਹੋ ਗਏ। ਏਥੋਂ ਸੂਬੇ ਹਜ਼ਾਰ ਖ਼ਾਂ ਨੇ ਆਪਣੇ ਪਰਗਣਿਆਂ ਦੇ ਮੁਸਲਮਾਨਾਂ ਨੂੰ ਬੁਲਾ ਕੇ ਬੰਦਾ ਬਹਾਦਰ ਦੇ ਜ਼ੁਲਮ ਕਰ ਐਸਾ ਜੋਸ਼ ਦਿਵਾਇਆ ਕਿ ਇੱਕ ਲੱਖ ਆਦਮੀ ਦੇ ਲਗਭਗ ਮੁਸਲਮਾਨ ਕੱਠਾ ਹੋ ਗਿਆ ਤੇ ਹੋਰ ਬੇਸ਼ੁਮਾਰ ਮੁਸਲਮਾਨ ਓਸ ਦੇਸ ਦੇ ਹੱਥਾਂ ਨੂੰ ਮਹਿੰਦੀ ਲਾ ਲਾ ਗਾਨੇ ਤੇ ਹੱਥਯਾਰ ਬੰਨ੍ਹ ਬੰਨ੍ਹ ਸ਼ਹੀਦ ਹੋਣ ਲਈ ਸਹਾਰਨਪੁਰ ਵਿੱਚ 'ਕੱਠੇ ਹੋਏ, ਪਰ ਜਦ ਏਧਰੋਂ ਬਾਬੇ ਬੰਦੇ ਦਾ ਲਸ਼ਕਰ ਹੜ੍ਹ ਦੇ ਜਲ ਦੀ ਤਰ੍ਹਾਂ ਲੁੱਟਦਾ ਮਾਰਦਾ ਬਰਬਾਦ ਕਰਦਾ ਹੋਇਆ ਸਹਾਰਨਪੁਰ ਪਹੁੰਚਿਆ, ਤਦ ਅਲੀ ਮੁਹੰਮਦ ਖਾਂ ਬਿਨਾ ਹੀ ਜੰਗ ਕੀਤੇ ਡਰ ਕਰ ਸੰਬੰਧੀਆਂ ਸਮੇਤ ਰਾਤ ਨੂੰ ਦਿੱਲੀ ਦੀ ਤਰਫ ਨੱਠ ਗਿਆ। ਬਾਕੀ ਹਜਾਰ ਖ਼ਾਂ ਪਾਸ ਮੁਸਲਮਾਨ ਜੋ ਗਾਨੇ ਬੰਨ੍ਹ ਬੰਨ੍ਹ ਆਏ ਸਨ ਓਨ੍ਹਾਂ ਨੂੰ ਨਵਾਬ ਹਸ਼ਮਤ ਖਾਂ ਤੇ ਮੌਲਵੀ ਜਮਾਨ ਦੀਨ ਖਾਂ ਆਦਿਕ ਰਈਸਾਂ ਨੇ ਦਿਲਾਸੇ ਦੇ ਦੇ ਦੀਨ ਮਜ਼੍ਹਬ ਦਾ ਜੰਗ ਸ਼ੁਰੂ ਕਰਾ ਦਿੱਤਾ। ਮੁਸਲਮਾਨ ਅਲੀ ਅਲੀ ਬੋਲ ਕੇ ਸ਼ਹਿਰੋਂ ਨਿੱਕਲ ਤਿੰਨ ਦਿਨ ਬੜੀ ਅੰਧਾ ਧੁੰਧ ਦੀ ਲੜਾਈ ਕਰਦੇ ਰਹੇ। ਲੋਥਾਂ ਦੇ ਢੇਰ ਲੱਗ ਗਏ, ਲਹੂ ਦੇ ਨਾਲੇ ਵਗ ਤੁਰੇ। ਓੜਕ ੧੪ ਸ਼ਿਵਾਲ ਸੰ. ੧੧੨੨ ਹਿਜ਼ਰੀ ਤੇ ਸੰ. ੧੭੬੬ ਬਿ. ਨੂੰ ਸਿੰਘ ਹੱਲਾ ਕਰ ਕੇ ਸ਼ਹਿਰ ਵਿੱਚ ਜਾ ਵੜੇ ਤੇ ਹੋਰ ਭੀ ਲੁਟੇਰੀ ਖਲਕਤ ਬਹੁਤ ਆ ਗਈ। ਇੱਕ ਨੇ ਦੂਸਰੇ ਨੂੰ ਲੁੱਟਿਆ। ਸ਼ਹਿਰ ਵੈਰਾਨ ਹੋ ਸੁੱਟਿਆ। ਜਿਸ ਨੇ ਹੱਥ ਉਠਾਇਆ ਓਹੋ ਪਾਰ ਬੁਲਾਇਆ। ਹੋਰ ਭੀ ਸੈਂਕੜੇ ਮੁਸਲਮਾਨ ਮੁਖਬਰਾਂ ਦ੍ਵਾਰਾ ਫੜੇ ਹੋਏ ਭੇਡਾਂ ਬੱਕਰੀਆਂ ਵਾਂਗੂੰ ਕਤਲ ਕੀਤੇ ਗਏ। ਜਿਸ ਤਰ੍ਹਾਂ ਮੁਸਲਮਾਨ ਲੋਗ ਹਿੰਦੂਆਂ ਦਾ ਬੁਰਾ ਹਾਲ ਕਰਦੇ ਰਹੇ ਸਨ, ਓਹੋ ਸ੍ਵਾਦ ਮੁਸਲਮਾਨਾਂ ਨੂੰ ਚੱਖਣਾ ਪਿਆ। ਸੱਚ ਹੈ:

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥

(ਆਸਾ ਮਃ ੫ – ੪੦੬)

ਫੇਰ ਬੰਦੇ ਸਾਹਿਬ ਨੇ ਜਲਾਲਾਬਾਦੀਏ ਜਲਾਲ ਖ਼ਾਂ ਨਵਾਬ ਨੂੰ ਤੇ ਸ਼ਾਹਨਿਵਾਜ਼ ਖ਼ਾਂ ਨਜੀਬਾਬਾਦੀਏ ਆਦਿਕ ਰਈਸਾਂ ਨੂੰ ਲਿਖ ਭੇਜਿਆ ਕਿ ਤੁਸੀਂ ਭੀ ਲੜਾਈ ਵਾਸਤੇ ਤਿਆਰ ਹੋ ਜਾਓ। ਦੋ

ਮਹੀਨੇ ਨੂੰ ਤੁਹਾਡੀ ਵੱਲ ਆਵਾਂਗੇ। ਜਦਪਿ ਏਸ ਇਸ਼ਤਿਹਾਰ ਨੂੰ ਸੁਣ ਕੇ ਲੋਗਾਂ ਨੇ ਤਕੜਾਈ ਕੀਤੀ। ਪਰ ਜਦ ਖਾਲਸਾ ਜੀ ਦਾ ਦਲ ਓਸ ਦੇਸ ਦੇ ਨਵਾਬਾਂ ਨੂੰ ਲੁੱਟਦਾ ਮਾਰਦਾ ਹੋਇਆ ਹਰਿਦਵਾਰ ਇਸ਼ਨਾਨ ਕਰ ਕੇ ਨਜੀਬਾਬਾਦ ਪਹੁੰਚਿਆ ਤਾਂ ਓਥੋਂ ਦੇ ਨਵਾਬ ਦੂਦੇ ਖਾਂ ਨੇ ਨਜ਼ਰਾਂ ਦੇ ਕੇ ਆਪਣਾ ਸ਼ਹਿਰ ਲੁੱਟਣ ਥੀਂ ਬਚਾ ਲੀਤਾ। ਖਾਫੀ ਖ਼ਾਂ ਲਿਖਦਾ ਹੈ ਕਿ ਹਰ ਰੋਜ਼ ਪੰਜਾਹ ਸੱਠ ਮੁਸਲਮਾਨਾਂ ਦੇ ਮਾਰੇ ਬਿਨਾਂ ਬੰਦਾ ਅੰਨ ਜਲ ਨਹੀਂ ਕਰਦਾ ਸੀ। ਏਸੇ ਕਰ ਕੇ ਓਸ ਤੋਂ ਡਰਦੇ ਮੁਹੰਮਦੀ ਥਰ ਥਰ ਪਏ ਕੰਬਦੇ ਸਨ। ਏਸ ਦੇਸ਼ ਨੂੰ ਲੁੱਟ ਪੁੱਟ ਕੇ ਕੱਤਕ ਮਹੀਨੇ ਜਲਾਲਾਬਾਦ ਜਾ ਘੇਰਿਆ। ਜਲਾਲਾਬਾਦੀਏ ਨੇ ਭੀ ਰੁਹੇਲੇ, ਪਠਾਣ ਬਹੁਤ ’ਕੱਠੇ ਕਰ ਰੱਖੇ ਸਨ। ਓਹ ਦੋ ਮਹੀਨੇ ਜਾਨਾਂ ਤੋੜ ਤੋੜ ਕੇ ਲੜਦੇ ਰਹੇ। ਦੋਹਾਂ ਪਾਸਿਆਂ ਦੇ ਬਹੁਤ ਆਦਮੀ ਮਾਰੇ ਗਏ। ਕਈ ਵਾਰੀ ਇਹ ਜਿੱਤੇ, ਕਈ ਵਾਰੀ ਓਹ। ਇੱਕ ਵਾਰੀ ਸਿੱਖ ਦੁਸ਼ਮਣ ਦਾ ਜ਼ੋਰ ਦੇਖ ਕੇ ਦੌੜਨ ਲੱਗੇ ਤਾਂ ਦੇਬਣ ਪਾਸੋਂ ਬੰਦਾ ਬਹਾਦਰ ਫੇਰ ਮੋੜ ਕੇ ਲੈ ਗਿਆ ਤੇ ਮੁਲਕ ਮਾਲਵੇ ਮਾਝੇ ਦੇ ਹੋਰ ਸਿੰਘ ਬਹੁਤ ਬੁਲਾ ਲਏ। ਫੇਰ ਤਾਂ ਬੰਦੇ ਬਹਾਦਰ ਦੇ ਲਲਕਾਰੇ ਹੋਏ ਸਿੱਖ ਭੁੱਖੇ ਬਾਜਾਂ ਦੀ ਤਰ੍ਹਾਂ ਟੁੱਟ ਕੇ ਜਾ ਪਏ। ਬੜੀ ਭਾਰੀ ਲੜਾਈ ਹੋਈ। ਆਖ਼ਰ ਪੌੜੀਆਂ ਲਾ ਕੇ ਕਿਲ੍ਹੇ ਉੱਪਰ ਚੜ੍ਹ ਗਏ। ਓਹੋ ਕੁਸ਼ਾਲਚੰਦ ਲਿਖਦਾ ਹੈ ਕਿ ਸਿੰਘ ਜਾਨ ਪਿਆਰੀ ਨਹੀਂ ਕਰਦੇ ਸਨ, ਫਤੇ ਪਿਆਰੀ ਸਮਝਦੇ ਸਨ। ਬੇਸ਼ੁਮਾਰ ਸਿੱਖਾਂ ਨੂੰ ਰੁਹੇਲਿਆਂ ਨੇ ਸੀੜੀਆਂ ਉੱਤੋਂ ਮਾਰ ਮਾਰ ਗਿਰਾਇਆ। ਪਰ ਇੱਕ ਡਿਗਦਾ ਸੀ, ਤਾਂ ਦੋ ਹੋਰ ਉਸੇ ਡੰਡੇ ਉੱਤੇ ਜਾ ਖੜੇ ਹੁੰਦੇ। ਆਖ਼ਰ ਬਸੰਤ ਪੰਚਮੀ ਦੇ ਦਿਨ ਸਿੰਘਾਂ ਨੇ ਕਿਲ੍ਹੇ ਵਿੱਚ ਧਸ ਕੇ ਐਸੀ ਸ਼ਮਸ਼ੇਰ ਚਲਾਈ ਜੋ ਰੁਹੇਲੇ ਤੋਬਾ ਤੋਬਾ ਕਰ ਉੱਠੇ। ਬਹੁਤ ਤਾਂ ਮਾਰੇ ਗਏ ਬਾਕੀ ਨਵਾਬ ਜਲਾਲਦੀਨ ਖ਼ਾਂ ਸਮੇਤ ਬੜੀ ਮੁਸ਼ਕਲ ਨਾਲ ਦੌੜ ਕੇ ਦੂਸਰੇ ਕਿਲ੍ਹੇ ਵਿੱਚ ਜੋ ਉੱਥੋਂ ਚਾਰ ਕੋਹ ਪਰ ਸੀ, ਜਾ ਵੜੇ। ਹਾਥੀ, ਘੋੜੇ ਹਥਯਾਰ, ਖ਼ਜ਼ਾਨੇ, ਤੋਪਾਂ ਜੰਬੂਰੇ ਸਭ ਸਿੰਘਾਂ ਦੇ ਹੱਥ ਆਏ। ਸਿੰਘ ਜਲਾਲਾਬਾਦ ਦੀ ਲੁੱਟ ਦਾ ਸਮਾਨ ਲੈ ਕੇ ਕਿਲ੍ਹੇ ਲੋਹਗੜ੍ਹ ਵਿੱਚ ਚਲੇ ਆਏ। ਓਥੋਂ ਹੀ ਬਹੁਤ ਸਿੰਘ ਬੰਦੇ ਦੀ ਆਗਿਆ ਲੈ ਕੇ ਮਾਲ ਦੌਲਤ ਦੇ ਘੋੜੇ ਲੱਦੇ ਹੋਏ ਝੁੰਡ ਝੁੰਡ ਮਿਲ ਕੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਤੇ ਬਾਬਾ ਬੰਦਾ ਭੀ ਇੱਕ ਹਜ਼ਾਰ ਸਿੰਘਾਂ ਨੂੰ ਕਿਲ੍ਹੇ ਵਿੱਚ ਛੱਡ ਕੇ ਪਹਾੜੀਂ ਜਾ ਵੜਿਆ। ਏਸ ਹਲੇ ਵਿੱਚ ੧੦ ਹਜ਼ਾਰ ਨਵੀਨ ਸਿੰਘ ਥਾਨੇ ਭਵਨ ਦੇ ਪ੍ਰਗਣੇ ਦਾ ਸਜਯਾ ਸੀ। ਜਿਨ੍ਹਾਂ ਵਿੱਚ ਉਨਾਰਸਾ ਨਗਰ ਦੇ ਰਾਜਪੂਤ ਤਾਂ ਕੰਢੇ ਰਾੜ ਸਿੰਘ ਸਜ ਗਏ ਸਨ। ਭਾਵੇਂ ਸਿੱਖ ਤਾਂ ਪਹਿਲੇ ਭੀ ਸਨ, ਪਰ ਸਿੰਘਾਂ ਦੀਆਂ ਜਿੱਤਾਂ ਨੇ ਉਨ੍ਹਾਂ ਦੇ ਉਤਸ਼ਾਹ ਬਹੁਤ ਬੁਲੰਦ ਕਰ ਦਿੱਤੇ ਸਨ। ਜਲਾਲ ਖ਼ਾਂ ਨੇ ਏਹ ਗੱਲ ਸੁਣ ਕੇ ਐਸਾ ਕ੍ਰੋਧ ਵਧਾਇਆ ਕਿ ਉਨਾਰਸਾ ਦੇ ਸਾਰੇ ਰਾਜਪੂਤ ਫੜ ਮੰਗਾਏ। ਉਨਾਂ ਵਿੱਚ ਇੱਕ ਕਪੂਰ ਸਿੰਘ ਪੜ੍ਹਿਆ ਹੋਇਆ ਸੀ। ਓਸ ਨੇ ਬੰਦੇ ਪਾਸ ਸਾਰਾ ਹਾਲ ਲਿਖ ਕੇ ਭੇਜ ਦਿੱਤਾ। ਏਹ ਖ਼ਬਰ ਸੁਣਦੇ ਹੀ ਭਾਵੇਂ ਪਹਿਲੇ ਮੈਣਦਾਬ ਤੇ ਦੁਆਬਾ ਮਾਰਨਾ ਬੰਦੇ ਨੇ ਮਥ ਛੱਡਿਆ ਸੀ, ਪਰ ਉਨ੍ਹਾਂ ਸਿੰਘਾਂ ਦੇ ਪ੍ਰੇਰੇ ਹੋਏ ਨੇ ਪੰਜ ਕੁ ਹਜ਼ਾਰ ਸਿੰਘ ਤੇ ਦੋ ਤੋਪਾਂ ਨਾਲ ਲੈ ਕੇ ਓਧਰ ਨੂੰ ਕੂਚ ਕਰ ਕੇ ਸਹਾਰਨਪੁਰ ਦੇ ਨਾਜ਼ਮ ਸੱਯਦ ਅਲੀ ਮੁਹੰਮਦ ਖ਼ਾਂ ਨੂੰ ਜੋ ਹਜਾਰ ਖ਼ਾਂ ਮਕੇ ਤੋਂ ਸੂਬਾ ਹੋਇਆ ਸੀ, ਲਿਖ ਭੇਜਿਆ ਕਿ ਤਕੜਾ ਹੋ ਖਾਲਸਾਈ ਦਲ ਆਇਆ। ਤਾਬੇਦਾਰੀ ਮੰਨ ਯਾ ਲੜ। ਓਹਨੂੰ ਤਾਂ ਏਸ ਖ਼ਬਰ ਨੇ ਮੰਜੇ ਪਾ ਦਿੱਤਾ, ਜਦ ਸਿੰਘਾਂ ਦਾ ਦਲ ਜਮਨਾ ਦਾ ਰਾਜ ਘਾਟ ਲੰਘਿਆ। ਓਸਦੀਆਂ ਤਾਂ ਸਤੇ ਸੁਧਾਂ "ਧੀਰਜ, ਬੁਧਿ, ਬਵੇਕ, ਬਲ, ਗਤਿਮਤਿ, ਔਸਤ, ਬਾਤ, ਬਿਪਤ ਪਰੀ ਤੇ ਰੀ ਸਖੀ ਭੂਲ ਜਾਤ ਸੁਧ ਸਾਤ" ਭੁੱਲ ਗਈਆਂ। ਫੇਰ ਤਾਂ ਰਹੀ ਸਹੀ ਆਸ ਵੀ ਓਸ ਦੀ ਟੋਟੇ ਹੋ ਗਈ, ਭੱਜਣ ਨੂੰ ਤਿਆਰ ਹੋ ਬੈਠਾ। ਸ਼ਹਿਰ ਦੇ ਰਈਸ ਚੌਧਰੀ ਬਹੁਤ ਧੀਰਜ ਦੇ ਰਹੇ, ਪਰ ਕਿੱਥੋਂ ਦਿਲ ਟਿਕੇ? ਏਹੋ ਕਹੇ ਬੰਦੇ ਦੇ ਮੁਵੱਕਲ ਮੈਨੂੰ ਨਹੀਂ ਛੱਡਣਗੇ। ਆਖ਼ਰ ਆਪਣੇ ਟੱਬਰ ਕਬੀਲੇ ਨੂੰ ਲੈ ਕੇ ਰਾਤੋ ਰਾਤ ਦਿੱਲੀ ਵੰਨੀ ਦੌੜ ਗਿਆ। ਫੇਰ ਤਾਂ ਸਿੰਘਾਂ ਨੇ ਬਿਨਾ ਗੋਲੀ ਦਾਗ਼ੇ ਸਹਾਰਨਪੁਰ ਸ਼ਹਿਰ ਨਿਖਸਮਾਂ ਪਿਆ ਜਾ ਮੱਲਿਆ। ਸ਼ਹਿਰ ਵਾਲਿਆਂ ਨੇ ਟਾਕਰਾ ਕੀਤਾ, ਪਰ ਕੁਛ ਪੇਸ਼ ਨਾ

ਗਈ। ਸਿੱਖਾਂ ਤੇ ਲੁਟੇਰੇ ਲੋਗਾਂ ਨੇ ਸਾਰਾ ਸ਼ਹਿਰ ਲੁੱਟ ਕੇ ਕਈ ਜਗ੍ਹਾ ਅੱਗ ਭੀ ਲਾ ਦਿੱਤੀ। ਓਸ ਗੱਭੇ ਬਾਢ ਵਿੱਚ ਹਜ਼ਾਰਾਂ ਆਦਮੀ ਮਾਰੇ ਗਏ ਅਤੇ ਭਾਜੜ ਪੈ ਗਈ।

ਏਹ ਸ਼ਹਿਰ ਭਾਵੇਂ ਆਲਮਾਂ ਫਾਜ਼ਲਾਂ ਤੇ ਹੁਨਰਾਂ ਦਾ ਘਰ ਸੀ ਪਰ ਕਿਸੇ ਦੀ ਪੇਸ਼ ਨਾ ਗਈ। ਸਰਹੰਦ ਜੈਸੀ ਦੁਰਦਸ਼ਾ ਕਰ ਕੇ ਸਿੰਘੀ ਦਲ ਨੇ ਬਾਹਰ ਜਾ ਡੇਰਾ ਲਾਇਆ। ਖ਼ਬਰ ਲੱਗੀ ਕਿ ਬੇਹੁਟੇ ਪਿੰਡ ਦੇ ਪੀਰਜ਼ਾਦੇ ਜਿਕੂੰ ਪੀਰੀ ਮੁਰੀਦੀ ਦੇ ਕਾਰਨ ਉੱਘੇ ਹਨ, ਓਦੋਂ ਦੂਣੇ ਗਊਬਧ ਕਰਨ ਤੇ ਜ਼ਨਾਹੀ ਵਿੱਚ ਭੀ ਮਸ਼ਹੂਰ ਧਨੀ ਜਾਗੀਰਦਾਰ ਹਨ। ਬੰਦੇ ਨੇ ਓਸੇ ਘੜੀ ਇੱਕ ਦਸਤਾ ਫੌਜ ਸਿੱਖਾਂ ਦਾ ਭੇਜ ਦਿੱਤਾ। ਏਨ੍ਹਾਂ ਨੇ ਹੱਲਾ ਕਰ ਕੇ ਓਨ੍ਹਾਂ ਦੀ ਹਵੇਲੀ ਖੁੱਲ੍ਹੇ ਦਰਵਾਜ਼ੇ ਜਾ ਰੋਕੀ। ਲੋਕੀਂ ਜੋ ਅੱਕੀ ਹੋਈ ਸੀ, ਹਕੀ ਬੱਕੀ ਰਹਿ ਗਈ। ਜੇਹੜੇ ਲੋਕ ਓਨ੍ਹਾਂ ਤੋਂ ਸਤੇ ਹੋਏ ਸਨ, ਅੱਖ ਬਚਾ ਕੇ ਸਾਰਾ ਭੇਤ ਸਿੰਘਾਂ ਨੂੰ ਦੱਸ ਗਏ। ਫੇਰ ਤਾਂ ਸਿੰਘਾਂ ਨੇ ਹੱਥੋਂ ਹੱਥੀ ਮਰਦ ਸਭ ਫੜ ਲੀਤੇ। ਸਰਦਾਰ ਤਖ਼ਤਾ ਸਿੰਘ ਕੈਥੋ ਵਾਲੀਏ ਦੁਲਟ ਜ਼ਿਮੀਂਦਾਰਾਂ ਨੇ ਓਨ੍ਹਾਂ ਦੇ ਦੋਸ਼ੀਆਂ ਦੇ ਦੋਸ਼ਾਂ ਤੇ ਵਿਚਾਰ ਕਰਨੀ ਸ਼ੁਰੂ ਕੀਤੀ। ਫੇਰ ਤਾਂ ਪਰਗਣੇ ਦੇ ਲੋਗਾਂ ਨੇ ਆ ਕੇ ਜਦ ਓਨ੍ਹਾਂ ਦੇ ਭਾਰੇ ਭਾਰੇ ਕਾਰੇ ਕੀਤੇ ਹੋਏ ਸਿੰਘਾਂ ਨੂੰ ਸੁਣਾਏ, ਤਾਂ ਸਿੰਘਾਂ ਦੇ ਨੇਤ੍ਰਾਂ ਤੋਂ ਖ਼ੂਨ ਟਪਕ ਆਏ। ਅਤੀ ਘੋਰ ਜ਼ੁਲਮ ਓਨ੍ਹਾਂ ਦੇ ਸਾਬਤ ਕਰ ਕਰ ਐਸੀ ਸਜ਼ਾ ਦਿੱਤੀ ਜੋ ਫੇਰ ਕੋਈ ਐਸਾ ਕੰਮ ਨਾ ਕਰੇ। ਜਿੰਨੇ ਕਿਸੇ ਨੇ ਮਹਾਂ ਉਪਦ੍ਰਵ ਕੀਤੇ ਸਨ, ਓਹਨਾਂ ਦੇ ਪਾਪਾਂ ਅਨੁਸਾਰ ਦੰਡ ਦਿੱਤਾ ਜਾਣ ਲੱਗਾ। ਕੋਈ ਕੁੱਤਿਆਂ ਤੋਂ ਪੜਵਾਏ, ਕੋਈ ਕੋੜਿਆਂ ਨਾਲ ਮਰਵਾਏ, ਬਾਕੀ ਤਲਵਾਰ ਦੀ ਧਾਰ ਅੱਗੇ ਬਹਾ ਛੱਡੇ। ਕਈ ਮੁਸਲਮਾਨ ਤੀਵੀਆਂ ਨੇ ਸਿੰਘਾਂ ਨਾਲ ਅਨੰਦ ਪੜ੍ਹਾਣ ਦੀ ਇੱਛਾ ਪ੍ਰਗਟ ਕੀਤੀ। ਖ਼ਾਲਸੇ ਨੇ ਅੰਮ੍ਰਿਤ ਛਕਾ ਸਿੰਘਣੀਆਂ ਸਜਾ ਸਜਾ ਅਨੰਦ ਪੜ੍ਹਾ ਲੀਤੇ।

## ੨੯. ਜਲਾਲ ਖਾਂ ਬੰਦੇ ਦਾ ਸੰਬਾਦ ਤੇ ਅੰਬੇਟੇ ਤੇ ਨਨੋਤੇ ਨੂੰ ਮਾਰਨਾ

ਹੁਣ ਬੰਦੇ ਨੇ ਜਲਾਲ ਖਾਂ ਨੂੰ ਲਿਖਿਆ ਕਿ ਤੁਸੀਂ ਉਨਾਰਸੇ ਵਾਲਿਆਂ ਸਿੱਖਾਂ ਨੂੰ ਛੱਡ ਦੇਓ, ਨਹੀਂ ਤਾਂ ਜੰਗ ਮੰਨੋ। ਓਸ ਦੇ ਪਾਸ ਬਹੁਤ ਸਾਰੇ ਪਠਾਣ ਖੈਬਰੀ ਸਨ। ਓਨ੍ਹਾਂ ਦੇ ਗੁਮਾਨ ਵਿੱਚ ਆ ਕੇ ਜਵਾਬ ਦਿੱਤਾ, "ਤੂੰ ਫ਼ਕੀਰ ਗਾਂਵਵੀਂ ਧਾੜ ਦੇ ਭਰੋਸੇ ਮੈਨੂੰ ਕੀ ਸਮਝਦਾ ਹੈਂ? ਮੈਂ ਕੋਈ ਸਢੌਰੇ, ਸਰਹੰਦ, ਸਹਾਰਨ ਦੇ ਹਾਕਮਾਂ ਜੈਸਾ ਨਹੀਂ, ਜੋ ਧਮਕੀ ਸੁਣਦੇ ਹੀ ਪ੍ਰਾਣ ਢਿੱਲੇ ਛੱਡ ਕੇ ਮੁਰਦੇ ਹੋ ਜਾਣਗੇ। ਮੈਂ ਓਹ ਬਹਾਦਰ ਹਾਂ ਜਿਸ ਨੇ ਔਰੰਗਜ਼ੇਬ ਜੇਹੇ ਹਾਕਮਾਂ ਦੇ ਰੋਬਰੋ ਅਨੇਕ ਜੰਗ ਜਿਤ ਕੇ ਨਜਾਮ ਤਾਨੇਸ਼ਾਹ ਹੈਦਰਾਬਾਦ ਅਤੇ ਹੁਸੰਗਾ ਬਾਦੀਏ ਤੇ ਸਤਾਰੇ ਦੇ ਮ੍ਰਹਿਟੇ ਫਤੇ ਕੀਤੇ ਹਨ। ਤੂੰ ਨਿਸ਼ੰਗ ਚਲਾ ਆ ਆਪਣੀ ਹੌਸ ਪੂਰੀ ਕਰ ਲੈ।"

ਅਜੇ ਏਹ ਜੁਆਬ ਲੈ ਕੇ ਬੰਦੇ ਪਾਸ ਆਦਮੀ ਪੁਜਿਆ ਹੀ ਨਹੀਂ ਸੀ। ਸਿੰਘ ਪਹਿਲੇ ਹੀ ਓਧਰ ਨੂੰ ਸਿਰਕਦੇ ਜਾ ਰਹੇ ਸਨ। ਜਲਾਲ ਖਾਂ ਦਾ ਜਵਾਬ ਸੁਣ ਕੇ ਬੰਦਾ ਭੀ ਅੱਗ ਭਬੂਲਾ ਹੋ ਗਿਆ। ਫੌਰਨ ਅੰਬੇਟੇ ਦੇ ਪਠਾਣਾਂ ਨੂੰ ਜਾ ਘੇਰਿਆ। ਸਿੰਘਾਂ ਦੀ ਤੇਗ਼ ਦੀ ਤਾਬ ਨਾ ਝੱਲ ਕੇ ਓਹ ਤਾਂ ਭੱਜ ਨਿੱਕਲੇ। ਅੰਬੇਟੇ ਨੂੰ ਲੁੱਟ ਮਾਰ ਸੁਧਾਰ ਕੇ ਸਿੰਘ ਨਨੋਤੇ ਵੱਲ ਵਧਦੇ ਚਲੇ ਗਏ।

ਏਥੇ ਭਾਵੇਂ ਧਨੀ ਸ਼ੇਖ ਤੇ ਗੁੱਜਰ ਪਠਾਣ ਸੱਯਦ ਭੀ ਬਹੁਤ ਸਨ, ਪਰ ਇੱਕ ਜ਼ੈਦ ਨਾਮੀ ਸੱਯਦ ਨੂੰ ਕ੍ਰੋੜਪਤੀ ਆਖਦੇ ਸਨ, ਧਨਾਢ ਮਸ਼ਹੂਰ ਸਨ। ਫਸੀਲ ਭੀ ਸ਼ਹਿਰ ਦਾ ਢੱਕਣ ਹੁੰਦੀ ਹੈ। ਜੋ ਆਪਸ ਮੇਂ ਸ਼ੇਖਾਂ ਸੱਯਦਾਂ ਨੇ ਮਿਲ ਕੇ ਨਾ ਬਣਾਈ, ਨਾ ਕਿਸੇ ਇੱਕ ਨੂੰ ਬਣਾਉਣ ਦਿੱਤੀ। ਖੁਲ੍ਹੇ ਦਰਵਾਜ਼ੀਂ ਸਿੰਘ ਸ਼ਹਿਰ ਵਿੱਚ ਜਾ ਧਸੇ। ਭਾਵੇਂ ਸੱਯਦਾਂ ਸ਼ੇਖਾਂ ਦੇ ਪਿੰਡ ਏਥੇ ਕਈ ਸਨ, ਪਰ ਤੱਪੇ ਦੇ ਮਾਲਕ ਗੁੱਜਰ ਸਨ, ਜਿਨ੍ਹਾਂ ਨੂੰ ਸ਼ੇਖਾਂ ਸੱਯਦਾਂ ਨੇ ਟਟੋਲ ਰੱਖਿਆ ਸੀ। ਏਸ ਕਰ ਕੇ ਸੈਂਕੜੇ ਗੁੱਜਰ ਭੀ ਦਲ ਦੇ ਸਾਥੀ ਹੋ ਗਏ। ਆਪ ਨੂੰ ਗੁਰੂ ਕੇ ਸਹਿਜਧਾਰੀ ਸਿੱਖ ਜਾਹਿਰ ਕੀਤਾ, ਜਿਸ ਤੋਂ ਹੋਰ ਭੀ ਓਨ੍ਹਾਂ ਦਾ ਅਧਕ ਮਾਨ ਹੋ ਗਿਆ। ਹੁਣ ਨਨੋਤੇ ਦੀ ਲੁੱਟ ਵਿੱਚ ਸ਼ਾਮਲ ਹੋ ਕੇ ਦੌਲਤ ਔਰ ਆਪਣੇ ਪੁਰਾਣੇ ਬਦਲੇ ਭੀ ਸ਼ੇਖਾਂ ਸੱਯਦਾਂ ਤੋਂ ਗੁੱਜਰਾਂ ਨੇ ਖ਼ੂਬ ਲੀਤੇ।

ਏਥੋਂ ਦੇ ਸ਼ੇਖ ਸੱਯਦ ਤੀਰ ਕਮਾਨ ਦੇ ਚਲਵੱਯੇ ਬਹੁਤ ਮਸ਼ਹੂਰ ਸਨ। ਬਾਦਸ਼ਾਹੀ ਫੌਜਾਂ ਵਿੱਚ ਭੀ ਏਨ੍ਹਾਂ ਦੀ ਅੱਵਲ ਦਰਜੇ ਦੀ ਗਿਣਤੀ ਸੀ। ਭਾਵੇਂ ਸਾਰਾ ਜ਼ੋਰ ਲਾ ਕੇ ਏਸ ਮਾਰ ਦੇ ਵਿੱਚ ਓਹ ਸਿੰਘਾਂ

ਨਾਲ ਲੜੇ, ਪਰ ਉਨ੍ਹਾਂ ਦੇ ਪੜੋਸੀ ਭੇਤੀ ਗੁੱਜਰਾਂ ਨੇ ਉਨ੍ਹਾਂ ਦੀ ਕੁਛ ਪੇਸ਼ ਨਾ ਜਾਣ ਦਿੱਤੀ। ਸਿੰਘਾਂ ਦੀ ਤਲਵਾਰ ਨੇ ਸਥਰ ਲਾਹ ਦਿੱਤੇ। ਏਸ ਜੰਗ ਦਾ ਹਾਲ ਮੁਹੰਮਦ ਜ਼ਫਰ ਦੀਨ ਨੇ ਬਹੁਤ ਖੋਲ੍ਹ ਕੇ ਲਿਖਿਆ ਹੈ। ਦੇਗ ਦਾ ਦਾਣੇ ਵਾਂਗੂੰ ਇੱਕ ਬਾਤ ਓਹ ਐਉਂ ਲਿਖਦਾ ਹੈ ਕਿ ਸ਼ੇਖ ਮੁਹੰਮਦ ਅਫਜ਼ਲ ਦੇ ਚੌਕ ਵਿੱਚ ਇੱਕ ਸੌ ਤਾਂ ਸ਼ੇਖਜ਼ਾਦਾ ਮਾਰਿਆ ਪਿਆ ਮੈਂ ਅੱਖੀਂ ਵੇਖਿਆ ਹੈ। ਸਿੱਖਾਂ ਨੇ ਏਸ ਸ਼ਹਿਰ ਦੀ ਇੱਟ ਨਾਲ ਇੱਟ ਭਿੜਾ ਛੱਡੀ। ਕੋਈ ਘਰ ਲੁੱਟੇ ਮਾਰੇ ਬਿਨਾਂ ਨਹੀਂ ਬਚਿਆ, ਐਸੀ ਦੁਰਦਸ਼ਾ ਸ਼ਹਿਰ ਦੀ ਕੀਤੀ ਗਈ, ਓਸੇ ਸਮੇਂ ਤੋਂ ਇਸ ਦਾ ਨਾਮ ਫੂਟਾ ਸ਼ਹਿਰ ਮਸ਼ਹੂਰ ਹੋ ਗਿਆ। ਏਹ ਮਾਰਕਾ ਸਾਉਣ ਸੰ. ੧੭੬੭ ਬਿ. ਨੂੰ ਹੋਇਆ ਸੀ, ਜਲਾਲਾਬਾਦ ਓਥੋਂ ਪੰਜ ਕੋਹ ਤੇ ਸਹਾਰਨੋਂ ਵੀਹ ਕੋਹ ਸੀ, ਸਾਰੀਆਂ ਖ਼ਬਰਾਂ ਓਥੇ ਜਲਾਲ ਖ਼ਾਂ ਨਵਾਬ ਨੂੰ ਪਹੁੰਚ ਰਹੀਆਂ ਸਨ।

## ੨੭. ਸਿੱਖਾਂ ਦਾ ਪਿੱਛੇ ਹਟਣਾ ਤੇ ਔਕੜਾਂ ਵੇਖਣੀਆਂ

ਨਨੌਤੇ ਨੂੰ ਫਤੇ ਕਰ ਕੇ ਜਦ ਸਿੰਘ ਅੱਗੇ ਵਧੇ ਰਾਹ ਵਿੱਚ ਇੱਕ ਤਾਂ ਬਹੁਤ ਸੰਘਣੇ ਢੱਕਾਂ ਦਾ ਜੰਗਲ ਸੀ। ਦੂਜੇ ਹਰ ਰੋਜ਼ ਬਰਖਾ ਹੋਣ ਕਰ ਕੇ ਸਾਰੇ ਜਲ ਹੀ ਜਲ ਨਜ਼ਰ ਆ ਰਿਹਾ ਸੀ। ਤੀਜੇ ਮਛ੍ਹ ਨੇ ਜੋ ਮੱਖੀ ਤੋਂ ਘਟ ਕਦ ਵਾਲਾ ਨਹੀਂ ਸੀ, ਘੋੜਿਆਂ ਤੇ ਸਿੰਘਾਂ ਨੂੰ ਲੜ ਲੜ ਕੇ ਤੜਫਾ ਛੱਡਿਆ। ਚੌਥੇ ਓਥੋਂ ਪਹਾੜ ਨੇੜੇ ਹੋਣ ਕਰ ਕੇ ਪਾਣੀ ਦੇ ਹੜ੍ਹ ਕਿਤੇ ਬੈਠਣ ਖੜੋਨ ਨਹੀਂ ਦਿੰਦੇ ਸਨ। ਪੰਜਵੇਂ ਜਲਾਲ ਖ਼ਾਂ ਨੇ ਦੇਸੀ ਤੇ ਅਰਬੀ ਖੈਬਰੀ ਰੁਹੇਲੇ ਵਗ਼ੈਰਾ ਕੌਮ ਦੇ ਮੁਸਲਮਾਨ ਬੇਸ਼ੁਮਾਰ 'ਕੱਠੇ ਕਰ ਰੱਖੇ ਸਨ। ਭਾਵੇਂ ਬੰਦੇ ਨਾਲ ਭੀ ਓਸ ਵੇਲੇ ਬਾਈ ਚੌਬੀ ਹਜ਼ਾਰ ਤੋਂ ਘੱਟ ਲਸ਼ਕਰ ਦਾ ਸੁਮਾਰ ਨਹੀਂ ਸੀ ਅਤੇ ਭਰੋਸਾ ਭੀ ਸੱਚਾ ਸੀ ਕਿ ਜਲਾਲਾਬਾਦ ਜ਼ਰੂਰ ਫਤੇ ਹੋ ਜਾਊ, ਪਰ ਉੱਪਰਲੀਆਂ ਔਕੜਾਂ ਨੇ ਸਿੰਘਾਂ ਨੂੰ ਲਚਾਰੀ ਵਿੱਚ ਪਿੱਛੇ ਮੁੜਨੇ ਪਰ ਹੀ ਮਜ਼ਬੂਰ ਕੀਤਾ, ਜਿਸ ਤੋਂ ਏਹ ਤੁਕ ਪੜ੍ਹ ਕੇ: 'ਅਗੇ ਬਾਘ ਡਰਾਵਣੋ ਪਾਛੇ ਹਰਿਓ ਅੰਗੂਰ' ਪਿੱਛੇ ਨੂੰ ਮੁੜਨਾ ਹੀ ਪਿਆ। ਹੁਣ ਏਸ ਮੁਹਿੰਮ ਨੂੰ ਫਤੇ ਕਰਨਾ ਅੱਸੂ ਮਹੀਨੇ ਪਰ ਛੱਡ ਕੇ ਸਿੰਘਾਂ ਨੇ ਵਾਗਾਂ ਮੋੜ ਲਈਆਂ ਅਤੇ ਜਲਾਲ ਖ਼ਾਂ ਨੂੰ ਭੀ ਲਿਖ ਕੇ ਦੇ ਆਏ ਕਿ ਅਸੀਂ ਤੈਥੋਂ ਡਰਦੇ ਨਹੀਂ, ਕੇਵਲ ਏਨਾਂ ਔਕੜਾਂ ਦੇ ਸਬੱਬ ਮੁੜ ਜਾਂਦੇ ਹਾਂ। ਬਾਕੀ ਦੌਲਤ ਜੋ ਸਾਡੇ ਪਾਸ ਖੁਰਜੀਆਂ ਭਰੀਆਂ ਪਈਆਂ ਹਨ* ਇਹ ਲੋੜਵੰਦਾਂ ਵਿੱਚ ਵੰਡ ਆਵਾਂਗੇ। ਤੂੰ ਤਕੜਾ ਹੋ ਲੈ। ਮੁੜ ਕੇ ਤੈਨੂੰ ਜ਼ਰੂਰ ਫਤੇ ਕਰੇ ਬਿਨਾਂ ਨਹੀਂ ਛੱਡਾਂਗੇ। ਏਹੋ ਗੁਰਮਤਾ ਪਕ ਪਕਾ ਕੇ ਬਾਬੇ ਬੰਦੇ ਸਮੇਤ ਪਿੱਛੇ ਨੂੰ ਮੁੜ ਪਏ। ਓਸ ਦੇ ਸੱਦੇ ਲੋਗ ਤਾਂ ਆਪੋ ਆਪਣੇ ਪਿੰਡਾਂ ਨੂੰ ਚਲੇ ਗਏ। ਸਿੰਘ ਪੰਜਾਬੀ ਮਲਵਈ ਸਿੰਘ ਜਮਨਾ ਟਪ ਕੇ ਕਰਨਾਲ ਗਿਰਦੇ ਆ ਫਿਰੇ। ਏਥੋਂ ਦਾ ਫੌਜਦਾਰ ਜੋ ਪਾਨੀਪਤ ਵਿੱਚ ਰਿਹਾ ਕਰਦਾ ਸਿੰਘਾਂ ਤੋਂ ਡਰਦਾ ਹੋਇਆ ਦਿੱਲੀ ਵੰਨੀ ਦੌੜ ਗਿਆ। ਬਾਬੇ ਬੰਦੇ ਨੇ ਬਿਨਾਂ ਗੋਲੀ ਦਾਗੇ ਪਾਨੀਪਤ ਕਰਨਾਲ ਦੇ ਪਰਗਣੇ ਰੋਕ ਕੇ ਸਿੰਘਾਂ ਨੂੰ ਸੌਂਪ ਦਿੱਤੇ। ਓਸ ਵੇਲੇ ਸਿੰਘ ਸੂਬੇ ਦਿੱਲੀ ਦੇ ਪਰਗਣਿਆਂ ਵਿੱਚ ਫਿਰ ਰਹੇ ਸਨ। ਜਦ ਸੂਬਾ ਇਨ੍ਹਾਂ ਦੇ ਮੁਕਾਬਲੇ ਤੋਂ ਕਤਰਾਂਦਾ ਸੀ, ਤਾਂ ਫੌਜਦਾਰਾਂ ਆਮਲਾਂ ਦੀ ਕੀ ਵਟਤ ਸੀ ਜੋ ਬੰਦਈ ਲਸ਼ਕਰ ਦਾ ਮੁਕਾਬਲਾ ਕਰੇ। ਮੁਸਲਮਾਨ ਇਤਿਹਾਸਕਾਰ ਲਿਖਦੇ ਹਨ ਕਿ ਜਦ ਆਸਫ ਦੇਲਾ, ਅਸਦ ਖਾਂ ਇਰਾਦਤ ਖਾਂ, ਖਾਫੀ ਖਾਂ, ਤਾਜ ਦੀਨ ਵਗ਼ੈਰਾ ਵਜ਼ੀਰ ਭੀ ਡਰਦੇ ਘਰ ਵੜ ਰਹੇ ਸਨ, ਹੋਰ ਕੋਈ ਕੀ ਕਰ ਸਕਦਾ ਸੀ? ਪਰ ਸਾਧੂ ਦੇ ਦਿਲ ਵਿੱਚ ਚੀਜ਼ ਚੋਰ ਦੀ ਤੇ ਚੋਰ ਦੇ ਮਨ ਮੈਂ ਵਸਤ ਸਾਧੂ ਦੀ ਮੰਨੀ ਜਾਣੇ ਕਰ ਕੋਈ ਭੀ ਹੱਥ ਨਾ ਪਾ ਸਕਿਆ। ਨਹੀਂ ਤਾਂ ਜੇ ਕਦੇ ਓਸ ਵੇਲੇ ਬੰਦਾ ਬਹਾਦਰ ਸਿੰਘਾਂ ਦੇ ਦਲ ਨੂੰ ਲੈ ਕੇ ਦਿੱਲੀ ਵਿੱਚ ਜਾ ਵੜਦਾ ਫੇਰ ਕੌਣ ਕੱਢ ਸਕਦਾ ਸੀ?

---

*ਓਸੇ ਸਮੇਂ ਸਿੰਘਾਂ ਦੇ ਲਸ਼ਕਰ ਵਿੱਚ ਐਸਾ ਸਤਜੁਗ ਵਰਤ ਰਿਹਾ ਸੀ ਕਿ ਬੰਦੇ ਤੋਂ ਡਰਦਾ ਕੋਈ ਕਿਸੇ ਦੀ ਚੀਜ਼ ਨਹੀਂ ਛੇੜਦਾ ਸੀ। ਬਲਕਿ ਝੂਠ ਬੋਲਣ ਦਾ, ਪਰ ਇਸਤ੍ਰੀ ਭੋਗਣ ਦਾ, ਚੋਰੀ ਨਿੰਦਾ ਚੁਗਲੀ, ਬਖੀਲੀ, ਆਪਸ ਮੇਂ ਇੱਕ ਦੀ ਦੂਜੇ ਨੇ ਬੁਰਾਈ ਕਰਨੀ, ਛੱਕਣ ਵਾਲੀ ਚੀਜ਼ ਕੱਲੇ ਨੇ ਛੱਕਣੀ; ਇਤਯਾਦਿਕ ਬੁਰੀਆਂ ਆਦਤਾਂ ਕਤਰਾ ਭਰ ਭੀ ਓਦੋਂ ਸਿੰਘਾਂ ਵਿੱਚ ਨਹੀਂ ਸਨ। ਭਾਵੇਂ ਕਿਸੇ ਸਿੰਘ ਦੀ ਖੁਰਜੀ ਵਿੱਚ ਕੁਛ ਭੀ ਹੋਵੇ, ਚੁਰਾਉਂਦਾ ਕੋਈ ਨਹੀਂ ਸੀ।

Humble service provided by Bhai Baljinder Singh (Rara Sahib)

ਕੱਢਣ ਵਾਲੇ ਤਾਂ ਭਜ ਜਾਣ ਨੂੰ ਤਿਆਰ ਬੈਠੇ ਸਨ। ਨਹੀਂ ਮਾਲੂਮ, ਬੰਦੇ ਨੇ ਕਿਉਂ ਨਾ ਓਧਰ ਸਿੰਘਾਂ ਨੂੰ ਪ੍ਰੇਰਿਆ। ਕੰਮ ਤਾਂ ਫਤੇ ਹੋਇਆ ਪਿਆ ਸੀ ਕਿਉਂਕਿ ਓਸ ਵੇਲੇ ਬੰਦੇ ਤੇ ਸਿੰਘਾਂ ਦਾ ਨਾਮ ਮੁਸਲਮਾਨਾਂ ਦੇ ਦਿਲ ਪਰ ਪੱਕੀ ਤਰਾਂ ਹਊਏ ਦਾ ਅਸਲ ਰੱਖਦਾ ਸੀ। ਤਾਂਹੀਓਂ ਦਿੱਲੀ ਤੋਂ ਮੁਲਤਾਨ, ਲਾਹੌਰ ਤੱਕ ਪਿੰਡ ਪਿੰਡ ਘਰ ਘਰ ਬੰਦੇ ਦੇ ਨਾਮ ਦਾ ਰਾਮ ਰੌਲਾ ਪੈ ਰਿਹਾ ਸੀ। ਐਸੇ ਪ੍ਰਤਾਪ ਦੇ ਹੁੰਦਿਆਂ ਜਦ ਪਾਣੀਪਤ ਕਰਨਾਲ ਤੋਂ ਦਿੱਲੀ ਤੱਕ ਸਾਫ਼ ਮੈਦਾਨ ਖ਼ਾਲੀ ਪਿਆ ਸੀ, ਕੋਈ ਰੋਕਣ ਵਾਲਾ ਨਹੀਂ ਸੀ। ਪ੍ਰੰਤੂ ਆਪਣੇ ਸੂਬੇ ਦੇ ਕਈ ਕੰਮ ਓਹਨਾਂ ਦੇ ਸਾਹਮਣੇ ਪਏ ਸਨ, ਜਿਨ੍ਹਾਂ ਇਨ੍ਹਾਂ ਨੂੰ ਪਿੱਛੇ ਮੋੜ ਆਂਦਾ।

ਜਦ ਏਸ ਗਦਰ ਦੀ ਖ਼ਬਰ ਬਹਾਦਰ ਸ਼ਾਹ ਬਾਦਸ਼ਾਹ ਨੂੰ ਦੱਖਣ ਵਿੱਚ ਪਹੁੰਚੀ ਤਾਂ ਓਸ ਨੇ ਬੜੇ ਗ਼ੁੱਸੇ ਨਾਲ ਅਖ਼ੱਗਰ ਖਾਂ ਤੂਰਾਨੀ ਛੋਟੇ ਵਜ਼ੀਰ ਨੂੰ ਲਿਖਿਆ ਕਿ ਤੁਸੀਂ ਬਾਰਾਂ ਹਜ਼ਾਰ ਅਸਵਾਰ ਤੇ ਫੌਜਦਾਰ ਨੂੰ ਨਾਲ ਲੈ ਕੇ ਜਾਓ ਤੇ ਸਿੰਘਾਂ ਦਾ ਨਾਮ ਨਿਸ਼ਾਨ ਦੂਰ ਕਰੋ ਤੇ ਬੰਦੇ ਬੈਰਾਗੀ ਨੂੰ ਪਕੜ ਕੇ ਮੇਰੇ ਪਾਸ ਭੇਜ ਦਿਓ। ਏਸ ਹੁਕਮ ਨੂੰ ਸੁਣਦਾ ਹੀ ਅਖੱਗਰ ਖਾਂ ਬੜਾ ਭਾਰੀ ਲਸ਼ਕਰ ਲੈ ਕੇ ਚੜ੍ਹ ਆਇਆ ਤੇ ਹੋਰ ਭੀ ਬੇਸ਼ੁਮਾਰ ਦੇਸੀ ਮੁਸਲਮਾਨ ਸਿੰਘਾਂ ਦੇ ਮਾਰਣ ਲਈ ਓਸ ਦੇ ਨਾਲ ਸ਼ਾਮਲ ਹੋ ਗਏ। ਏਧਰ ਭਾਈ ਫਤੇ ਸਿੰਘ, ਭਾਈ ਆਲਾ ਸਿੰਘ, ਗੁਰਬਖ਼ਸ਼ ਸਿੰਘ ਆਦਿਕ ਮਲਵਈ ਤੇ ਬੁੱਢਾ ਸਿੰਘ ਦੇਸੀ, ਝੋਮਾ ਸਿੰਘ, ਧਾਰਾ ਸਿੰਘ, ਸ਼ਾਮ ਸਿੰਘ ਆਦਿਕ ਮਝੈਲ ਸਰਦਾਰ ਬਹੁਤ ਸਿੰਘਾਂ ਨੂੰ ਨਾਲ ਲੈ ਕੇ ਬਾਬੇ ਬਿਨੋਦ ਸਿੰਘ ਰਾਮ ਸਿੰਘ ਦੀ ਫੌਜ ਨਾਲ ਥਨੇਸਰ ਪਾਸ ਜਾ ਮਿਲੇ। ਜੇਠ ਸੰ. ੧੭੬੭ ਬਿ. ਨੂੰ ਜਦਕਿ ਸਿੰਘਾਂ ਨੇ ਕਸਬੇ ਲਾਡਵੇ ਪਾਸ ਜੰਗ ਕੀਤਾ, ਪਰ ਵੈਰੀ ਦੀ ਪ੍ਰਬਲ ਸ਼ਕਤੀ ਵੇਖ ਸਰਹੰਦ ਦੀ ਤਰਫ ਚਲੇ ਆਏ। ਦੂਸਰੀ ਲੜਾਈ ਸ਼ਾਹਬਾਦ ਪਾਸ ਹੋਈ। ਉੱਥੇ ਭੀ ਪਹਿਲੇ ਵਾਂਗੂ ਹੀ ਹਾਲ ਰਿਹਾ ਤੇ ਇਸ ਕਰ ਕੇ ਪਹਾੜਾਂ ਵਿੱਚ ਜਾ ਵੜੇ। ਅਖਗਰ ਖਾਂ ਨੇ ਆਪਣੇ ਚਚੇਰੇ ਭਾਈ ਵਜ਼ੀਰ ਖ਼ਾਂ ਤੂਰਾਨੀ ਨੂੰ ਸਰਹੰਦ ਸਪੁਰਦ ਕਰ ਕੇ ਸਿੰਘਾਂ ਦੇ ਫੜਨ ਲਈ ਗਸ਼ਤੀ ਫੌਜ ਦੇਸ਼ ਵਿੱਚ ਫੈਲਾ ਦਿੱਤੀ। ਓਹਨਾਂ ਮੁਸਲਮਾਨਾਂ ਨੇ ਜਗ੍ਹਾ ਜਗ੍ਹਾ ਹਿੰਦੂਆਂ ਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਖੂਆਂ ਤਲਾਵਾਂ ਵਿੱਚ ਗਊਆਂ ਦੇ ਹੱਡ ਸਿਟਵਾ ਦਿੱਤੇ। ਜੇਹੜੇ ਹਿੰਦੂਆਂ ਨੇ ਬੰਦੇ ਦੀ ਕਿਸੇ ਤਰ੍ਹਾਂ ਦੀ ਮਦਦ ਕੀਤੀ ਸੀ, ਓਹ ਸਭ ਪਕੜ ਪਕੜ ਕਤਲ ਕੀਤੇ ਗਏ। ਏਸ ਜ਼ੁਲਮ ਦੀ ਖ਼ਬਰ ਜਦ ਲੋਹਗੜ੍ਹ ਵਾਲੇ ਸਿੰਘਾਂ ਨੇ ਬਾਬੇ ਬੰਦੇ ਨੂੰ ਦਿੱਤੀ ਤਾਂ ਭਾਦੋਂ ਸੰ. ੧੭੬੭ ਬਿ. ਨੂੰ ਸ਼ਪਾ ਸ਼ਪ ਬੰਦਾ ਬਹਾਦਰ ਪਹਾੜਾਂ ਵਿੱਚੋਂ ਸਿੰਘਾਂ ਨੂੰ ਇੱਕਠੇ ਕਰ ਕੇ ਸਰਹੰਦ ਦੀ ਤਰਫ ਬੇਧੜਕ ਚਲਾ ਗਿਆ। ਬੰਦੇ ਦਾ ਨਾਮ ਸੁਣਦਿਆਂ ਹੀ ਮੁਸਲਮਾਨ ਦਹਲ ਉੱਠੇ, ਪਰ ਹਿੰਦੂਆਂ ਨੂੰ ਖ਼ੁਸ਼ੀ ਦੀ ਆਬ ਚੜ੍ਹ ਗਈ। ਸਾਰੇ ਦੇਸ਼ ਵਿੱਚ 'ਬੰਦਾ ਆਯਾ, ਬੰਦਾ ਆਯਾ, ਏਹੋ ਧੁਮ ਮਚ ਗਈ। ਆਪ ਤੋਂ ਆਪ ਮੁਸਲਮਾਨ ਨੱਠ ਤੁਰੇ। ਵਜ਼ੀਰ ਖ਼ਾਂ ਹਾਕਮ ਸਰਹੰਦੀ ਭੀ ਰੋਪੜ ਦੇ ਪਾਸ ਥੋੜ੍ਹੀ ਜੇਹੀ ਲੜਾਈ ਕਰ ਕੇ ਦਿੱਲੀ ਦੀ ਤਰਫ ਦੌੜ ਗਿਆ। ਬੰਦੇ ਨੇ ਫੇਰ ਓਥੋਂ ਤੱਕ ਹੀ ਸਿੰਘਾਂ ਦਾ ਕਬਜ਼ਾ ਮੁਲਕ ਉੱਤੇ ਕਰਾ ਦਿੱਤਾ, ਜਿੱਥੋਂ ਤੱਕ ਪਹਿਲੇ ਸੀ।

ਓਸੇ ਸਮੇਂ ਬਹਾਦਰ ਸ਼ਾਹ ਬਾਦਸ਼ਾਹ ਦੱਖਣ ਤੋਂ ਮੁੜ ਕੇ ਅਜਮੇਰ ਆ ਪਹੁੰਚਿਆ ਸੀ। ਜਿਹੜੇ ਮੁਸਲਮਾਨ ਸਰਹੰਦ, ਸਹਾਰਨਪੁਰ ਆਦਿਕ ਪਰਗਣਿਆਂ ਦੇ ਸਿੰਘਾਂ ਤੋਂ ਡਰਦੇ ਘਰ ਛੱਡ ਕੇ ਬਿਪਤਾ ਦੇ ਮਾਰੇ ਏਧਰ ਓਧਰ ਫਿਰ ਰਹੇ ਸਨ, ਓਨ੍ਹਾਂ ਨੇ ਅਜਮੇਰ ਪਹੁੰਚ ਕੇ ਸੈਂਕੜੇ ਅਰਜ਼ੀਆਂ ਦੇ ਕੇ ਬਾਦਸ਼ਾਹ ਦੇ ਪਾਸ ਹਾਲ ਦੁਹਾਈ ਮਚਾ ਦਿੱਤੀ। ਸ਼ਾਹ ਨੇ ਓਨ੍ਹਾਂ ਨੂੰ ਧੀਰਜ ਦੇ ਕੇ ਕੁਛ ਆਪਣੀ ਫੌਜ ਤੇ ਕੁਝ ਰਾਜਿਆਂ ਦੀ ਫੌਜ ਮਿਲਾ ਕਰ ਕੇ ਓਸੇ ਥਾਂਓਂ ਰਵਾਨਾ ਕਰ ਦਿੱਤੀ ਤੇ ਬਾਕੀ ਦਿੱਲੀ ਪਹੁੰਚਾ ਕੇ ਮੁਹੰਮਦ ਅਮੀਨ ਖਾਂ ਆਦਿਕ ਫੌਜਦਾਰਾਂ ਨੂੰ ਚਾਰ ਹਜ਼ਾਰੀ ਜੰਗੀ ਫੌਜ ਦੇ ਕੇ ਸਿੱਖਾਂ ਦੇ ਮਾਰਨ ਵਾਸਤੇ ਰਵਾਨਾ ਕੀਤਾ, ਜਿਨ੍ਹਾਂ ਨੇ ੫ ਦਸੰਬਰ ਸੰ. ੧੭੦੯ ਈ. ਤੇ ਮੱਘਰ ਸੰਮਤ ੧੭੬੭ ਬਿ. ਨੂੰ ਸ਼ਾਹਬਾਦ ਦੇ ਨਜ਼ਦੀਕ ਮੁਕਾਬਲਾ ਕੀਤਾ। ਓਸ ਸਮੇਂ ਚਾਲੀ ਹਜ਼ਾਰ ਤੋਂ ਅਧਿਕ ਅਸਵਾਰ ਪਯਾਦਾ ਬੰਦੇ ਦੇ ਨਾਲ ਜੰਗ ਵਾਸਤੇ ਓਥੋਂ ਇਕੱਠਾ ਹੋ

ਰਿਹਾ ਸੀ। ਸੈਂਕੜੇ ਢੋਲ ਨਗਾਰੇ ਵੱਜ ਰਹੇ ਸਨ। ਸਿੰਘ ਤਲਵਾਰਾਂ ਖਿੱਚ ਖਿੱਚ 'ਅਕਾਲ' 'ਅਕਾਲ' ਬੋਲਦੇ ਹੋਏ ਮੁਹੰਮਦੀਆਂ ਉੱਤੇ ਜਾ ਪਏ। ਬਾਬਾ ਬੰਦਾ ਭੀ ਫ਼ਕੀਰੀ ਲਿਬਾਸ ਵਿੱਚ ਤੀਰ ਕਮਾਨ, ਧਾਰੇ ਹੋਏ ਹਰ ਇੱਕ ਸਿੰਘ ਨੂੰ ਦਲੇਰੀ ਦਿੰਦਾ ਹੋਇਆ ਜੰਗ ਵਿੱਚ ਫਿਰ ਰਿਹਾ ਸੀ। ਲਿਖਿਆ ਹੈ ਕਿ ਓਸ ਸਮੇਂ ਬੰਦੇ ਨੇ ਐਸੀ ਕਲਾ ਵਰਤਾਈ ਕਿ ਹਰ ਇੱਕ ਸਿੱਖ ਬੰਦੇ ਨੂੰ ਆਪਣੇ ਪਾਸ ਹੀ ਖੜਾ ਦੇਖਦਾ ਸੀ। ਏਸ ਕਰ ਕੇ ਸਿੰਘਾਂ ਨੇ ਭੀ ਬੜੀ ਬਹਾਦਰੀ ਤੇ ਹਿੰਮਤ ਨਾਲ, ਜਾਨਾਂ ਹੀਲ ਕੇ ਐਸੀ ਤੇਗ਼ ਚਲਾਈ ਕਿ ਮਾਨੋ ਕੇਲਜ਼ਾਂ ਦੇ ਬਨ ਵਿੱਚ ਵਾਢੀ ਵੜੇ ਹੋਏ ਹਨ। ਮੁਹੰਮਦੀ ਤੋਬਾ ਤੋਬਾ ਕਰ ਕੇ ਕਰਨਾਲ ਦੀ ਤਰਫ ਉੱਠ ਤੁਰੇ। ਮੈਦਾਨ ਖਾਲਸੇ ਦੇ ਹੱਥ ਆਇਆ। ਏਸ ਫਤੇ ਹੋਈ ਪਿੱਛੋਂ ਬੰਦਾ ਤਾਂ ਲੋਹਗੜ੍ਹ ਵਿੱਚ ਜਾ ਰਿਹਾ। ਸਿੰਘਾਂ ਦੇ ਜਥੇ ਅਜੇ ਏਥੇ ਹੀ ਸਨ ਤਦੋਂ ਨੂੰ ਪੰਜਵੇਂ ਕੁ ਦਿਨ ਜਦ ਰਾਜਪੂਤਾਨੇ ਵਾਲੀ ਫੌਜ ਤੇ ਕੁਛ ਲਾਹੌਰੋਂ ਫੌਜ ਸ਼ਾਹੀ ਲਸ਼ਕਰ ਨਾਲ ਆਨ ਮਿਲਿਆ ਤਾਂ ਰੰਭੇ ਤੇ ਸੀਕਰੀ ਪਿੰਡ ਦੇ ਇਰਦ ਫੇਰ ਭਾਰੀ ਜੰਗ ਹੋਇਆ ਤੇ ਦੋਨੋਂ ਤਰਫਾਂ ਦੇ ਬਹੁਤ ਆਦਮੀ ਮਾਰੇ ਗਏ। ਤੀਸਰਾ ਜੰਗ ਫੇਰ ਲਾਡੂਏ ਪਾਸ ਹੋਣ ਲੱਗਿਆ ਪਰ ਬਰਖਾ ਉੱਤਰ ਪਈ। ਪੰਦ੍ਰਾਂ ਦਿਨ ਝੜੀ ਲੱਗੀ ਰਹੀ। ਪੋਹ ਦੇ ਮਹੀਨੇ ਪੌਣ ਪਾਣੀ ਦੀ ਸਰਦੀ ਤੇ ਭੁੱਖ ਦੇ ਮਾਰੇ ਸ਼ਾਹੀ ਫੌਜ ਦੇ ਬਹੁਤ ਆਦਮੀ ਤੇ ਘੋੜੇ ਮਰ ਗਏ। ਏਸੇ ਕਾਰਣ ਸ਼ਾਹੀ ਫੌਜ ਲਚਾਰ ਹੋ ਕੇ ਕਿਧਰੇ ਕਿਧਰੇ ਖਿੰਡ ਗਈ ਤੇ ਬੰਦਾ ਭੀ ਸਿੰਘਾਂ ਸਮੇਤ ਕੁਛ ਦਿਨ ਥਾਨੇਸਰ ਠਹਿਰ ਕੇ ਲੋਹਗੜ੍ਹ ਦੀ ਤਰਫ ਚਲਾ ਗਿਆ। ਏਨ੍ਹਾਂ ਜੰਗਾਂ ਵਿੱਚ ਸੱਯਦ ਐਹਮਦ ਖਾਂ, ਫੌਜਦਾਰ ਹੁਸੈਨ ਖਾਂ, ਗੈਰਤ ਖ਼ਾਂ, ਵਜੀਦ ਖ਼ਾਂ ਆਦਿਕ ਬੜੇ ਨਾਮੀ ਸਰਦਾਰ ਮਾਰੇ ਗਏ।

ਫੇਰ ਬਹਾਦਰ ਸ਼ਾਹ ਨੇ ਖਾਨਖਾਨਾ ਦੇ ਬੇਟੇ ਅਸਦ ਖਾਂ ਨਾਯਬ ਬਖ਼ਸ਼ੀ ਨੂੰ ਤੇ ਸ਼ਹਾੱਬੁਦੀਨ ਫੌਜਦਾਰ ਨੂੰ ਖ਼ਾਸ ਆਪਣੇ ਸ਼ਾਹਜ਼ਾਦੇ ਰਫੀਉਲ ਮੁਅੱਜ਼ਲ ਦੇ ਨਾਲ ਬਹੁਤ ਸਾਰੀ ਫੌਜ ਦੇ ਕੇ ਸਿੱਖਾਂ ਦੀ ਤਰਫ ਰਵਾਨਾ ਕੀਤਾ। ਸਹਾਰਨਪੁਰ ਬੂੜੀਏ ਦੇ ਪਾਸ ਸਖ਼ਤ ਲੜਾਈ ਹੋਈ। ਏਥੋਂ ਕੁਛ ਸਿੰਘ ਬੁਸੈਹਿਰ ਤੱਕ ਚਲੇ ਗਏ ਤੇ ਕੁਛ ਬੰਦੇ ਸਮੇਤ ਕਿਲ੍ਹੇ ਲੋਹਗੜ੍ਹ ਵਿੱਚ ਜਾ ਠਹਿਰੇ ਪਰੰਤੂ ਮੁਸਲਮਾਨਾਂ ਨੇ ਕਿਲ੍ਹੇ ਲੋਹਗੜ੍ਹ ਨੂੰ ਜਾ ਘੇਰਿਆ। ਕਈ ਦਿਨ ਤੋਪ, ਤੁਪਕ ਤੀਰ ਦਾ ਮੀਂਹ ਬਰਸਦਾ ਰਿਹਾ। ਦਾਰੂ, ਸਿੱਕੇ ਤੇ ਰਸਦ ਸਿੱਖਾਂ ਪਾਸ ਨਾ ਰਿਹਾ। ਭੱਜਣ ਹੀ ਲੱਗੇ ਸਨ ਜੋ ਏਤਨੇ ਨੂੰ ਗੁਰੂ ਦੇ ਭੇਜੇ ਹੋਏ ਹੋਰ ਬਹੁਤ ਸਿੰਘ ਰਸਦ ਆਦਿਕ ਸਮਾਨ ਲੈ ਕੇ ਆ ਗਏ ਅਤੇ ਦੀਵਾਨ ਹਰਦਯਾਲ ਜੋ ਸ਼ਾਹੀ ਲਸ਼ਕਰ ਵਿੱਚ ਬੜਾ ਧਰਮੀ ਆਗਰੇ ਰਹਿਣ ਵਾਲਾ ਮਸ਼ਹੂਰ ਸੀ, ਓਹ ਬੰਦੇ ਨੂੰ ਹਿੰਦੂ ਧਰਮ ਦੀ ਰੱਖਿਆ ਵਾਸਤੇ ਲੜਦਾ ਦੇਖ ਕੇ ਸਿੰਘਾਂ ਨੂੰ ਬਹੁਤ ਮਦਦ ਤੇ ਸ਼ਾਹੀ ਫੌਜ ਦਾ ਭੇਤ ਦੇਣ ਲੱਗ ਪਿਆ। ਓੜਕ ਜਦ ਭੇਤ ਖੁੱਲ੍ਹਣ ਵਾਲਾ ਹੋਇਆ ਤਾਂ ਓਹ ਖੁਦ ਹੀ ਆਪਣੇ ਸਾਥੀਆਂ ਸਮੇਤ ਮੇਖਜ਼ੀਨ ਰਸਦ ਆਦਿਕ ਬਹੁਤ ਸਾਮਾਨ ਲੈ ਕੇ ਸਿੰਘਾਂ ਨਾਲ ਆ ਮਿਲਿਆ। ਸ਼ਾਹੀ ਫੌਜ ਨਾਲ ਲੜਦਾ ਰਿਹਾ। ਫੇਰ ਇੱਕ ਦਿਨ ਬਾਬੇ ਬੰਦੇ ਨੇ ਸਿੰਘਾਂ ਨੂੰ ਆਖਿਆ ਅੱਜ ਓਹ ਦਿਨ ਹੈ, ਜਿਸ ਦਿਨ ਚਮਕੌਰ ਵਿੱਚ ਦਸਵੇਂ ਪਾਤਸ਼ਾਹ ਦੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋਏ ਸਨ। ਜੋ ਕੋਈ ਅੱਜ ਸ਼ਹੀਦ ਹੋਵੇਗਾ, ਸੋ ਨਿਸ਼ਚੇ ਸੱਚਖੰਡ ਵਿੱਚ ਸਾਹਿਬਜ਼ਾਦਿਆਂ ਦੇ ਪਾਸ ਜਾਏਗਾ। ਏਹ ਬਚਨ ਮੰਨ ਕੇ ਸਵਾ ਪਹਿਰ ਦੇ ਤੜਕੇ ਬੰਦੇ ਸਮੇਤ ਸ਼ਹੀਦ ਹੋਣ ਵਾਸਤੇ ਸਭ ਸਿੰਘ ਹੱਲਾ ਕਰ ਕੇ ਸ਼ਾਹੀ ਫੌਜ ਵਿੱਚ ਜਾ ਵੜੇ। ਓਸ ਸਮੇਂ ਦੀ ਤਲਵਾਰ ਨੂੰ ਖਾਫੀ ਖਾਂ ਮਲਕੁਲ ਮੌਤ ਲਿਖਦਾ ਹੈ। ਐਸਾ ਸਮਾਂ ਬੀਤਿਆ, ਲੋਥਾਂ ਦੇ ਢੇਰ ਲੱਗ ਪਏ। ਲਹੂ ਦੇ ਨਾਲੇ ਵਗ ਤੁਰੇ। ਓੜਕ ਮੁਸਲਮਾਨਾਂ ਦੇ ਪੈਰ ਹਿੱਲ ਗਏ ਭਾਜ ਪੈ ਗਈ। ਮੋਰਚੇ ਛੱਡ ਕੇ ਅੱਠ ਕੋਹ ਪਰੇ ਜਾ ਉੱਤਰੇ। ਏਹ ਲੰਙਣਾਂ ਮੇਟਣ ਲਈ ਅਸਦ ਖਾਂ ਤੇ ਸ਼ਹਿਜ਼ਾਦੇ ਨੇ ਪੰਦ੍ਰਾਂ ਕੁ ਦਿਨਾਂ ਵਿੱਚ ਦੇਸੀ ਮੁਸਲਮਾਨ ਤੇ ਫੌਜੀ 'ਕੱਠੇ ਕਰ ਕੇ ਸਭਨਾਂ ਤੋਂ ਕੁਰਾਨ ਉੱਪਰ ਹੱਥ ਰਖਵਾ ਰਖਵਾ ਕੇ ਐਸਾ ਹੱਲਾ ਕਰਾਇਆ, ਜੋ ਕਿਲ੍ਹੇ ਲੋਹਗੜ੍ਹ ਨੂੰ ਪੌੜੀਆਂ ਜਾ ਲਾਈਆਂ। ਭਾਵੇਂ ਸਿੱਖਾਂ ਨੇ ਦੁਸ਼ਮਣਾਂ ਨੂੰ ਬਹੁਤ ਰੋਕਿਆ ਤੇ ਮਾਰ ਮਾਰ ਹੇਠਾਂ ਭੀ ਸਿੱਟਿਆ, ਪਰ ਓਸ

Humble service provided by Bhai Baljinder Singh (Rara Sahib)

ਸਮੇਂ ਸਿੱਖਾਂ ਨਾਲ ਰਸਦ ਦਾਰੂ, ਸਿੱਕਾ, ਤੀਰ, ਗੋਲੀ ਕੁਛ ਨਹੀਂ ਰਿਹਾ ਸੀ। ਕਈ ਦਿਨ ਤੱਕ ਭੁੱਖੇ ਤਿਹਾਏ ਲੜਦੇ ਰਹੇ। ਆਖ਼ਰ ਬੰਦੇ ਨੇ ਆਪਣੀ ਸ਼ਕਲ ਜੈਸੀ ਸ਼ਕਲ ਵਾਲੇ ਭਾਗੂਯਾ ਗੁਲਾਬੂ ਸਿੰਘ ਨੂੰ ਆਪਣਾ ਲਿਬਾਸ ਪਹਿਨਾ ਕੇ ਕੁਛ ਸਿੱਖਾਂ ਸਮੇਤ ਕਿਲ੍ਹੇ ਵਿੱਚ ਛੱਡ ਕੇ ਆਖਿਆ, "ਜਦ ਤੁਰਕ ਕਿਲ੍ਹੇ ਵਿੱਚ ਆਉਣ ਤਾਂ ਤੁਸੀਂ ਮੋਰੀ ਦੇ ਰਸਤੇ ਭੱਜ ਆਉਣਾ।" ਹੋਰ ਸਿੰਘਾਂ ਨੂੰ ਨਾਲ ਲੈ ਕੇ ਮੋਰੀ ਦੇ ਰਸਤੇ ਜੋ ਬੰਦੇ ਨੇ ਗੁਪਤ ਰਸਤਾ ਬਣਾ ਰੱਖਿਆ ਸੀ, ਨਿੱਕਲ ਕੇ ਪਹਾੜਾਂ ਵਿੱਚ ਜਾ ਵੜਿਆ। ਏਧਰ ਨਜ਼ਾਮਦੀਨ ਫੌਜਦਾਰ ਕਿਲ੍ਹੇ ਵਿੱਚ ਵੜ ਕੇ ਗੁਲਾਬੂ ਸਿੰਘ ਆਦਿਕ ਅਨੇਕ ਸਿੰਘਾਂ ਨੂੰ ਫੜ ਕੇ ਅਸਦ ਖਾਂ ਪਾਸ ਲੈ ਗਿਆ। ਭਾਵੇਂ ਉਸ ਨੇ ਤਾਂ ਬਾਦਸ਼ਾਹ ਪਾਸ ਪਹੁੰਚਾ ਕੇ ਨੇਕਨਾਮੀ ਦਾ ਖਿਲਤ ਖ਼ਿਤਾਬ ਪਾਇਆ। ਨਜ਼ਾਮਦੀਨ ਨੂੰ ਇਨਾਮ ਦਿਵਾਇਆ, ਪਰ ਫੇਰ ਜਦ ਬਾਦਸ਼ਾਹ ਨੂੰ ਏਹ ਨਿਸ਼ਚਾ ਹੋ ਗਿਆ ਕਿ ਗੁਲਾਬੂ ਸਿੰਘ ਸ਼ੇਰ ਦੇ ਭੁਲੇਖੇ ਗਿੱਦੜ ਫੜਿਆ ਗਿਆ ਹੈ। ਏਹ ਅਸਲ ਬੰਦਾ ਨਹੀ। ਤਾਂ ਖਾਨਖਾਨਾ ਵਗ਼ੈਰੇ ਫੌਜੀ ਅਫਸਰਾਂ ਨੂੰ ਬਹੁਤ ਮਲਾਂਮਤ ਕਰ ਕੇ ਲਿਖਿਆ ਕਿ ਤੁਸੀਂ ਮੈਨੂੰ ਧੋਖਾ ਦਿੱਤਾ। ਹੁਣ ਅਸਲ ਬੰਦੇ ਨੂੰ ਫੜ ਕੇ ਜਾਂ ਮਾਰੇ ਬਗ਼ੈਰ ਮੈਨੂੰ ਮੂੰਹ ਨਾ ਦਿਖਾਉਣਾ। ਏਸੇ ਕਰ ਕੇ ਅਸਦ ਖਾਂ ਨੇ ਲੋਹਗੜ੍ਹ ਦੇ ਕਿਲ੍ਹੇ ਵਿੱਚ ਤਿੰਨ ਮਹੀਨੇ ਰਹਿ ਕੇ ਸਿੱਖਾਂ ਦੇ ਤੇ ਬੰਦੇ ਦੇ ਫੜਨ ਵਾਸਤੇ ਆਪਣੀ ਗਸ਼ਤੀ ਫੌਜ ਸਭ ਜਗ੍ਹਾ ਭੇਜ ਕੇ ਭਾਵੇਂ ਬਹੁਤ ਟਟੋਲ ਭਾਲ ਕੀਤੀ। ਸਿੰਘ ਤਾਂ ਅਨੇਕ ਫੜੇ, ਪਰ ਬੰਦਾ ਹੱਥ ਨਾ ਆਇਆ। ਓਸ ਦੇ ਫੜਨ ਵਾਸਤੇ ਰਾਜਾ ਕੀਰਤ ਪ੍ਰਕਾਸ਼ ਨਾਹਣ ਵਾਲੇ ਤੇ ਗਜੈ ਸਿੰਘ ਹੰਡੂਰੀ ਆਦਿਕਾਂ ਨੂੰ ਬਹੁਤ ਤੰਗ ਕੀਤਾ ਗਿਆ। ਜਦ ਖਾਨਖਾਨਾ ਨੇ ਕੈਦੀ ਸਿੰਘਾਂ ਨੂੰ ਧਰਮ ਦੇ ਵਿਰੁੱਧ ਕਸ਼ਟ ਦੇਣੇ ਚਾਹੇ, ਤਦ ਬਹੁਤ ਸਿੰਘਾਂ ਨੇ ਜਾਨਾਂ ਦੇ ਦਿੱਤੀਆਂ। ਏਹ ਹੱਠ ਦੇਖ ਕੇ ਅਸਦ ਖਾਂ ਨੇ ਬਸ ਕਰ ਦਿੱਤੀ। ਓਨ੍ਹਾਂ ਸਿੰਘਾਂ ਦਾ ਉਕਤ ਹਾਲ ਸੁਣ ਕੇ ਬਾਹਰ ਦੇ ਸਿੰਘਾਂ ਨੇ ਓਸ ਦੀ ਫੌਜ ਨੂੰ ਛਾਪੇ ਮਾਰ ਮਾਰ ਐਸੀ ਜਰਜਰੀ ਕੀਤੀ ਜੋ ਹਾਰ ਕੇ ਚਲੀ ਆਈ। ਆਖ਼ਰ ਅਸਦ ਖ਼ਾਂ ਭੀ ਸਿੱਖਾਂ ਤੋਂ ਤੰਗ ਆ ਕੇ ਰੁਸਤਮ ਖਾਂ ਫੌਜਦਾਰ ਨੂੰ ਕਿਲ੍ਹੇ ਲੋਹਗੜ੍ਹ ਵਿੱਚ ਛੱਡ ਕੇ ਆਪ ਆਪਣੇ ਘਰ ਨੂੰ ਚਲਾ ਗਿਆ। ਏਹ ਖ਼ਬਰ ਸੁਣ ਕੇ ਬੰਦੇ ਨੇ ਸਿੰਘਾਂ ਸਮੇਤ ਪਹਾੜਾਂ ਵਿੱਚੋਂ ਨਿੱਕਲ ਕਰ ਫਿਰ ਸਰਹੰਦ ਆ ਛੁਡਾਈ ਤੇ ਬੇਸ਼ੁਮਾਰ ਮੁਸਲਮਾਨ ਮਾਰੇ ਲੁਟੇ।

## ੨੮. ਸਰਹੰਦ ਪਰ ਫੇਰ ਲੜਾਈ

ਏਹ ਹਾਲ ਸੁਣ ਕੇ ਅਸੂ ਸੰ. ੧੭੬੯ ਬਿ. ਨੂੰ ਬਾਦਸ਼ਾਹ ਆਪ ਚੜ੍ਹ ਆਇਆ, ਜਿਸ ਦੀ ਆਮਦ ਸੁਣ ਬੰਦਾ ਤਾਂ ਫੇਰ ਪਹਾੜੀਂ ਜਾ ਵੜਿਆ ਤੇ ਬਾਦਸ਼ਾਹ ਮੁਹੰਮਦ ਅਮੀਨ ਖਾਂ ਤੇ ਅਮੀਰ ਮਹਾਵਤ ਖਾਂ ਮੇਵਾਤੀ ਨੂੰ ਬਹੁਤ ਸਾਰੀ ਫੌਜ ਦੇ ਕੇ ਬੰਦੇ ਦੀ ਗ੍ਰਿਫਤਾਰੀ ਵਾਸਤੇ ਸਰਹੰਦ ਵਿੱਚ ਛੱਡ ਕੇ ਆਪ ਲਾਹੌਰ ਜਾ ਠਹਿਰਿਆ। ਸ਼ਾਹੀ ਫੌਜ ਨੇ ਤਿੰਨ ਮਹੀਨੇ ਸਿੱਖਾਂ ਦੇ ਪਿੱਛੇ ਪਹਾੜਾਂ ਝਾੜਾਂ ਦਾ ਘੱਟਾ ਛਾਣਿਆ। ਅਨੇਕ ਵਾਰੀ ਲੜੇ, ਪਰ ਬੰਦਾ ਬਹਾਦਰ ਕਿਸੇ ਦੇ ਹੱਥ ਨਾ ਆਇਆ, ਓੜਕ ਬਾਦਸ਼ਾਹੀ ਫੌਜ ਸਰਹੰਦ ਵਿੱਚ ਜਾ ਬੈਠੀ।

ਏਸੇ ਸਮੇਂ ਜਦ ਗਾਜ਼ੀ ਦੀਨ ਖਾਂ ਹਾਕਮ ਗੁਜਰਾਤ ਦਾ ਮਰ ਗਿਆ, ਤਦ ਸਿੱਖਾਂ ਨੂੰ ਨਾਲ ਲੈ ਕੇ ਬੰਦੇ ਬਹਾਦਰ ਨੇ ਪਹਾੜੋ ਪਹਾੜ ਓਸ ਦੇਸ ਵਿੱਚ ਜਾ ਸਿਰ ਕੱਢਿਆ। ਬੇਅੰਤ ਸ਼ਹਿਰ, ਕਸਬੇ ਪਿੰਡਾਂ ਨੂੰ ਲੁੱਟਦਾ ਖਸੋਟਦਾ ਕੋਟ ਮਿਠਣ ਤਕ ਚਲਾ ਗਿਆ, ਜਿਸ ਦੀ ਸਾਮ੍ਰੱਥਾ ਨੇ ਸਿੰਧ ਮੁਲਕ ਵਿੱਚ ਵੀ ਸੈਂਕੜੇ ਲੋਗ ਸਿੰਘ ਸਜਾ ਦਿੱਤੇ, ਜੋ ਹੁਣ ਤੱਕ ਬੰਦਈ ਸਿੱਖ ਉੱਥੇ ਹਨ।

ਖਾਫੀ ਖਾਂ ਲਿਖਦਾ ਹੈ ਬਹਾਦਰ ਸ਼ਾਹ ਨੇ ਸਿੰਘਾਂ ਨਾਲ ਮੇਲ ਰੱਖਣ ਦੇ ਸ਼ੁਬੇ ਵਿੱਚ ਸੈਂਕੜੇ ਲੋਗ ਹਿੰਦੂ ਬੇਗੁਨਾਹ ਮਰਵਾ ਸਿੱਟੇ ਤੇ ਸਿੱਖ ਤਾਂ ਕਿਸੇ ਪਿੰਡ ਵਿੱਚ ਇੱਕ ਭੀ ਨਾ ਛੱਡਿਆ, ਬਲਕਿ ਦਰਯਾ ਕਿਨਾਰੇ ਜੋ ਫ਼ਕੀਰਾਂ ਦੇ ਟੰਡੇ ਬੈਠੇ ਸਨ ਓਹ ਭੀ ਤੇ ਕੁੱਤੇ, ਗਧੇ ਚੁਣ ਚੁਣ ਕੇ ਮਰਵਾ ਦਿੱਤੇ। ਸਿੰਘ ਭੀ ਜੰਗਲਾਂ ਵਿੱਚ ਜੋ ਲੁੱਕੇ ਹੋਏ ਸਨ, ਭੇਸ ਬਦਲ ਬਦਲ ਰਾਵੀ ਨੂੰ ਤੱਕ ਤੱਕ ਵਕਤ ਬੇਵਕਤ ਲਾਹੌਰ ਦੇ ਬਜ਼ਾਰਾਂ ਨੂੰ ਹੱਥ ਮਾਰ ਜਾਂਦੇ ਰਹੇ। ਏਨ੍ਹਾਂ ਦਾ ਕੁਛ ਬੰਦੋਬਸਤ ਬਾਦਸ਼ਾਹ ਤੋਂ ਨਾ ਹੋਇਆ ਗਦਰ ਹੀ ਮਚਿਆ ਰਿਹਾ।

## ੨੯. ਮੁੜ ਸਰਹੰਦ ਲੈਣੀ

ਆਖ਼ਰ ੧੮ ਮੁਹੱਰਮ ਸੰ. ੧੧੨੪ ਹਿਜ਼ਰੀ ਮੁਤਾਬਕ ਸੰਮਤ ੧੭੬੯ ਬਿ. ਨੂੰ ਬਹਾਦਰ ਸ਼ਾਹ ਬਾਦਸ਼ਾਹ ਨੇ ਤਾਂ ਦੁਨੀਆਂ ਤੋਂ ਕੂਚ ਕੀਤਾ ਤੇ ਓਸ ਦੇ ਸਾਹਜ਼ਾਦਿਆਂ ਵਿੱਚ ਤਖ਼ਤ ਬਦਲੇ ਲੜਾਈਆਂ ਝਗੜੇ ਛਿੜ ਪਏ, ਏਸ ਕਰ ਕੇ ਸਿੱਖਾਂ ਦਾ ਪਿੱਛਾ ਛੱਡ ਕੇ ਸ਼ਾਹੀ ਹਾਕਮ ਤੇ ਲਸ਼ਕਰ ਤਿੱਤ੍ਰ ਬਿੱਤ੍ਰ ਹੋ ਗਏ। ਨਾਜ਼ਮਾਂ ਨੂੰ ਆਪਣੇ ਆਪਣੇ ਸੁਤੰਤ੍ਰ ਹੋਣ ਦੀ ਅਫੜਾ ਦਫੜੀ ਪੈ ਗਈ। ਦੱਖਣ ਵਿੱਚ ਮਰਹਟਿਆਂ ਤੇ ਪੰਜਾਬ ਵਿੱਚ ਸਿੰਘਾਂ ਨੇ ਲੁੱਟ ਕੁੱਟ ਮਾਰ ਪਿੱਟ ਦੀ ਧੂਮ ਮਚਾ ਰਖੀ ਸੀ। ਉਸ ਵੇਲੇ ਨੂੰ ਬਾਬੇ ਬੰਦਾ ਬਹਾਦਰ ਨੇ ਭੀ ਗ਼ਨੀਮਤ ਸਮਝ ਕੇ ਹਥੋਂ ਖ਼ਾਲੀ ਨਾ ਜਾਣ ਦਿੱਤਾ। ਸਰਹੰਦ ਦਾ ਮੈਦਾਨ ਖ਼ਾਲੀ ਵੇਖ ਕੇ ਫੌਰਨ ਏਥੇ ਆ ਘੋੜਾ ਕੁਦਾਯਾ। ਪੰਦ੍ਰਾਂ ਕੁ ਹਜ਼ਾਰ ਸਿੰਘਾਂ ਸਮੇਤ ਬਿਨਾਂ ਬੰਦੂਕ ਦਾਗੇ ਸਰਹੰਦ ਦੀ ਬਾਂਉਨੀ ਆ ਮੱਲੀ। ਜਗਾ ਬਜਗਾ ਸਿੰਘਾਂ ਨੂੰ ਪਰਗਣੇ ਵੰਡ ਦਿੱਤੇ। ਸਿੰਘਾਂ ਦੇ ਮਿੱਠੇ ਦੇਗੇ ਤੇ ਕੜਾਹ ਪ੍ਰਸ਼ਾਦ ਹੋਣ ਲੱਗੇ।

## ੩੦. ਪਰਬਤੀ ਰਾਜਿਆਂ ਨੂੰ ਈਨ ਮਨਾਣੀ

ਸੰ: ੧੭੭੨ ਬਿ. ਨੂੰ ਉਕਤ ਕਾਰਵਾਈ ਕਰ ਕੇ ਬਾਬੇ ਬੰਦੇ ਬਹਾਦੁਰ ਨੇ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ। ਖਾਲਸੇ ਦੀ ਤਾਬੇਦਾਰੀ ਮੰਨੋ ਯਾ ਹੱਲਾ ਝੱਲੋ। ਸਿੰਘਾਂ ਦੇ ਹੱਥਕੰਡੇ ਤਾਂ ਓਹ ਪਹਿਲੇ ਦੇਖ ਹੀ ਚੁੱਕੇ ਸਨ। ਤਾਬੇਦਾਰੀ ਮੰਨ ਲੀਤੀ। ਰਾਜਾ ਕੀਰਤ ਪ੍ਰਕਾਸ਼ ਨਾਹਣੀਆਂ, ਰਾਜਾ ਗਜਾ ਸਿੰਘ ਨਾਲਾਗੜ੍ਹੀਆ, ਰਾਜਾ ਅਜਮੇਰ ਚੰਦ ਬਿਲਾਸ ਪੁਰੀਆ ਵਗ਼ੈਰੇ ਨਜ਼ਰਾਂ ਲੈ ਕੇ ਬੰਦੇ ਨੂੰ ਆ ਮਿਲੇ ਅਤੇ ਮੇਲ ਕਰ ਲੀਤਾ।

ਓਦਰੋਂ ਹਟ ਕੇ ਬੰਦੇ ਨੇ ਰੋਪੜ, ਬੱਸੀ, ਕੋਟਲਾ, ਕਿੜੀ ਬਹਿਲੋਲਪੁਰ, ਮਾਛੀਵਾੜੇ ਆਦਿਕ ਮਕਾਮਾਂ ਦੇ ਨਾਮੀ ਨਾਮੀ ਜਾਗੀਰਦਾਰਾਂ ਮੁਸਲਮਾਨਾਂ ਤੋਂ ਨਜ਼ਰਾਨੇ ਲੈ ਕੇ ਲੁਧਿਆਣੇ ਜਾ ਉੱਤਰੇ।

## ੩੧. ਦੁਆਬੇ ਦਾ ਪ੍ਰਸੰਗ (ਬੰਦੇ ਦੀ ਦੁਆਬੇ ਪਰ ਚੜ੍ਹਾਈ)

ਜਿਸ ਦਿਨ ਤੋਂ ਸਰਹੰਦ, ਕਪੂਰੀ, ਸਹਾਰਨਪੁਰ, ਕਨਖਲ, ਹਰਿਦੁਆਰ, ਗੰਗਾ ਪਾਰ ਦੇ ਬਹੁਤ ਸਾਰੇ ਸ਼ਹਿਰ ਕਸਬੇ ਨਨੌਤੇ ਵਰਗੇ ਧਨੀ ਸਿੰਘ ਜੋ ਬਹੁਤ ਚਿਰਾਂ ਦੇ ਘਰਾਂ ਤੋਂ ਆਏ ਹੋਏ ਸਨ ਹੁਣ ਫੁਰਸਤ ਪਾ ਕੇ ਬਾਬੇ ਬੰਦੇ ਤੋਂ ਯਾ ਆਪਣੇ ਆਪਣੇ ਜੱਥੇਦਾਰਾਂ ਦੀ ਆਗਿਆ ਲੈ ਕੇ ਆਪੋ ਆਪਣੇ ਘਰੀਂ ਚਲੇ ਗਏ ਹੋਏ ਸਨ, ਓਨ੍ਹਾਂ ਨੂੰ ਸਾਥ ਮਿਲਾਉਣ ਵਾਸਤੇ ਬੰਦਾ ਪੰਜ ਕੁ ਹਜ਼ਾਰ ਸਿੰਘ ਨਾਲ ਲੁਧਿਆਣੇ ਬੈਠਾ ਰਿਹਾ। ਹੁਣ ਓਹ ਸਿੰਘ ਜੋ ਪਿੰਡਾਂ ਵਿੱਚ ਗਏ ਹੋਏ ਸਨ ਓਨ੍ਹਾਂ ਦੀ ਬਹਾਦਰੀ ਦੇਖ ਕੇ ਉਨਾਂ ਦੇ ਪ੍ਰੇਰੇ ਹੋਏ ਭਾਈ ਬੰਧੂ ਸਾਕ ਮਿੱਤਰ ਪਿਆਰੇ ਹੋਰ ਭੀ ਓਨ੍ਹਾਂ ਨਾਲ ਬਹੁਤ ਸਾਰੇ ਸਿੰਘ ਸਜੇ ਹੋਏ ਜਦ ਬਾਬੇ ਬੰਦੇ ਪਾਸ ਆ 'ਕੱਠੇ ਹੋਏ ਤਾਂ ਇੱਕ ਬੜਾ ਭਾਰੀ ਲਸ਼ਕਰ ਗੁਰੂ ਖਾਲਸੇ ਦਾ ਹੋ ਗਿਆ, ਜਿਸ ਨੂੰ ਦੇਖ ਕੇ ਬੰਦੇ ਬਹਾਦਰ ਦਾ ਵੀ ਹੌਸਲਾ ਵਧ ਗਿਆ। ਏਸ ਬਹਾਦਰ ਜੰਗੀ ਖਾਲਸਾ ਦਲ ਦੀ ਧਾਂਕ ਸੁਣ ਕੇ ਦੁਆਬੇ ਅਤੇ ਮਾਝੇ ਦਾ ਹਾਕਮ, ਜ਼ਿਮੀਂਦਾਰ ਚੌਧਰੀ, ਜਾਗੀਰਦਾਰ ਸਭ ਦਹਿਲ ਗਏ, ਕਿਉਂਕਿ ਓਸ ਸਮੇਂ ਬੰਦੇ ਦਾ ਨਾਮ ਹੀ ਹਊਆ ਬਣ ਰਿਹਾ ਸੀ। ਕੋਈ ਏਸ ਨੂੰ ਕਲਕੀ ਅਵਤਾਰ ਕਹਿੰਦਾ ਸੀ, ਕੋਈ ਮਹਿੰਦੀ ਮੰਨਦਾ ਸੀ। ਬਹੁਤ ਜਾਦੂਗਰ ਆਖਦੇ ਸਨ, ਅਨੇਕ ਸਿੱਧ ਪੁਰਖ ਰਿੱਧੀ ਸਿੱਧੀ ਦਾ ਮਾਲਕ ਕਹਿੰਦੇ ਸਨ। ਕੋਈ ਏਸ ਦੇ ਤਾਬੇ ਬੀਰ ਦਸਦੇ ਸਨ। ਭਾਵ ਇਹ ਜਿਤਨੇ ਮੂੰਹ ਓਤਨੀ ਭਾਖਾ, ਬਲਕਿ ਮੁਸਲਮਾਨ ਤਾਂ ਬੰਦੇ ਦਾ ਨਾਮ ਸੁਣ ਕੇ ਸੁੱਤੇ ਪਏ ਚੌਂਕ ਚੌਂਕ ਤ੍ਰਬਕ ਤ੍ਰਬਕ ਉਠਦੇ ਸਨ।

ਸੱਚ ਹੈ ਏਹੋ ਜੇਹੇ ਹਾਲ ਤਾਂ ਅਸੀਂ ਅੱਖੀਂ ਦੇਖੇ ਹਨ ਕਿਆ ਚੀਜ਼ ਸੀ ਜੀਉਣਾ ਮੌੜ। ਜਿਨ੍ਹਾਂ ਤੋਂ ਡਰਦੇ ਮਾਰੇ ਸ਼ਾਹੂਕਾਰ ਰਾਤ ਦਿਨੇ ਬੇਚੈਨ ਸਨ, ਪੁਲਸ ਦੱਬੀ ਰਹਿੰਦੀ, ਪਿੰਡ ਸਹਿਮੇ ਰਹਿੰਦੇ। ਧਾੜਵੀ ਡਕੈਤ ਬਾਬੇ ਆਲਾ ਸਿੰਘ ਜੈਸੇ ਸੂਰਬੀਰ ਹੀ ਅੰਤ ਨੂੰ ਮੁਲਕ ਦੇ ਮਾਲਕ ਬਣੇ ਦੇਖੇ ਹਨ।

Humble service provided by Bhai Baljinder Singh (Rara Sahib)

ਏਹ ਦੁਆਬੇ ਮਾਝੇ ਦੇ ਲੋਗਾਂ ਦਾ ਵਰਤਾਉ ਸੁਣ ਕੇ ਬੰਦੇ ਨੂੰ ਭੀ ਚਾਉ ਚੜ੍ਹ ਰਿਹਾ ਸੀ, ਜਿਸ ਕਰ ਕੇ ਓਨ ਦੁਆਬੇ ਦੇਸ ਵਿੱਚ ਢੰਡੋਰਾ ਏਸ ਭਾਂਤ ਫਿਰਾ ਦਿੱਤਾ ਕਿ ਜਿਸ ਨੇ ਜ਼ੁਲਮ ਦਾ ਨਾਸ ਕਰਨਾ ਹੈ, ਖਾਲਸੇ ਦੇ ਦਲ ਦਾ ਸਾਥੀ ਹੋ ਜਾਵੇ।

ਭਾਵੇਂ ਓਸ ਸਮੇਂ ਪੰਜਾਬ ਵਿੱਚ ਕੋਈ ਟਾਂਵਾਂ ਟਾਂਵਾਂ ਹੀ ਸਿੰਘ ਸਜਿਆ ਹੋਇਆ ਸੀ, ਪਰ ਸਹਿਜਧਾਰੀ ਸਿੱਖ ਬਹੁਤ ਸਨ। ਇੱਕ ਗੁਣ ਓਦੋਂ ਦੇ ਸਿੱਖਾਂ ਵਿੱਚ ਏਹ ਬੜਾ ਭਾਰੀ ਲਾਭਦਾਇਕ ਸੀ ਕਿ ਜਦ ਕੋਈ ਔਕੜ ਕਿਸੇ ਸਿੱਖ ਨੂੰ ਆ ਪੈਂਦੀ ਸੀ, ਓਸ ਦੀ ਸਹਾਇਤਾ ਵਾਸਤੇ ਬੇਸ਼ੁਮਾਰ ਸਿੱਖ ਸ਼ਸਤ੍ਰ ਫੜ ਕੇ ਆ 'ਕੱਠੇ ਹੁੰਦੇ ਸਨ।

ਹੁਣ ਬੰਦੇ ਦਾ ਢੰਡੋਰਾ ਸੁਣ ਕੇ ਮਾਲਵੇ ਮਾਝੇ ਦੇ ਸਿੱਖ ਤਾਂ ਟੋਲਿਆਂ ਦੇ ਟੋਲੇ ਬਾਬੇ ਬੰਦੇ ਦੇ ਦਲ ਵਿੱਚ ਐਉਂ ਆਉਣ ਲੱਗ ਪਏ, ਜਿਕੂੰ ਚੇਤਰ ਮਾਸ ਵਿੱਚ ਸੋਮਿਆਂ ਦੇ ਜਲ ਨੀਆਂ ਵਿੱਚ ਮਿਲਦੇ ਹਨ ਅਤੇ ਦੁਆਬੇ, ਪੋਠੋਹਾਰ ਦੜਪ, ਕੰਢੀ, ਵਿੱਚੋਂ ਭੀ ਖੁੰਬਾਂ ਵਾਂਗੂੰ ਬਹੁਤ ਸਾਰੇ ਆਨ ਮਿਲੇ।

## ੩੨. ਫਲੌਰ ਤੇ ਫਗਵਾੜਾ ਮਾਰਨਾ

ਹੁਣ ਬੰਦੇ ਨੇ ਤੇ ਜਥੇਦਾਰਾਂ ਨੇ ਭੀ ਅਪਣੇ ਲਸ਼ਕਰ ਦੀ ਤਾਕਤ ਵਧਦੀ ਦੇਖ ਕੇ ਸਤਲੁਜ ਦਰਿਯਾ ਨੂੰ ਫਲੌਰ ਦੇ ਪੱਤਨ ਲੰਘ ਕੇ ਸੰ. ੧੭੭੦ ਬਿ. ਨੂੰ ਫਲੌਰ ਜਾ ਡੇਰਾ ਲਾਇਆ। ਏਸ ਕਸਬੇ ਨੂੰ ਸੋਧ ਕੇ ਕਸਬੇ ਫਗਵਾੜੇ ਵੰਨੀ ਝੁਕ ਪਏ, ਕਿਉਂਕਿ ਏਥੋਂ ਦੇ ਚੌਧਰੀ ਚੂਹੜ ਮਲ ਦੀ ਹਸੀਯਤ ਕੁਛ ਅਨਜਾਈ ਰਾਜਿਆਂ ਨਾਲੋਂ ਓਦੋਂ ਘੱਟ ਨਹੀਂ ਸੀ। ਬਹੁਤ ਸਾਰੇ ਦੇਸ਼ ਦਾ ਮਾਮਲਾ ਸ਼ਾਹੀ ਖ਼ਜ਼ਾਨੇ ਵਿੱਚ ਏਹੋ ਭਰਿਆ ਕਰਦੇ ਸਨ।

ਭਾਵੇਂ ਓਥੋਂ ਦੇ ਚੌਧਰੀ ਜਵਾਹਰ ਮਲ ਦੇ ਪ੍ਰੇਰੇ ਤੇ ਅਮੀਨ ਖਾਂ ਕਸੂਰੀ ਹਾਕਮ ਦੇ ਧਕੇਲੇ ਹੋਏ ਹਿੰਦੂ ਮੁਸਲਮਾਨ 'ਕੱਠੇ ਹੋ ਕੇ ਘੜੀ ਚਾਰ ਕੁ ਤਾਂ ਲੜੇ, ਪਰ ਸਿੰਘਾਂ ਦੇ ਹੱਲੇ ਦੀ ਤਾਬ ਨਾ ਲਿਆ ਸਕੇ। ਓੜਕ ਚੌਧਰੀ ਜਵਾਹਰ ਮਲ ਗਲ ਵਿੱਚ ਪੱਲਾ ਪਾ ਕੇ ਦੋ ਘੋੜੇ ਕੀਮਤੀ ਪੰਜ ਹਜ਼ਾਰ ਰੁਪਯਾ ਨੱਕਦ ਨਜ਼ਰ ਦੇ ਕੇ ਬੰਦੇ ਦੇ ਚਰਨਾਂ ਪਰ ਢਹਿ ਪਿਆ ਤੇ ਤਾਬੇਦਾਰੀ ਲਿਖ ਦਿੱਤੀ।

## ੩੩. ਰਾਹੋਂ ਆਦਿਕ ਮਾਰਨਾ

ਫਗਵਾੜੇ ਦੇ ਗਿਰਦੇ ਅਨੇਕ ਪਿੰਡਾਂ ਨੂੰ ਸੋਧਦੇ ਹੋਏ ਸਿੰਘਾਂ ਨੇ ਰਾਹੋਂ ਜਾ ਮਾਰੀ। ਏਥੋਂ ਦਾ ਰਈਸ ਅਨੈਤ ਖਾਂ ਵੱਡਾ ਦੌਲਤ ਵਾਲਾ ਧੜਵੈਲ ਮਸ਼ਹੂਰ ਸੀ। ਓਸ ਦੇ ਧਾੜੇ ਮਾਰਨ ਦੀ ਧਾਂਕ ਸਾਰੇ ਪੰਜਾਬ ਵਿੱਚ ਫੈਲ ਰਹੀ ਸੀ। ਏਸ ਦੇ ਜੱਥੇ ਤੋਂ ਹਾਕਮ ਭੀ ਡਰਦੇ ਸਿਰ ਨਹੀਂ ਆਉਂਦੇ ਸਨ। ਸੱਚ ਹੈ, ਧੀਂਗ ਪਰ ਧੀਂਗ ਰੱਬ ਨੇ ਰਚ ਰੱਖੇ ਹਨ। ਸਿੰਘਾਂ ਦੇ ਅੱਗੇ ਓਹ ਭੀ ਹੱਥ ਨਾ ਉਠਾ ਸਕਿਆ। ਧਾੜਯਾਂ ਨਾਲ ਸਾਰੀ ਉਮਰ ਦੀ ਕੱਠੀ ਕੀਤੀ ਹੋਈ ਮਾਯਾ ਧਾੜਵੀਆਂ ਨੂੰ ਹੀ ਅਰਪਣ ਕਰਾ ਦਿੱਤੀ। (ਜੱਤ੍ਰ ਆਈ ਤੱਤ੍ਰ ਗਈ) ਫੇਰ ਤਾਂ ਓਹ ਵੀ ਬੰਦੇ ਦਾ ਮੁਰੀਦ ਹੋ ਕੇ ਭੇਤ ਦੱਸਣ ਪਰ ਹੋ ਗਿਆ। ਰਾਹੋਂ ਤੋਂ ਚੜ੍ਹ ਕੇ ਖਾਲਸਈ ਦਲ ਨੇ ਜਲੰਧਰ ਵੰਨੀ ਰੁਖ ਕੀਤਾ। ਜਲੰਧਰੀ ਨਵਾਬ ਸੈਫ ਅਲੀ ਖ਼ਾਂ ਤੇ ਫੈਜ਼ਲਾ ਖ਼ਾਂ ਵਗ਼ੈਰਾ ਨੇ ਬਾਬੇ ਬੰਦੇ ਦੀ ਬਹਾਦਰੀ ਤੇ ਫਤੇਯਾਬੀ ਤੇ ਅਜ਼ਮਤ ਦਾ ਹਾਲ ਰਾਹੋਂ ਵਰਗੇ ਮਕਾਮ ਮਾਰਨੇ ਤਾਂ ਪਹਿਲੇ ਹੀ ਸੁਣ ਰੱਖਿਆ ਸੀ। ਓਸ ਦੇ ਮੁਕਾਬਲੇ ਦੀ ਸਾਮ੍ਰਥਾ ਅਪਣੇ ਵਿੱਚ ਨਾ ਦੇਖ ਕੇ ਪੰਜ ਘੋੜੇ ਬਹੁਤ ਚੰਗੇ ਚੰਗੇ ਜ਼ਰੀ ਦੌਂਜਾ ਕਾਫੀਆਂ ਸਮੇਤ ਸਤ ਹਜ਼ਾਰ ਨਕਦ ਨਜ਼ਰ ਦੇ ਕੇ ਆਪਣਾ ਪਿੱਛਾ ਛੁਡਾ ਲੀਤਾ। ਫੇਰ ਭੀ ਬੰਦੇ ਨੇ ਅਨੈਤ ਖਾਂ ਦੇ ਭੇਟ ਦੇਣ ਪਰ ਜਲੰਧਰੀਆਂ ਦਾ ਜੋ ਓਨ੍ਹਾਂ ਦੇ ਅਨੰਦਪੁਰ ਦੇ ਜੰਗ ਵਿੱਚ ਸ੍ਰੀ ਗੁਰੂ ਦਸ਼ਮੇਸ਼ ਜੀ ਦਾ ਮੁਕਾਬਲਾ ਕੀਤਾ ਸੀ, ਏਸ ਗ਼ੁਨਾਹ ਬਦਲੇ ਅੱਧਾ ਇਲਾਕਾ ਖੋਹ ਕੇ ਜਵਾਹਰ ਮਲ ਆਦਿਕ ਹਿੰਦੂ ਚੌਧਰੀਆਂ ਨੂੰ ਦੇ ਦਿੱਤਾ।

ਇਸ ਵੇਲੇ ਦੁਆਬੇ ਦਾ ਵੱਡਾ ਹਾਕਮ ਫੌਜਦਾਰ ਸ਼ਮਸ ਖ਼ਾਂ ਕਸੂਰੀ ਖਲਫ ਜਹੀ ਪਠਾਣ ਬੜਾ ਬਹਾਦੁਰ ਤੇ ਚਤ੍ਰ ਮਸ਼ਹੂਰ ਸੀ। ਓਸ ਨੇ ਭਾਵੇਂ ਏਹ ਸਾਰੇ ਹਾਲ ਸੁਣੇ ਹੋਏ ਸਨ, ਪਰ ਏਸ ਬਹਾਦੁਰ ਤੇ ਜੋਧੇ ਸਿੰਘੀ ਦਲ ਨੂੰ ਹੜ੍ਹ ਦਾ ਪਾਣੀ ਸਮਝ ਕੇ ਖਾਮੋਸ਼ ਬੈਠਾ ਰਿਹਾ। ਏਧਰੋਂ ਬੰਦੇ ਬਹਾਦੁਰ ਨੇ ਵੀ ਓਸ ਨੂੰ ਛੇੜਨ (ਆਉ ਬੈਲ ਮੁਝੇ ਮਾਰ) ਵਾਲੀ ਗੱਲ ਕਰਨੀ ਚੰਗੀ ਨਾ ਮੰਨ ਕੇ ਹੋਰ ਹੋਰ


ਰਈਸਾਂ, ਜ਼ਿਮੀਂਦਾਰਾਂ ਚੌਧਰੀਆਂ ਤੋਂ ਖਾਲਸੇ ਨੂੰ ਨਜ਼ਰਾਨੇ ਦਿਵਾਉਂਦਾ ਤੇ ਕਿਲ੍ਹਿਆਂ ਵਿੱਚ ਸਿੰਘਾਂ ਦੇ ਠਾਣੇ ਬਿਠਾਉਂਦਾ ਹੋਇਆ ਸੰ. ੧੭੭੧ ਬਿ. ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਪਾਏ, ਪ੍ਰਸ਼ਾਦ ਕਰਾਏ, ਭੇਟਾ ਚੜ੍ਹਾਈ।

ਸਿੱਖਾਂ ਪਾਸੋਂ ਪੂਜਾ ਲੈਣ ਦੇ ਅਤੇ ਗੁਰੂ ਬਣਨ ਦੇ ਭਾਵ ਨਾਲ ਗਦੇਲੇ ਪਰ ਹੋ ਬੈਠਾ। ਸੰਗਤਾਂ ਨੇ ਦਰਸ਼ਨ ਕਰ ਕਰ ਮਾਇਆ ਬਹੁਤ ਚੜ੍ਹਾਈ। ਏਸ ਪ੍ਰਤਾਪ ਨੂੰ ਦੇਖ ਦੇਖ ਸਭ ਲੋਗ ਆਪਸ ਵਿੱਚ ਏਹੋ ਕਹਿ ਰਹੇ ਸਨ ਕਿ ਭਾਈ ਹੁਣ ਸਿੱਖਾਂ ਦਾ ਰਾਜ ਹੋ ਜਾਵੇਗਾ। ਤੁਰਕਾਂ ਦੇ ਜ਼ੁਲਮਾਂ ਤੋਂ ਖ਼ਲਕਤ ਬਚ ਜਾਏਗੀ। ਏਸੇ ਭਰੋਸੇ ਪਰ ਹਰ ਰੋਜ਼ ਸੌ ਸੌ ਆਦਮੀ ਸਿੰਘ ਸਜਦਾ ਰਿਹਾ, ਜਿਸ ਤੋਂ ਸਿੱਖਾਂ ਨੂੰ ਖ਼ੁਸ਼ੀ ਤੇ ਤੁਰਕਾਂ ਨੂੰ ਗਸ਼ੀ ਬਯਾਪ ਰਹੀ ਸੀ।

*Humble service provided by Bhai Baljinder Singh (Rara Sahib)*

ੴ ਸਤਿਗੁਰ ਪ੍ਰਸਾਦਿ ॥

# ੩੪. ਬਾਬੇ ਬੰਦੇ ਦਾ ਪਰਵਾਰ




---

*ਕਈ ਗ੍ਰੰਥਕਾਰ ਇਨ੍ਹਾਂ ਦਾ ਨਾਉਂ ਰਣਜੀਤ ਸਿੰਘ ਵੀ ਕਹਿੰਦੇ ਹਨ।

Humble service provided by Bhai Baljinder Singh (Rara Sahib)

## ੩੫. ਮਾਝੇ ਦਾ ਜ਼ਿਕਰ

ਜਦ ਤੋਂ ਬੰਦੇ ਬਹਾਦਰ ਦੀਆਂ ਤੇ ਖਾਲਸੇ ਦੀਆਂ ਬਹਾਦਰੀਆਂ ਮਾਝੇ ਦੇ ਲੋਗ ਸੁਣ ਰਹੇ ਸਨ, ਦੇਖਣ ਨੂੰ ਚਾਓ ਚੜ੍ਹ ਰਿਹਾ ਸੀ ਅਤੇ ਏਸੇ ਉਡੀਕ ਵਿੱਚ ਸਨ ਕਿ ਕਦੇ ਓਹ ਦਿਨ ਭੀ ਆਵੇਗਾ, ਜਦੋਂ ਅਸੀਂ ਭੀ ਆਪਣੇ ਜ਼ਾਲਮ ਹਾਕਮਾਂ ਤੋਂ ਬਦਲੇ ਲਵਾਂਗੇ। ਓਸ ਸਮੇਂ ਦੇ ਛੋਟੇ ਛੋਟੇ ਹਾਕਮ ਭੀ ਪਿੰਡ ਦੇ ਲੋਗਾਂ ਨੂੰ ਬੜੇ ਬੜੇ ਅਸਹਿ ਦੁਖ ਦੇ ਰਹੇ ਸਨ। ਬੜੇ ਬੜੇ ਹਾਕਮਾਂ ਦੇ ਜ਼ੁਲਮ ਤਾਂ ਲਿਖੇ ਹੀ ਨਹੀਂ ਜਾਂਦੇ। ਜਿਸ ਨੂੰ ਚਾਹੁੰਦੇ ਪਿੰਡੋਂ ਕੱਢ ਦਿੰਦੇ, ਜਿਸ ਨੂੰ ਚਾਹੁੰਦੇ ਵਸਾਉਂਦੇ। ਲੁੱਟ ਲੈਣਾ ਤਾਂ ਇੱਕ ਖੇਡ ਹੀ ਮੰਨ ਰੱਖੀ ਸੀ। ਕਤਲ ਕਰ ਕਰਾ ਦੇਣਾ ਸਹਿਜੇ ਹੀ ਬਾਤ ਸੀ। ਗ਼ਰੀਬਾਂ ਦੀ ਫਰੀਯਾਦ ਤਾਂ ਕੋਈ ਸੁਣਦਾ ਹੀ ਨਹੀਂ ਸੀ। ਹਰ ਵੇਲੇ ਦੁਖੇ ਦਿਲਾਂ ਵਿੱਚੋਂ ਏਹੋ ਭੜਾਸ ਨਿੱਕਲਦੀ ਕਿ ਹੇ ਪ੍ਰਮੇਸ੍ਵਰ! ਏਨ੍ਹਾਂ ਮੁਸਲਮਾਨਾਂ ਦੇ ਰਾਜ ਦੀ ਜੜ੍ਹ ਪੁੱਟ!

ਏਸੇ ਭਾਂਤ ਜਿਸ ਰਾਜੇ ਬਾਦਸ਼ਾਹ ਦੀ ਪਰਜਾ ਦੁਖੀ ਹੁੰਦੀ ਹੈ, ਹੱਥ ਪੈਂਦਾ ਵੇਖ ਕੇ ਲੁੱਟ ਮਾਰ ਮਚਾ ਮਾਲਕ ਦੇ ਲਹੂ ਪੀਣ ਨੂੰ ਤਿਆਰ ਹੋ ਜਾਂਦੀ ਹੈ। ਹਾਕਮਾਂ ਨੂੰ ਵੱਢ ਟੁੱਕ ਕੇ ਦਿਲੋਂ ਖ਼ੁਸ਼ੀ ਹੁੰਦੀ ਹੈ।

## ੩੬. ਤਿਆਰੇ ਤੇ ਵਿਚਾਰ ਕਰਨੇ

ਮਝੈਲ ਪਿੰਡੂਆਂ ਨੇ ਜਦ ਤੋਂ ਸੁਣਿਆ ਕਿ ਬੰਦਾ ਗੁਰੂ ਕੇ ਪੁੱਤਰਾਂ ਦਾ ਤੇ ਗ਼ਰੀਬਾਂ ਦਾ ਵੈਰ ਲੈਣ ਆਉਂਦਾ ਹੈ, ਜਾਮੇ ਵਿੱਚ ਫੂਲੇ ਨਹੀਂ ਸਮਾਉਂਦੇ ਸਨ। ਜਿਕੂੰ ਸੂਰਜ ਚੜੇ ਕੰਵਲ ਖਿੜ ਪੈਂਦੇ ਹਨ ਤੇ ਜਾਨਵਰ ਅੱਖਾਂ ਖੋਲ੍ਹ ਕੇ ਚਹਿ ਚਹਿ ਲਾ ਦਿੰਦੇ ਹਨ, ਏਸੇ ਭਾਂਤਿ ਬੰਦੇ ਦੇ ਆਉਣੇ ਨੇ ਮਾਝੇ ਵਿੱਚ ਹੋਰ ਦੀ ਹੋਰ ਚਰਚਾ ਫੈਲਾ ਦਿੱਤੀ। ਨਗਰਾਂ ਵਿੱਚ ਵਾਹਰੂ ਢੋਲ ਵੱਜ ਪਏ। ਹੋੱਕੇ ਮਿਲਣ ਲੱਗੇ, ਆਓ ਭਾਈ ਪਜਾਰਿਓ! ਵੈਰੀਆਂ ਤੋਂ ਵੈਰ ਲਈਏ। ਕਈ ਸਵਾਰ ਕਈ ਪਯਾਦੇ ਸੇਲੇ ਤਲਵਾਰਾਂ ਬਰਛੀਆਂ ਬੰਦੂਕਾਂ ਲੈ ਕੇ ਢਾਣ ਵਾਹਰੂ ਢੋਲ ਵਜਾਉਂਦੇ ਸ਼ਬਦ ਗਾਉਂਦੇ ਆਉਂਦੇ। ਏਸੇ ਭਾਂਤ ਬੜੇ ਉਤਸ਼ਾਹ ਨਾਲ ਤਿੰਨ ਚਾਰ ਹਜ਼ਾਰ ਪੱਗ ਬੰਨ ਕੱਠਾ ਹੋ ਗਿਆ। ਬਾਬੇ ਬੰਦੇ ਨੂੰ ਤੇ ਸਿੰਘਾਂ ਨੂੰ ਦੇਖ ਦੇਖ ਮਝੈਲਾਂ ਦੇ ਬੀਰ ਰਸ ਨਾਲ ਬਦਨ ਭਰੇ ਗਏ। ਜੰਗ ਦੇ ਸਦਨ ਵੈਰੀਆਂ ਨੂੰ ਕਦਨ ਕਰਨ ਵਾਲੇ ਤਿਆਰ ਹੋ ਖਲੋਤੇ। ਹੁਣ ਰਿਆੜਕੀ ਦਾ ਪਰਗਣਾਂ ਸੋਧਣ ਲਈ ਅਰਦਾਸੇ ਸੋਧ ਸੋਧ ਚੜ੍ਹ ਬੈਠੇ।

## ੩੭. ਲਾਹੌਰ ਦੇ ਗਿਰਦੇ ਪਠਾਣਕੋਟ ਦੀ ਲੁੱਟ

ਸਿੰਘ ਤੇ ਬੰਦੇ ਦਾ ਡਰ ਹਾਕਮਾਂ ਦੇ ਮਨ ਵਿੱਚ ਤੀਰ ਕਾਉਂ ਵਾਲਾ ਪਹਿਲੇ ਹੀ ਵਸ ਰਿਹਾ ਸੀ। ਹੁਣ ਪਰਜਾ ਨਾਲ ਸੁਲਾਹ ਭੀ ਘੜੇ ਵੱਟੇ ਵਾਲੀ ਸਮਝ ਕੇ ਮੁਸਲਮਾਨ ਹਾਕਮ ਤਾਂ ਕੋਈ ਬੀਮਾਰ, ਕੋਈ ਲਚਾਰ, ਪੁਕਾਰ ਪੁਕਾਰ ਟਾਲੇ ਕਰ ਬੈਠੇ। ਜਦ ਕੋਈ ਫੌਜਦਾਰ ਅਕਾਲੀ ਦਲ ਦੇ ਟਾਕਰੇ ਲਈ ਨਾ ਅਪੜਿਆ, ਲੁੱਟ ਮਾਰ ਗੁਜ਼ਾਰਦੇ ਹੋਏ ਕਾਨੂਆਂਣ ਤੱਕ ਚਲੇ ਗਏ। ਭਾਵੇਂ ਹੋਰ ਪੰਦ੍ਰਾਂ ਕੁ ਹਜ਼ਾਰ ਸਿੰਘ ਤਾਂ ਪਿਛੇ ਨੂੰ ਹਟਿਆ, ਪਰ ਸਠਾਲੇ ਬੁਤਾਲੇ ਵਾਲੇ ਜ਼ਿਮੀਂਦਾਰਾਂ ਦੇ ਦੋਵੇਂ ਜੱਥੇ ਅੱਗੇ ਨੂੰ ਹੀ ਵਧਦੇ ਗਏ। ਫੌਰਨ ਪਠਾਨਕੋਟ ਜਾ ਮਾਰਿਆ। ਪਿਛੇ ਮੁੜਨ ਵਾਲਿਆਂ ਨੇ ਲਾਹੌਰ ਦੇ ਗਿਰਦੇ ਜੋ ਭਰਲੀ ਦਾ ਪਰਗਣਾ ਮਸ਼ਹੂਰ ਹੈ, ਮਾਰ ਮਾਰ ਕੇ ਥੋਥਾ ਕਰ ਦਿੱਤਾ। ਸਿਰ ਕੱਢਵੇਂ ਆਦਮੀ ਬਹੁਤ ਮਾਰੇ ਗਏ, ਪਰ ਅਸ਼ਕੇ ਅਸਲਮ ਖਾਂ ਸੂਬੇ ਦੇ ਜਿਸ ਨੇ ਏਸ ਸਿੰਘਈ ਦਲ ਵੰਨੀ ਤੱਕਿਆ ਭੀ ਨਾ। ਸਿੰਘਾਂ ਨੇ ਲਾਹੌਰ ਦੇ ਇਰਦ ਗਿਰਦ ਸਭ ਪਿੰਡ ਦਰੜ ਸੁਟੇ। ਇੱਕ ਦਿਨ ਸ਼ਾਲਾਮਾਰ ਪਾਸ ਜਾ ਉੱਤਰੇ, ਪਰ ਓਨ ਅੱਖ ਨਾ ਚੁੱਕੀ। ਭਾਵੇਂ ਬੇਸ਼ੁਮਾਰ ਗਾਜ਼ੀ ਆਉਂਦੇ ਜਾਨ ਗਵਾਉਂਦੇ ਰਹੇ, ਜਿਨ੍ਹਾਂ ਨੂੰ ਏਤਨਾ ਹੀ ਭਰੋਸਾ ਸੀ ਕਿ ਕਾਫਰਾਂ ਨਾਲ ਲੜ ਕੇ ਮਰਨਾ ਹੀ ਬਹਿਸ਼ਤ ਵਿੱਚ ਲੈ ਜਾਂਦਾ ਹੈ। ਸਿੰਘਾਂ ਨੇ ਭਰਲੀ ਨੂੰ ਹੀ ਸੋਧ ਕੇ ਚੈਨ ਨਹੀਂ ਕੀਤਾ, ਸਗੋਂ ਵਕਤ ਬੇਵਕਤ ਕਈ ਵਾਰੀ ਦਾਉ ਤਕਾ ਤਕਾ ਲਾਹੌਰ ਦੇ ਬਜ਼ਾਰਾਂ ਨੂੰ ਭੀ ਮਾਰੋ ਮਾਰ ਦਾ ਹੱਥ ਕਰ ਜਾਂਦੇ ਰਹੇ। ਪਰ ਮੁਕਾਬਲੇ ਪਰ ਕੋਈ ਨਹੀਂ ਸੀ ਕਦੇ ਆਇਆ।

## ੩੯. ਬਹਾਦੁਰ ਸ਼ਾਹ ਦੇ ਮਰਿਆਂ ਜਹਾਂਦਾਰ ਸ਼ਾਹ ਤਖ਼ਤ ਤੇ ਬੈਠਾ ਤੇ ਉਸ ਦਾ ਜ਼ਿਕਰ

ਹੁਣ ਜਦ ਸੰ. ੧੭੬੯ ਬਿ. ਨੂੰ ਬਹਾਦੁਰ ਸ਼ਾਹ ਬਾਦਸ਼ਾਹ ਦੇ ਮਰੇ ਤੋਂ ਓਸ ਦਾ ਵਡਾ ਪੁੱਤ੍ਰ ਜਹਾਂਦਾਰ ਸ਼ਾਹ ਤਖ਼ਤ ਪਰ ਬੈਠਾ। ਏਹ ਬਹੁਤ ਨਰਮ ਦਿਲ ਚਾਉ ਤਮਾਸ਼ੇ ਰਾਗ ਰੰਗ ਦਾ ਪਿਆਰਾ ਸੀ। ਏਸ ਨੇ ਅਸਲਮ ਖ਼ਾਂ ਦੀ ਸੁਸਤੀ ਤੇ ਪਰਜਾ ਦੀ ਬਰਬਾਦੀ, ਸਿੰਘਾਂ ਦੀ ਤੇਜ਼ੀ ਸੁਣ ਕੇ ਲਾਹੌਰ ਵੰਨੀ ਕੂਚ ਕਰ ਦਿੱਤਾ। ਏਸ ਦੀ ਧਾਂਕ ਨਾਲ ਮੁਸਲਮਾਨ ਬਰਖਾ ਕਾਲ ਦੇ ਡੱਡੂਆਂ ਵਾਂਗੂ ਇੱਕੋ ਵਾਰੀ ਗਜ ਉੱਠੇ। ਸਿੰਘ ਲੁੱਟ ਮਾਰ ਛੱਡ ਕੇ ਨਿਕੇ ਨਿਕੇ ਜਥੇ ਬਣਾ ਕੇ ਜੰਗਲਾਂ ਪਹਾੜਾਂ ਵਿੱਚ ਜਾ ਧਸੇ। ਬੰਦਾ ਮੰਡੀ ਵੰਨੀ ਜਾ ਰਿਹਾ। ਲੋਗਾਂ ਨੇ ਜਹਾਂਦਾਰ ਪਾਸ ਸਿੰਘਾਂ ਦੀਆਂ ਜ਼ੁਲਮੀਆਂ ਜ਼ਬਰੀਆਂ ਬਹੁਤ ਸੁਣਾਈਆਂ, ਪਰ ਓਸ ਮੋਮਨ ਮਹਾਤਮਾ ਨੇ ਏਹੋ ਸੁਖਨ ਰੱਖਿਆ ਕਿ ਮੈਂ ਦੇਖਾਂਗਾ ਸਿੰਘਾਂ ਦੇ ਜ਼ੁਲਮ ਤਾਂ ਹੁਕਮ ਸਜ਼ਾ ਦਾ ਦੇਵਾਂਗਾ। ਇੱਕ ਮਹੀਨਾ ਭੀ ਪੂਰਾ ਨਾ ਹੋਇਆ ਸੀ ਏਸ ਦੇ ਭਤੀਜੇ ਫਰੁਖ਼ਸੀਯਰ ਬੰਗਾਲ ਦੇ ਸੂਬੇ ਵੱਲੋਂ ਭੈੜੀਆਂ ਖਬਰਾਂ ਆਉਣ ਲੱਗੀਆਂ, ਜਿਸ ਕਰ ਕੇ ਏਹ ਦਿਲੀ ਵੰਨੀ ਮੁੜ ਗਿਆ। ਏਸ ਦੀ ਕਚਹਿਰੀ ਵਿੱਚ ਜਿਤਨੀ ਕਦਰ ਇੱਜ਼ਤ ਗਾਉਣ ਵਜਾਉਣ ਨਚਨ ਵਾਲਿਆਂ ਦੀ ਸੀ, ਓਤਨੀ ਕਿਸੇ ਬਹਾਦੁਰ ਗੁਣੀ ਪੁਰਖ ਦੀ ਨਹੀਂ ਸੀ। ਡੂੰਮ ਮਿਰਾਸੀ ਤੁੱਛ ਬੁੱਧੀ ਏਸ ਦੀ ਕਚਹਿਰੀ ਦੇ ਐਸੇ ਸਾਮ੍ਰਥ ਮੱਲ ਸਨ, ਜੋ ਚਾਹੁੰਦੇ ਸੋਈ ਹੁੰਦਾ। ਸਾਰੇ ਅਮੀਰ ਉਮਰਾਂ ਦੀ ਖ਼ੁਸ਼ਾਮਦ ਰੱਖਦੇ ਸਨ ਕਿ ਕੁਝ ਸਿਖਾ ਕੇ ਇੱਜ਼ਤ ਨਾ ਬਿਗੜਾ ਦੇਨ। ਗਵੱਈਏ ਕੰਚਨੀਆਂ ਬੰਚਨੀਆਂ ਤਾਂ ਕੁਲ ਕੁਲਾਂ ਮਾਲਕ ਸਨ। ਜਦ ਏਹੋ ਜੇਹੇ ਕਮੀਨੇ ਲੋਗਾਂ ਦੀ ਕਮਾਣ ਚੜ੍ਹ ਜਾਏ ਤਾਂ ਉੱਤਰਨੀ ਔਖੀ ਹੈ, ਕਿਉਂਕਿ ਜਿਨ੍ਹਾਂ ਨੇ ਹਰ ਤਰ੍ਹਾਂ ਦੀ ਗ਼ੁਲਾਮੀ ਤੇ ਸਲਾਮੀ ਹੱਸੀ ਖ਼ੁਸ਼ੀ ਨਾਲ ਮਾਲਕ ਨੂੰ ਹਸਾਉਂਦੇ ਖਿਡਾਉਂਦੇ ਰਹਿਣਾ। ਬਾਦਸ਼ਾਹਾਂ ਰਾਜਿਆਂ ਪਾਸ ਤਾਂ ਵੱਡੀ ਵੱਡੀ ਉਮਰ ਦੇ ਤਜ਼ਰਬੇਕਾਰ ਪੁਸ਼ਤਾਂ ਦੇ ਰੱਜੇ ਹੋਏ ਓਹ ਪੁਰਖ ਚਾਹੀਦੇ ਹਨ, ਜੋ ਬਿਨਾਂ ਮਤਲਬ ਇੱਕ ਹਰਫ ਭੀ ਮੂੰਹੋਂ ਨਾ ਕੱਢਣ ਤੇ ਬਿਨਾਂ ਕਾਰਨ ਕੋਈ ਜ਼ਰਾ ਭਰ ਹਰਕਤ ਨਾ ਕਰਨ। ਕੇਵਲ ਕੰਮ ਦਾ ਧਯਾਨ ਯਾ ਮਾਲਕ ਦੀ ਕਲਜਾਨ ਦੀ ਸੋਚ ਵੀਚਾਰ ਕਰਦੇ ਰਹਿਣ ਅਤੇ ਪਰਜਾ ਦੇ ਸੁਖਦਾਈ ਰਾਜਾ ਦੇ ਤੇ ਰਯਾਸਤ ਦੀ ਉੱਨਤੀ ਦੇ ਕਾਰਨ ਸੋਚ ਕਰ ਰਾਜਾ ਨੂੰ ਮੌਕੇ-ਮੌਕੇ ਪਰ ਮਸਾਲਾਂ ਦੇ ਦੇ ਕੇ ਜਿਤਲਾਉਂਦੇ ਰਹਿਣ। ਜੈਸੀ ਸੰਗਤ ਤੈਸਾ ਫ਼ਲ ਭੋਗਣਾ ਪੈਂਦਾ ਹੈ। ਡੂੰਮਾ ਡਹਾਲਾਂ ਕੰਜਰੀਆਂ ਫੰਜਰੀਆਂ ਦਾ ਝੰਬੇਲਾ ਹਰ ਵੇਲੇ ਜਹਾਂਦਾਰ ਸ਼ਾਹ ਪਾਸ ਰਹਿੰਦਾ ਦੇਖ ਕੇ ਅਮੀਰਾਂ ਨੇ ਦੁਖੀ ਹੋ ਕੇ ਫਰੁਖ਼ਸ਼ੀਯਰ ਨੂੰ ਬੁਲਾ ਲੀਤਾ। ਇੱਕ ਤਾਂ ਓਸ ਦੇ ਆਉਣੇ ਨੇ ਹਲਚਲੀ ਪਾ ਦਿੱਤੀ। ਦੂਜੇ ਸੰ. ੧੭੭੧ ਬਿ. ਨੂੰ ਐਸਾ ਦੁਰਭਿਖ ਭਾਰੀ ਪਿਆ, ਤਿੰਨ ਸੇਰ ਕੱਚਾ ਆਟਾ ਰੁਪਯੇ ਦਾ ਹੋ ਗਿਆ। ਬੇਅੰਤ ਖਲਕਤ ਭੁੱਖੀ ਮਰ ਗਈ। ਫਰੁਖਸ਼ੀਯਰ ਨੇ ਬਾਰੇ ਦੇ ਸੱਯਦਾਂ ਦੀ ਸਹਾਇਤਾ ਨਾਲ ਦਿੱਲੀ ਦਾ ਤਖ਼ਤ ਲੈ ਲੀਤਾ। ਭਾਵੇਂ ਏਹ ਖਰਾਹੀ ਜ਼ਾਲਮ ਜ਼ਹਿਰੀ ਸੀ, ਪਰ ਨਰ ਹਾਕਮ ਹੋਣੇ ਕਰ ਇੰਤਜ਼ਾਮ ਸ਼ਾਹੀ ਦਾ ਚੰਗਾ ਕਰ ਲੀਤਾ।

ਪੰਜਾਬ ਦਾ ਹਾਲ ਸੁਣ ਕੇ ਲਾਹੌਰ ਦੇ ਸੂਬੇ ਜਬਰਦਸਤ ਖਾਂ ਨੂੰ ਬਦਲ ਕੇ ਅਬਦੁਲ ਸਮੁੰਦ ਖਾਂ ਦਲੇਰ ਜੰਗ ਨੂੰ ਲਾਹੌਰ ਦਾ ਸੂਬਾ ਕਰ ਦਿੱਤਾ। ਜਦ ਦੁਆਬੇ ਵਿੱਚ ਆਇਆ ਤਾਂ ਪਤਾ ਲੱਗਾ ਕਿ ਈਸੇ ਖ਼ਾਂ ਮੰਜ ਰਾਜਪੂਤ ਅੱਗੇ ਰਾਹ ਰੋਕੀ ਬੈਠਾ ਹੈ। ਸੁਣ ਕੇ ਏਸ ਦੀ ਤਾਂ ਜੰਗ ਦਲੇਰੀ ਭੰਗੇਰੀ ਗਈ ਡੇਰਾ ਲਾ ਬੈਠਾ। ਇਹ ਬਾਤ ਸੁਣ ਕੇ ਕਸੂਰ ਦੇ ਨਵਾਬ ਸਾਦਾਦ ਖਾਂ ਨੇ ਆਪਣੇ ਬਹੁਤ ਆਦਮੀ ਲਿਆ ਕੇ ਓਸ ਨੂੰ ਲਾਹੌਰ ਵਾੜਿਆ। ਏਸ ਬਦਲੇ ਸਾਦਾਦ ਖਾਂ ਨੂੰ ਸ਼ੇਖੂਪੁਰੇ ਦੀ ਫੌਜਦਾਰੀ ਮਿਲ ਗਈ।

## ੩੯. ਬੰਦੇ ਨੇ ਕਲਾਨੌਰ ਤੇ ਵਟਾਲੇ ਦਾ ਇਲਾਕਾ ਲੁਟਣਾ

ਜਬਰਦਸਤ ਖਾਂ ਸੂਬੇ ਲਾਹੌਰ ਦੇ ਵੇਲੇ ਭੀ ਬੰਦਾ ਨਿਚੱਲਾ ਨਿਕੰਮਾ ਨਹੀਂ ਬੈਠਾ। ਪਹਾੜਾਂ ਵਿੱਚ ਆਪਣੇ ਪੁੱਤ੍ਰ ਇਸਤ੍ਰੀ ਪਾਸ ਰਹਿ ਕੇ ਸਾਲ ਭਰ ਤਾਂ ਕਾਲ ਪਿਆ ਰਿਹਾ। ਸਿੰਘ ਭੀ ਚੁਪਕੇ ਬੈਠੇ ਰਹੇ ਤੇ ਬੰਦਾ ਸਿੰਘਾਂ ਸਮੇਤ ਪਹਾੜਾਂ ਵਿੱਚੋਂ ਨਿੱਕਲ ਕੇ ਲੁੱਟ ਖਸੋਟ ਕਰ ਜਾਂਦਾ ਤੇ ਕੁਛ ਪਹਾੜੀ ਰਾਜਿਆਂ ਤੋਂ ਮਾਮਲਾ ਲੈ ਕੇ ਛੱਕਦਾ ਰਿਹਾ।

ਏਧਰ ਰਾਜ ਰੌਲੇ ਦੇ ਸਬੱਬ ਸੂਬੇ ਲਾਹੌਰ ਜਬਰਦਸਤ ਖ਼ਾਂ ਨੇ ਅਤੇ ਫੇਰ ਜੰਗ ਦਲੇਰ ਨੇ ਭੀ ਕੁਛ ਤਰੱਦਦ ਨਾ ਕੀਤਾ। ਹੁਣ ਸਿੰਘਾਂ ਦੇ ਸਨੇਹ ਪ੍ਰੇਮ ਪੱਤ੍ਰ ਜਦ ਬੰਦੇ ਪਾਸ ਪਹੁੰਚੇ ਤਾਂ ਸੰ. ੧੭੭੦ ਬਿ. ਨੂੰ ਬੰਦੇ ਨੇ ਪਹਾੜਾਂ ਵਿੱਚੋਂ ਉੱਤਰ ਕੇ ਸਿੰਘ ਬੁਲਾ ਲੀਤੇ, ਰਾਤ ਬਿਰਾਤੇ ਮਾਧੋਪੁਰ ਦੀਆਂ ਟਿੱਬੀਆਂ ਵਿੱਚ ਬੰਦੇ ਪਾਸ ਜਾ ਕੱਠ ਹੋਇਆ, ਹੱਲਾ ਕਰ ਕੇ ਕਲਾਨੌਰ ਤੇ ਵਟਾਲੇ ਦੇ ਪਰਗਣੇ ਨੂੰ ਖੂਬ ਸੋਧਿਆ।

## ੪੦. ਸ਼ਾਹੀ ਫੌਜ ਦੀ ਚੜ੍ਹਾਈ

ਏਹ ਹਾਲ ਸੁਣ ਕੇ ਫਰੁਖਸੀਯਰ ਨੇ ਤਖ਼ਤ ਤੇ ਬੈਠਦੇ ਹੀ ਜੰਗ ਦਲੇਰ ਦੇ ਸਾਥ ਮੁਹੰਮਦ ਅਮੀਨ ਖਾਂ ਨੂੰ ਭੇਜ ਕੇ ਹੁਕਮ ਦਿੱਤਾ, ਓਨ੍ਹਾਂ ਲੁਟੇਰਿਆਂ ਨੂੰ ਫੜ ਕੇ ਮੇਰੇ ਪਾਸ ਲੈ ਆਓ, ਜਿਸ ਵੇਲੇ ਸ਼ਾਹੀ ਸੈਨਾ ਰਿਆੜਕੀ ਵਿੱਚ ਪੁੱਜੀ, ਕਲਾਨੌਰ ਤੇ ਵਟਾਲੇ ਦੇ ਫੌਜਦਾਰ ਅੱਗੋਂ ਆ ਮਿਲੇ, ਕਿਉਂਕਿ ਇਨ੍ਹਾਂ ਨੂੰ ਬੰਦੇ ਨੇ ਬੜੀ ਭਾਰੀ ਬਿਪਤਾ ਪਾ ਰੱਖੀ ਸੀ। ਓਹ ਡਰਦੇ ਬੰਦੇ ਦੇ ਸਾਹਮਣੇ ਹੁੰਦੇ ਨਹੀਂ ਸੀ, ਦਿਲੋਂ ਝੁਰਦੇ ਕੁੜਦੇ ਖੁਸਦਾ ਕੁਛ ਨਾ, ਏਸ ਕਰ ਕੇ ਸ਼ਾਹੀ ਸੈਨਾ ਦੇ ਆਇਆਂ ਤੇ ਓਨ੍ਹਾਂ ਨੂੰ ਸੀਲ੍ਹਾ ਸਾਹ ਆਇਆ। ਸੈਨਾ ਦੇ ਆਗੂ ਹੋ ਕੇ ਲੈ ਆਏ।

ਏਧਰ ਬੰਦਾ ਭੀ ਕਿਹੜਾ ਦੁੱਧ ਦੇ ਦੰਦ ਲਈ ਬੈਠਾ ਸੀ, ਜੋ ਉਕ ਜਾਵੇ। ਆਪਣੇ ਪਾਸ ਥੋੜ੍ਹੇ ਸਿੰਘ ਦੇਖ ਕੇ ਮੁੜ ਪਹਾੜਾਂ ਵਿੱਚ ਜਾ ਧਸਿਆ। ਸ਼ਾਹੀ ਅਫਸਰਾਂ ਨੇ ਬਥੇਰੀ ਭਾਲ ਟੋਲ ਕੀਤੀ, ਪਰ ਏਸ ਦੀ ਕੋਈ ਉੱਘ ਸੁੱਘ ਨਾ ਨਿੱਕਲੀ। ਸੈਨਾ ਭੀ ਬੰਦੇ ਤੋਂ ਡਰਦੀ ਅੱਗੇ ਨਾ ਵਧੀ, ਬਲਕਿ ਰਸਤੇ ਦੇ ਭੇਤੀ ਸਿੰਘ ਵੇਲੇ ਕੁ ਵੇਲੇ ਕਿਸੇ ਨਾ ਕਿਸੇ ਖੱਡ ਵਿੱਚੋਂ ਨਿੱਕਲ ਕੇ 'ਆਯਾ ਬੰਦਾ' 'ਆਯਾ ਬੰਦਾ' ਪੁਕਾਰਦੇ ਹੋਏ ਸੈਨਾ ਉੱਤੇ ਆ ਪੈਂਦੇ ਰਹੇ। ਸ਼ਾਹੀ ਲਸ਼ਕਰ ਨੂੰ ਬੰਦੇ ਦਾ ਨਾਮ ਹੀ ਹਰਜਲੀ ਪਾ ਦਿੰਦਾ ਸੀ। ਸਿੰਘ ਭੀ ਪੰਜ ਸੱਤ ਨੂੰ ਝਟਕਾ ਕੇ ਹਥਯਾਰ ਘੋੜਾ ਖੱਚਰ, ਜੋ ਹੱਥ ਲਗਦਾ ਲੈ ਕੇ ਕਿਧਰੇ ਲੁਕ ਛਿਪ ਜਾਂਦੇ, ਸ਼ਾਹੀ ਸੈਨਾ ਵੀਹ ਬਾਈ ਦਿਨ ਕੰਕਰੀਆਂ ਗਾਹੁੰਦੀ ਹੋਈ ਟੱਕਰਾਂ ਮਾਰ ਮਾਰ ਹਾਰ ਕੇ ਪਿਛੇ ਮੁੜ ਆਈ।

ਮੁਹੰਮਦ ਅਮੀਨ ਖਾਂ ਤਾਂ ਝੁਰ ਝੁਰ ਕੇ ਅੱਕ ਕੇ ਦਿੱਲੀ ਨੂੰ ਮੁੜ ਗਿਆ। ਜੰਗ ਦਲੇਰ ਫੇਰ ਲਾਹੌਰ ਜਾ ਬੈਠਾ। ਬੰਦੇ ਤੋਂ ਬਚ ਕੇ ਆਉਣ ਦੀ ਬੜੀ ਭਾਰੀ ਖ਼ੁਸ਼ੀ ਮਨਾਈ। ਪੀਰਾਂ ਦੀਆਂ ਮੰਨਤਾਂ ਨਿਆਜਾਂ ਦਿੱਤੀਆਂ, ਪਰ ਇਹ ਬਾਤ ਜ਼ਰਾ ਨਾ ਜਾਣੀ ਕਿ ਸਾਡਾ ਵੈਰੀ ਆਸ ਪਾਸ ਹੀ ਫਿਰ ਰਿਹਾ ਹੈ।

## ੪੧. ਕਲਾਨੌਰ ਮਾਰਨਾ

ਅਜੇ ਮਹੀਨੇ ਹੀ ਗੁਜ਼ਰੇ ਸਨ, ਜੋ ਬੰਦਾ ਫੇਰ ਦੜਕ ਉੱਠਿਆ। ਸ਼ਾਹੀ ਆਦਮੀ ਜੋ ਕੰਢੀ ਵਿੱਚ ਰਹਿੰਦੇ ਸਨ, ਉਨਾਂ ਨੇ ਟਾਕਰਾ ਤਾਂ ਕੀਤਾ, ਪਰ ਗੜ੍ਹੀਆਂ ਛੱਡ ਛੱਡ ਕੇ ਭੱਜਣਾ ਪਿਆ। ਬੰਦਾ ਸਿੰਘਾਂ ਸਮੇਤ ਅੱਗੇ ਵਧਦਾ ਆਇਆ। ਪਹਿਲੇ ਇਲਾਕੇ ਕਲਾਨੌਰ ਨੂੰ ਚੰਗੀ ਤਰ੍ਹਾਂ ਸੋਧਿਆ।

ਏਹ ਸ਼ਹਿਰ ਪੱਕਾ ਤੇ ਸੁੰਦਰ, ਕਤਾ ਸਿਰ, ਕਸੀ ਨਦੀ ਕੰਢੇ ਵਸਿਆ ਬੜਾ ਦੌਲਤ ਵਾਲਾ ਉੱਘਾ ਸੀ। ਬਲਕਿ ਜਿਸ ਦਿਨ ਤੋਂ ਅਕਬਰ ਏਥੇ ਤਖ਼ਤ ਪਰ ਬੈਠਾ ਸੀ, ਓਸ ਨੇ ਬਹੁਤ ਰੌਣਕ ਕਰ ਦਿੱਤੀ ਸੀ। ਨਾਲ ਏਸ ਇਲਾਕੇ ਜੈਸਾ ਧਨ ਉਪਜਾਊ ਹੋਰ ਕੋਈ ਪਰਗਣਾ ਨਹੀਂ ਸੀ। ਓਦੋਂ ਏਥੋਂ ਦੇ ਕਿਲ੍ਹੇ ਵਿੱਚ ਸ਼ਰਾਬ ਖਾਂ ਫੌਜਦਾਰ ਤੇ ਸੰਤੋਖ ਰਾਇ ਪੁਰੀ ਖੱਤਰੀ ਕਾਨੂਗੋ; ਜੋ ਮਸ਼ਹੂਰ ਸੂਰਬੀਰ ਸਨ, ਬੰਦੇ ਤੋਂ ਡਰਦੇ ਪਹਿਲੇ ਤਾਂ ਘਰ ਦੇ ਕੋਨੇ ਵਿੱਚ ਲੁਕੇ ਰਹੇ। ਜਦ ਮਾਰੋ ਮਾਰ ਦੀ ਪੁਕਾਰ

ਸੂਬੇ ਤੱਕ ਪੁੱਜ ਪਈ ਤਾਂ ਏਨ੍ਹਾਂ ਨੇ ਭੀ ਪਿੰਡਾਂ ਦੇ ਚੌਧਰੀਆਂ ਤੋਂ ਛੇੜਾਂ ਮੰਗਾ ਮੰਗਾ ਬੜਾ ਭਾਰਾ ਕੱਠ ਕਰ ਕੇ ਮੁਕਾਬਲਾ ਤਾਂ ਸਿੰਘਾਂ ਦਾ ਕੀਤਾ, ਪਰ ਏਸ ਮਾਂਗਵੀ ਧਾੜ ਸੁਖੀਆ ਰਹਿਣ ਵਾਲੀ ਨੇ ਜੰਗ ਜਲ ਦੇ ਮੱਛ ਸਿੰਘਾਂ ਦੀ ਤਲਵਾਰ ਕਿਥੋਂ ਝਲਣੀ ਸੀ? ਪਹਿਲੇ ਦੀ ਅੰਧੇਰੀ ਅੱਗੇ ਪੱਤ੍ਰਾਂ ਵਾਂਗ ਉਡਦੇ ਹੋਏ ਸਾਥ ਹੀ ਫੌਜਦਾਰ ਤੇ ਕਾਨੂਗੋਆਂ ਨੂੰ ਲੈ ਗਏ। ਪਰਗਣਾ ਸ਼ਹਿਰ ਸਮੇਤ ਬੰਦੇ ਨੇ ਮਲ ਕੇ ਸਿੰਘਾਂ ਨੂੰ ਸੌਂਪ ਦਿੱਤਾ।

## ੪੨. ਵਟਾਲਾ ਮਾਰਨਾ

ਹੁਣ ਵਟਾਲੇ ਦੀ ਵਾਰੀ ਆਈ। ਏਹ ਕਸਬਾ ਰਾਮ ਦੇਵ ਭੱਟੀ ਰਾਜਪੂਤਾਂ ਨੇ ਅੱਠ ਸੌ ਚੌਹਟ ਹਿਜ਼ਰੀ ਨੂੰ ਵਸਾਯਾ ਸੀ। ਫੇਰ ਓਸ ਨੂੰ ਅਬਦੁਲ ਜਲੀਲ ਕੁਰੇਸੀ ਪੀਰ ਨੇ ਮੁਸਲਮਾਨ ਬਨਾ ਕੇ ਤਾਤਾਰਖਾਂ ਸੂਬੇ ਪੰਜਾਬ ਤੋਂ ਪਰਗਣੇ ਸਮੇਤ ਨੌਂ ਲਖ ਟਕੇ ਪਰ ਹਮੇਸ਼ ਵਾਸਤੇ ਅਜਾਰੇ ਲੈ ਦਿੱਤਾ। ਏਸ ਕਰ ਕੇ ਏਥੇ ਓਸੇ ਦੀ ਉਲਾਦ ਸਰਦਾਰ ਬਣੀ ਰਹੀ। ਜ਼ੁਲਮ ਦਾ ਇੱਥੇ ਭੀ ਹੁਣ ਭਰ ਜੋਬਨ ਸੀ। ਬੰਦੇ ਨੇ ਲਜਤ ਆ ਲੀਤੀ। ਪਹਿਲਾਂ ਫਫੇਰੀ ਦਰਵਾਜ਼ੇ ਵੜ ਕੇ ਸਿੰਘਾਂ ਨੇ ਸੱਯਦਾਂ ਤੇ ਕਾਜ਼ੀਆਂ ਨੂੰ ਜੋ ਜ਼ੁਲਮ ਕਰਨ ਦੀ ਮਸਤੀ ਵਿੱਚ ਮੱਤੇ ਹੋਏ ਸਨ, ਖ਼ੂਬ ਸੋਧਿਆ। ਜੋ ਸਾਹਮਣੇ ਆਇਆ ਮਾਰਿਆ ਗਿਆ। ਬਾਕੀ ਭੱਜ ਗਏ। ਸ਼ੈਖੁਲਹਿੰਦ* ਪੀਰ ਬਹੁਤ ਸਾਰੇ ਮੁਰੀਦ 'ਕੱਠੇ ਕਰ ਕੇ ਹੀ ਦਰਵਾਜ਼ੇ ਤੋਂ ਬਾਹਰ ਜਾ ਖੜ੍ਹਾ ਹੋਇਆ। ਫੌਜਦਾਰ ਸ਼ੇਖ ਮੁਹੰਮਦ ਭੀ ਆਪਣੀ ਤੇ ਸ਼ਹਿਰੀ ਖ਼ਲਕਤ ਨੂੰ ਕੱਠੀ ਕਰ ਕੇ ਪੀਰ ਨਾਲ ਆ ਮਿਲਿਆ। ਜਦ ਬੰਦਾ ਸਿੰਘਾਂ ਦੀ ਫੌਜ ਲੈ ਸ਼ਹਿਰ ਦੇ ਪਾਸ ਪੁੱਜਾ ਤੇ ਸਿੰਘਾਂ ਦਾ ਹੱਲਾ ਕਰਾਇਆ ਤਾਂ ਓਨ੍ਹਾਂ ਅੱਗੋ ਬਾੜ ਡਾਹ ਕੇ ਝਾੜੀ ਪਰ ਦੂਜੀ ਵਾਰੀ ਕੱਸਣੀ ਨਾ ਪਾਈ ਸਿੰਘ ਤੇਗੇ ਧੂਹ ਕੇ ਗਲ ਜਾ ਪਏ। ਸ਼ੈਖੁਲਹਿੰਦ ਪੀਰ ਮਾਰਿਆ ਗਿਆ। ਫੌਜਦਾਰ ਸ਼ੇਖ ਮੁਹੰਮਦ ਨੱਠ ਕੇ ਭਰੋਵਾਲ ਆਪਨੇ ਪਿੰਡ ਜਾ ਵੜਿਆ। ਟੱਬਰ ਟੋਰ ਤਾਂ ਉਸ ਨੇ ਪਹਿਲੇ ਹੀ ਤੋਰ ਰੱਖਿਆ ਸੀ। ਪੀਰ ਮੁਹੰਮਦ ਫਾਜ਼ਲ ਗੱਦੀ ਨਸ਼ੀਨ ਬਥੇਰੀ ਹੱਲਾ ਸ਼ੇਰੀ ਦੇ ਕੇ ਲੋਕਾਂ ਨੂੰ ਕਹਿੰਦਾ ਰਿਹਾ ਕਿ ਮੈਂ ਹੁਣੇ ਬੰਦੇ ਨੂੰ ਅਜ਼ਮਤ ਨਾਲ ਮਾਰ ਦਿੰਦਾ ਹਾਂ, ਪਰ ਜ਼ਰਾ ਕੁ ਠਹਿਰੋ। ਭਲਾ ਕੌਣ ਖੜੋਵੇ? ਦੁੰਮ ਹਲਾ ਕੇ ਸਭ ਨੱਠ ਤੁਰੇ। ਓੜਕ ਮੁਹੰਮਦ ਫਾਜ਼ਲ ਪੀਰ ਭੀ ਭੀੜ ਦੀ ਬਣੀ ਨੂੰ ਦੇਖ ਕੇ ਆਪਣੇ ਸਾਥੀ ਫ਼ਕੀਰਾਂ ਤੇ ਅੰਗ ਸਾਕ ਮੁਰੀਦਾਂ ਨੂੰ ਲੈ ਕੇ ਬਿਆਸ ਟੱਪ ਕੇ ਸੁਲਤਾਨਪੁਰ ਜਾ ਬੈਠਾ।

## ੪੩. ਗਾਈਆਂ ਬਚਾਈਆਂ

ਏਥੇ ਹਾਥੀ ਦਰਵਾਜੇ ਤੇ ਅਚਲੀ ਦਰਵਾਜ਼ੇ ਦੇ ਵਿਚਕਾਰ ਇੱਕ ਬੜਾ ਭਾਰੀ ਬੁਚੜਖਾਨਾ ਸੀ। ਹਰ ਰੋਜ਼ ਅੱਠ ਅੱਠ ਦਸ ਦਸ ਗਊਆਂ ਕਟੀਂਦੀਆਂ ਸਨ। ਏਹ ਹਾਲ ਸੁਣਦੇ ਸਾਰ ਸਿੰਘ ਜਾ ਕੁੱਦੇ। ਇੱਕੋ ਵਾਰੀ ਕਸਾਈ ਮੁਕਾ ਛੱਡੇ। ਗਾਈਆਂ ਜੋ ਮਾਰਣ ਲਈ ਇੱਕ ਕੋਠੇ ਵਿੱਚ ਰੱਖ ਛੱਡੀਆਂ ਸਨ, ਸਭ ਹਿੰਦੂਆਂ ਨੂੰ ਸੌਂਪ ਦਿੱਤੀਆਂ। ਕਾਜ਼ੀ ਦੇ ਮਹੱਲੇ ਤੇ ਹਵੇਲੀਆਂ ਨੂੰ ਬਰਬਾਦ ਹੁੰਦਾ ਦੇਖ, ਸਭ ਆਦਮੀ ਤੀਮੀਆਂ ਘਰ ਬਾਰ ਛੱਡ ਕੇ ਜਿਧਰ ਕਿਸੇ ਦਾ ਮੂੰਹ ਹੋਇਆ ਨੱਠ ਗਏ। ਏਹ ਹਾਲ ਦੇਖ ਸੁਣ ਕੇ ਮਝੈਲ ਜੱਟ ਚੁਫੇਰੇ ਦੇ ਪਿੰਡਾਂ ਵਾਲੇ ਜੋ ਤੱਕ ਹੀ ਰਹੇ ਸਨ, ਬੇਸ਼ੁਮਾਰ ਵਟਾਲੇ ਵਿੱਚ ਆ ਵੜੇ। ਭਾਵੇਂ ਲੁੱਟ ਖਸੋਟ ਕੇ ਵੈਰਾਨ ਤਾਂ ਓਹ ਕਰ ਗਏ, ਪਰ ਨਾਮ ਸਿੰਘਾਂ ਦਾ ਹੀ ਉੱਘਾ ਸੀ। ਜਿਕੂੰ ਹੁਣ ਮੇਰੇ ਸਾਹਮਣੇ ਸੰ. ੧੯੫੧ ਬਿ. ਤੋਂ ਲੈ ਕੇ ੧੯੬੨ ਤੱਕ ਮਾਲਵੇ ਮਾਝੇ ਵਿੱਚ ਤਿੰਨ ਚਾਰ ਜੱਥੇ ਡਾਕੂਆਂ ਦੇ ਬੜੇ ਜ਼ੋਰ ਸ਼ੋਰ ਨਾਲ ਲੁੱਟਦੇ ਰਹੇ, ਜਿਨ੍ਹਾਂ ਦੇ ਸ਼ਿਰੋਮਣੀ ਜਿਊਣਾ ਮੌੜ, ਕਣੌਂਜੂ ਥਮਣ ਸੰਤਾ ਲੌਂਗੋਵਾਲੀਏ, ਬਿਸਨਾ ਗੁਜਰਾਂਵਾਲਾ, ਦੂਲੋ ਕਲੀ ਪੁਰੀਆ, ਸੁੰਦਰ ਸਿੰਘ ਜਗਦੇਵਾਂ ਵਾਲਾ ਆਦਿਕ ਐਸੇ ਦਬਦਬੇ ਵਾਲੇ ਮਸ਼ਹੂਰ ਹੋ ਰਹੇ ਸਨ। ਜਿਸ ਸੇਠ ਸ਼ਾਹੂਕਾਰ ਸ੍ਰਦਾਰ ਨੂੰ ਲੁਟਣਾ ਹੁੰਦਾ ਪਹਿਲੇ ਕਹਿ ਭੇਜਦੇ ਯਾ ਕਾਗ਼ਜ਼ ਲਿਖ ਕੇ ਉਸ ਦੇ ਬੂਹੇ ਨਾਲ ਲਾ ਦਿੰਦੇ ਕਿ ਜਾਂ ਤਾਂ ਐਨਾ ਖ਼ਰਚ ਭੇਜ ਦੇ ਨਹੀਂ ਤਾਂ ਫਲਾਣੀ ਤਰੀਕ ਤੈਨੂੰ ਲੁਟਾਂਗੇ,

*ਇਸ ਨੇ ਕਈ ਹਜ਼ਾਰ ਹਿੰਦੂ ਮੁਸਲਮਾਨ ਬਣਾ ਕੇ ਆਪਣੇ ਮੁਰੀਦ ਬਣਾ ਰੱਖੇ ਸਨ, ਸੱਚ ਹੈ (ਹਿੰਦੂ ਅੰਨਾਂ ਤੁਰਕੁ ਕਾਣਾ, ਦੋਹਾਂ ਤੇ ਗਿਆਨੀ ਸਿਆਣਾ) ਹੁਣ ਤੱਕ ਅੱਧੀ ਪੰਜਾਬ ਦੇ ਹਿੰਦੂ ਓਸ ਦੀ ਕਬਰ ਨੂੰ ਮੰਨਦੇ ਹਨ।

ਤਕੜਾ ਹੋ ਲੈ। ਜਿਹੜਾ ਖ਼ਰਚ ਦੇ ਕੇ ਮਾਫ਼ੀ ਮੰਗ ਲੈਂਦਾ, ਉਹੋ ਬਚਦਾ ਦੂਜਾ ਲੁੱਟਿਆ ਜਾਂਦਾ। ਐਸੇ ਝਾੜ ਸ਼ਿਕਾਰ ਦੇਖ ਕੇ ਭਾਵੇਂ ਹੋਰ ਹੋਰ ਬਹਾਦਰ ਭੀ ਆਪ ਨੂੰ ਜਿਊਣਾ, ਸੁੰਦਰ ਵਗ਼ੈਰੇ ਨਾਮ ਪ੍ਰਗਟ ਕਰ ਕੇ ਲੁੱਟ ਖਸੋਟ ਕਰ ਰਹੇ ਸਨ, ਪਰ ਨਾਮ ਓਨ੍ਹਾਂ ਦਾ ਹੀ ਮਸ਼ਹੂਰ ਸੀ, ਜਿਨ੍ਹਾਂ ਨੂੰ ਫੜਨੇ ਮਾਰਨੇ ਵਾਸਤੇ ਫੂਲਕੇ ਰਾਜਿਆਂ ਦੀ ਤੇ ਫਰੀਦਕੋਟ, ਕਪੂਰਥਲਾ, ਅੰਗ੍ਰੇਜ਼ੀ ਗਸ਼ਤੀ ਫੌਜ ਪੁਲਸ ਦੀ ਹਰ ਵੇਲੇ ਚੜ੍ਹੀ ਰਹਿੰਦੀ ਸੀ, ਬਲਕਿ ਬਾਰ ਬਟਨ ਸਾਹਿਬ ਬਹਾਦਰ ਜੈਸੇ ਜਨਰਲ ਪੁਲਸ ਜਿਨ੍ਹਾਂ ਨੇ ਅਨੇਕ ਜ਼ਿਲ੍ਹਿਆਂ ਦੇ ਬੰਦੋਬਸਤ ਕਰ ਕੇ ਆਪਣੀ ਧਾਂਕ ਪਾ ਰਖੀ ਸੀ, ਓਹ ਭੀ ਹਾਰ ਕੇ ਹਥਿਆਰ ਸਿੱਟ ਬੈਠੇ ਸਨ, ਕਿਉਂਕਿ ਉਹ ਸੂਰਬੀਰ ਡਾਕੂ ਬਹਾਦਰ ਜਾਨ ਤਲੀ ਪਰ ਧਰ ਕੇ ਜਦ ਹੱਲਾ ਕਰਦੇ ਸਨ ਓਨ੍ਹਾਂ ਤੀਹਾਂ ਤੀਹਾਂ ਸ਼ੇਰਾਂ ਅੱਗੇ ਪੰਜ ਪੰਜ ਸੌ ਜੁਆਨ ਜਾਨ ਬਚਾਉਨੇ ਵਾਲੇ ਕਾਲੇ ਬਾਨੇ ਵਾਲੇ ਸਿਪਾਹੀ ਭੇਡਾਂ ਵਾਂਗੂੰ ਅੱਗੇ ਭੱਜੇ ਜਾਂਦੇ ਅਸਾਂ ਦੇਖੇ ਹਨ। ਪੁਲਿਸ ਨੂੰ ਤਾਂ ਉਨ੍ਹਾਂ ਨੇ ਸਖ਼ਤ ਵਖਤ ਪਾ ਰੱਖਿਆ ਸੀ। ਪੁਲੀਸ ਨੂੰ ਖੀਸ ਪਾ ਛੱਡਦੇ ਜੋ ਆਖ਼ਰ ਟਾਮਕਿਨ ਸਾਹਿਬ ਬਹਾਦਰ ਨੇ ਅਨੇਕ ਭਾਂਤ ਦੇ ਧੋਖੇ ਦੇ ਕੇ ਫੜ ਕਰ ਕਾਲੇ ਪਾਨੀਆਂ ਨੂੰ ਭੇਜ ਦਿੱਤੇ। ਏਹੋ ਹਾਲ ਸਿੰਘਾਂ ਦੇ ਲੁਟੇਰੇ ਜੱਥਿਆਂ ਵਕਤ ਸੀ। ਨਾਲੇ ਉਸ ਸਮੇਂ ਮੁਸਲਮਾਨਾਂ ਦੀ ਹਕੂਮਤ ਵਿੱਚ ਅੰਗ੍ਰੇਜ਼ੀ ਸਰਕਾਰ ਜੈਸਾ ਇੰਤਜਾਮ ਕਿੱਥੇ ਸੀ? ਤਦੋਂ ਤਾਂ ਹਰੇਕ ਪਿੰਡ ਪਰਗਣੇ ਵਿੱਚ ਤਲਵਾਰ ਚੱਲ ਰਹੀ ਸੀ। ਬੇਅੰਤ ਖ਼ੂਨ ਰੋਜ਼ ਹੁੰਦੇ ਰਹਿੰਦੇ ਸਨ। ਕੋਈ ਕਿਸੇ ਨੂੰ ਨਹੀਂ ਪੁੱਛਦਾ ਸੀ। ਹੁਣ ਤਾਂ ਇੱਕ ਬੱਕਰੀ ਦੇ ਮਾਰੇ ਜਾਣ ਦਾ ਮੁਕਦਮਾ ਚੀਫ਼ ਕੋਰਟ ਤੱਕ ਪਹੁੰਚਦਾ ਹੈ।

## ੪੪. ਕੋਹੀ ਰਾਜੇ ਪ੍ਰਗਣਾ ਗੁਰਦਾਸਪੁਰ ਸੋਧਣਾ

ਹੁਣ ਵਟਾਲੇ ਤੋਂ ਉੱਠ ਕੇ ਬੰਦੇ ਬਹਾਦਰ ਨੇ ਸਠਾਲੇ ਬੁਤਾਲੇ ਵਾਲੇ ਸਿੱਖਾਂ ਦੇ ਉਮੰਗ ਦੇਣੇ ਪਰ ਓਥੋਂ ਦੇ ਰੰਘੜਾਂ ਨੂੰ ਜਾ ਘੇਰਿਆ। ਯਦਪਿ ਥੋੜ੍ਹੇ ਜਿਹੇ ਤਾਂ ਓਹ ਲੜੇ, ਪਰ ਸਿੰਘਾਂ ਨੇ ਐਸੇ ਰਾਮਜੰਗੇ ਦਾਗ਼ੇ, ਓਹ ਭਾਗੇ ਅੱਗੇ ਲਾਗੇ ਚਲੇ ਗਏ। ਏਸੇ ਭਾਂਤ ਪਠਾਨਕੋਟ, ਸੁਜਾਨਪੁਰ ਆਦਿਕ ਨਗਰਾਂ ਨੂੰ ਫਤੇ ਕਰਦੇ ਹੋਏ ਏਸ ਪਰਗਣੇ ਦੇ ਫੌਜਦਾਰਾਂ ਨੂੰ ਈਨ ਮਨਾਉਂਦਾ ਹੋਇਆ ਨੂਰਪੁਰ ਜਾ ਉੱਤਰਿਆ। ਏਸ ਧੀਮੀਂ ਜੇਹੀ ਚਾਲ ਨਾਲ ਹੀ ਕਈ ਹਜ਼ਾਰ ਰੁਪਯਾ ਤੇ ਘੋੜੇ ਹਥਿਆਰ ਵਗ਼ੈਰਾ ਸਾਮਾਨ ਬੰਦੇ ਦੇ ਹੱਥ ਲੱਗਾ ਜੋ ਉਸ ਨੇ ਸਭ ਸਿੰਘਾਂ ਨੂੰ ਵੰਡ ਦਿੱਤਾ। ਨੂਰਪੁਰੀਏ ਰਾਜੇ ਤੋਂ ਨਜ਼ਰਾਨਾ ਲੈ ਕੇ ਪੜੋਲ ਦੜੌਲ, ਚਲੈਣੀ, ਹਰੀਪੁਰ, ਕਾਂਗੜਾ ਆਦਿਕ ਰਿਆਸਤਾਂ ਦੇ ਮਾਲਕਾਂ ਤੇ ਜ਼ਿਮੀਂਦਾਰਾਂ ਨੂੰ ਆਪਣੀ ਈਨ ਮਨਾ ਲੀਤੀ।

ਬੰਦੇ ਦੀ ਏਸ ਸ਼ੇਰ ਵਾਲੀ ਝਪਟ ਤੋਂ ਸਾਰੇ ਪਹਾੜੀ ਰਾਜੇ ਡਰ ਗਏ। ਐਸੀ ਭਿਆਨਕ ਚਰਚਾ ਘਰ ਘਰ ਹੋਣ ਲੱਗੀ, ਜਿਸ ਤੋਂ ਸਭ ਦੇ ਦਿਲ ਕੰਬ ਗਏ। ਕੋਈ ਬੰਦੇ ਬਹਾਦਰ ਨੂੰ ਅਵਤਾਰ, ਕੋਈ ਸਿਧ, ਕੋਈ ਮਹਿਦੀ, ਕੋਈ ਜੋਗੀਸ਼੍ਵਰ ਦਸਦਾ ਸੀ। ਬਹੁਤੇ ਕਹਿੰਦੇ ਸਨ ਏਸ ਨੇ ਚਾਰ ਦੇਉ ਸੇਵੇ ਹੋਏ ਹਨ। ਓਨ੍ਹਾਂ ਤੋਂ ਜੋ ਚਾਹੁੰਦਾ ਹੈ ਓਹੋ ਕੰਮ ਕਰਾ ਕੱਢਦਾ ਹੈ। ਏਹ ਜਾਦੂਗਰ ਕਾਮਲ ਮੌਤ ਦਾ ਪੁਤਲਾ ਬਣ ਰਿਹਾ ਹੈ। ਜੋ ਕੋਈ ਏਸ ਦੇ ਮੁਕਾਬਲੇ ਪਰ ਜਾਂਦਾ ਹੈ, ਓਹੋ ਮਾਰਿਆ ਜਾਂਦਾ ਹੈ। ਮੁਸਲਮਾਨ ਤਾਂ ਹਰ ਜਗ੍ਹਾ ਝੂਰ ਝੂਰ ਮੁਰਦੇ ਸਮਾਨ ਬਣ ਰਹੇ ਸਨ। ਬਲਕਿ ਜਿਸ ਕਿਸੇ ਫੌਜਦਾਰ ਸਰਦਾਰ ਨੂੰ ਸੂਬਾ ਲਾਹੌਰ ਫੌਜ ਦੇ ਕੇ ਬੰਦੇ ਨਾਲ ਲੜਾਈ ਕਰਨ ਵਾਸਤੇ ਹੁਕਮ ਦਿੰਦਾ ਸੀ, ਓਹੋ ਥਰ ਥਰ ਕੰਬਦਾ ਹੋਇਆ ਕੋਈ ਨਾ ਕੋਈ ਬਹਾਨਾ ਕਰ ਕੇ ਜਾਂ ਅਸਤੀਫ਼ਾ ਦੇ ਕਰ ਘਰ ਜਾ ਬੈਠਦਾ ਸੀ। ਇਸੇ ਕਰ ਕੇ ਸਿੰਘ ਲਾਹੌਰ ਦੀ ਫਸੀਲ ਤਕ ਬੇਖਟ ਕੇ ਚੱਲੇ ਜਾਂਦੇ ਸਨ।

## ੪੫. ਪਹਾੜੀਆਂ ਦੇ ਕਿਲ੍ਹੇ ਫਤੇ ਕਰਨੇ

ਉਕਤ ਸੰਸਾਰਕ ਚਰਚਾ ਦੇ ਅਸਰ ਨੇ ਬਾਬੇ ਬੰਦੇ ਨੂੰ ਸਮੇਤ ਸਿੰਘਾਂ ਦੇ ਤਾਂ ਦੂਣੀ ਉਮੰਗ ਚੜ੍ਹਾ ਰਖੀ ਸੀ ਤੇ ਪਹਾੜੀ ਰਾਜਿਆਂ ਸਮੇਤ ਤੁਰਕਾਂ ਦੇ ਦਿਲ ਢਾਹ ਰਖੇ ਸਨ। ਐਸੇ ਚੰਗੇ ਵੇਲੇ ਨੂੰ ਬੰਦੇ ਤੇ ਸਿੰਘਾਂ ਨੇ ਭੀ ਸੁੱਕਾ ਨਾ ਜਾਣ ਦਿੱਤਾ। ਸਾਰੇ ਪਹਾੜਾਂ ਦੇ ਨਾਮੀ ਰਾਜਿਆਂ ਨੂੰ ਲਿਖ ਭੇਜਿਆ ਕਿ ਆਪ ਖਾਲਸੇ ਦੀ ਈਨ ਮੰਨੋ, ਨਹੀਂ ਤਾਂ ਜੰਗ ਲੈਣਾ ਮੰਨੋ। ਏਸ ਸਨੇਹੇ ਦੇ ਜਵਾਬ ਵਿੱਚ ਰਾਜੇ ਕਟੋਚੀਏ, ਬਿਲਾਸਪੁਰੀਏ ਵਗ਼ੈਰਾ ਨੇ ਬੜੇ ਜ਼ੋਰ ਨਾਲ ਲਿਖ ਭੇਜਿਆ ਕਿ ਤੇਰੇ ਜੈਸੇ ਚੇਟਕੀ ਜਾਦੂਗਰ ਕੀਰ ਫ਼ਕੀਰ ਪਰਬਤ ਨਿਵਾਸੀ ਸਾਡੇ ਨੌਹਾਂ ਵਿੱਚ ਪਏ ਹਨ। ਤੂੰ ਬੇਸ਼ੱਕ ਚਲਾ ਆ। ਅਸੀਂ ਵੰਗਾਂ ਨਹੀਂ ਪਹਿਨੀਆਂ ਹੋਈਆਂ, ਸ਼ਸਤ੍ਰਧਾਰੀ ਛਤ੍ਰੀ ਪੁੱਤ੍ਰ ਜੰਗ ਦੇ ਪਿਆਰੇ ਹਾਂ, ਕੋਈ ਲਾਗੀ ਫਾਗੀ ਨਹੀਂ ਹਾਂ।

ਏਸ ਜਬਾਬ ਨੂੰ ਸੁਣਦੇ ਸਾਰ ਬਾਬਾ ਬੰਦਾ ਤਾਂ ਵੱਡੇ ਜੋਸ਼ ਵਿੱਚ ਆ ਕਰ ਅੱਗ ਦਾ ਭਾਂਬੜ ਹੋ ਗਿਆ। ਫੌਰਨ ਚੜ੍ਹਾਈ ਦਾ ਨਗਾਰਾ ਵਜਵਾ ਦਿੱਤਾ। ਸਿੰਘ ਤਾਂ ਪਹਿਲੇ ਹੀ ਬਿਲਾਸਪੁਰੀਏ ਰਾਜੇ ਪਰ ਦੰਦ ਚਬ ਰਹੇ ਸਨ, ਕਿਉਂਕਿ ਓਥੋਂ ਦੇ ਰਾਜੇ ਭੀਮ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਕੁਛ ਥੋੜ੍ਹੀਆਂ ਬੁਰਾਈਆਂ ਲੜਾਈਆਂ ਨਹੀਂ ਕੀਤੀਆਂ ਸਨ ਬਲਕਿ ਓਸ ਨੇ ਸ਼ਾਹੀ ਲਸ਼ਕਰ ਨੂੰ ਲਿਆ ਕੇ ਸਿੱਖਾਂ ਨੂੰ ਤੇ ਗੁਰੂ ਜੀ ਨੂੰ ਅਨੰਦਪੁਰੋਂ ਕਢਾਇਆ ਸੀ। ਝਟ ਪਟ ਤਿਆਰ ਹੋ ਕੇ ਪਹਾੜੀਆਂ ਨੂੰ ਮਾਰੋ ਮਾਰ ਕਰਦੇ ਚੱਲ ਪਏ। ਅੱਗੇ ਕੋਹੀ ਰਾਜਿਆਂ ਨੂੰ ਧੁੜਕੂ ਤਾਂ ਪੈ ਹੀ ਰਿਹਾ ਸੀ, ਓਹ ਭੀ 'ਕੱਠੇ ਹੋ ਕੇ ਇੱਕ ਚੁਨੇ ਹੋਏ ਮਲੂਨ ਦੇ ਪੱਕੇ ਕਿਲ੍ਹੇ ਵਿੱਚ ਲੜਾਈ ਨੂੰ ਤਿਆਰ ਹੋ ਬੈਠੇ। ਹੋਰ ਚੀਏ ਮੀਏਂ ਕੌਮਾਂ ਦੇ ਆਦਮੀ ਤੇਰਾਂ ਚੌਦਾਂ ਸੌ ਸਿਪਾਹੀ ਬੁਲਾ ਲੀਤੇ। ਏਧਰੋਂ ਬਾਬਾ ਬੰਦਾ ਭੀ ਸੰ. ੧੭੭੨ ਨੂੰ ਚੜ੍ਹਦੇ ਵਸਾਖ ਬਾਘ ਸਿੰਘ, ਰਣਜੋਧ ਸਿੰਘ, ਖੜਕ ਸਿੰਘ, ਬੱਜ੍ਰ ਸਿੰਘ, ਬਾਘੜ ਸਿੰਘ, ਕੇਹਰ ਸਿੰਘ, ਬਹਾਦਰ ਸਿੰਘ ਆਦਿਕ ਨਾਮੀ ਨਾਮੀ ਸਰਦਾਰਾਂ ਨੂੰ ਤੇ ਚੁਣੇ ਹੋਏ ਸਿੰਘਾਂ ਦੀ ਫੌਜ ਲੈ ਕੇ ਪਹਾੜੀ ਰਾਜਿਆਂ ਉੱਤੇ ਬੱਜ੍ਰ ਦੀ ਤਰ੍ਹਾਂ ਜਾ ਪਿਆ। ਹਲਚਲੀ ਪਾ ਦਿੱਤੀ, ਪਰਬਤੀ ਰਾਜਿਆਂ ਨੇ ਤਿੰਨ ਹਿਰ ਤਾਂ ਤੀਰ ਗੋਲੀ ਦੀ ਬਰਖਾ ਕੀਤੀ, ਆਖ਼ਰ ਬੰਦੇ ਬਹਾਦਰ ਨੇ ਸਿੰਘਾਂ ਦਾ ਹੱਲਾ ਕਰਵਾ ਖਾਲਸੇ ਨੇ ਕਿਲ੍ਹੇ ਨੂੰ ਤੋੜ ਕੇ ਅੰਦਰ ਦਾਖਲ ਹੋ ਆਪਣੀ ਤਲਵਾਰ ਨੂੰ ਐਸਾ ਸੁਆਦ ਚਖਾਯਾ ਜੋ ੧੩੦੦ ਤੇਰਾਂ ਸੌ ਚੀਂਏ ਮੀਏਂ ਖਾ ਕੇ ਭੀ ਨਾ ਰੱਜੀ। ਆਖ਼ਰ ਹੋਰ ਜੋ ਵੱਡੇ ਵੱਡੇ ਹੰਕਾਰੀ ਬਹਾਦਰ ਰਾਜਪੂਤ ਲੜਾਕੇ ਸਨ, ਓਨ੍ਹਾਂ ਦਾ ਲਹੂ ਪੀ ਕੇ ਠਹਿਰੀ। ਏਹ ਤੇਜ ਪ੍ਰਤਾਪ ਖਾਲਸੇ ਦੀ ਤੇਗ਼ ਦਾ ਦੇਖ ਕੇ ਪਹਾੜੀ ਰਾਜੇ ਤਾਂ ਬੇਗ ਹੀ ਬਾਬੇ ਬੰਦੇ ਦੇ ਪੈਰੀਂ ਆ ਪਏ। ਅੱਗੇ ਨੂੰ ਈਨ ਮੰਨ ਕੇ ਏਹ ਲਿਖਤ ਪਾ ਦਿੱਤੀ ਕਿ ਅਸੀਂ ਹਮੇਸ਼ਾ ਖਾਲਸੇ ਦੇ ਤਾਬੇਦਾਰ ਬਣੇ ਰਹਾਂਗੇ। ਸੱਚ ਹੈ 'ਡੰਡਾ ਪੀਰ ਹੈ ਵਿਗੜਿਆਂ ਕੇ ਤਿਗੜਿਆਂ ਦਾ ਸੋਟਾ ਭੂਤ ਨੂੰ ਨਾਚ ਨਚਾਉਂਦਾ ਹੈ।' ਫੇਰ ਤਾਂ ਬੰਦੇ ਦੀ ਐਸੀ ਧਾਂਕ ਪਈ ਕਿ ਜਿਧਰ ਜਾਏ, ਅੱਗੋਂ ਹੀ ਪਹਾੜੀ ਰਾਜੇ ਨਜ਼ਰਾਂ ਲੈ ਕੇ ਆ ਮਿਲਣ। ਰਾਜਾ ਸੁਧ੍ਰਸੈਣ ਮੰਡੀ ਵਾਲਾ ਤਾਂ ਮਨ ਤਨ ਤੋਂ ਚੇਲਾ ਹੀ ਬਣ ਗਿਆ ਤੇ ਬੰਦੇ ਨੂੰ ਆਪਣੇ ਘਰ ਰੱਖ ਕੇ ਵਿਆਹ ਕਰਾ ਦਿੱਤਾ, ਜਿਸ ਵਿੱਚੋਂ ਇੱਕ ਬੇਟੀ ਜੰਮੀ ਸੀ ਜੋ ਮਰ ਗਈ।

## ੪੬. ਬੰਦੇ ਦਾ ਚੰਬੇ ਜਾਣਾ

ਹੁਣ ਬਾਈ ਧਾਰ ਪਹਾੜੀ ਰਾਜਿਆਂ ਦਾ ਬਾਦਸ਼ਾਹ ਬਣ ਕੇ ਬੰਦੇ ਨੂੰ ਬੜਾ ਭਾਰਾ ਮਾਨ ਹੋ ਗਿਆ। ਰਿਆਸਤਾਂ ਵਿੱਚ ਦੌਰਾ ਕਰਨ ਦਾ ਆਡਰ ਦੇ ਕੇ ਪਹਿਲੇ ਚੰਬੇ ਦੇ ਪਹਾੜ ਦੀ ਤਾਰੀਫ਼ ਸੁਣ ਕੇ ਓਧਰ ਨੂੰ ਰਵਾਨਾ ਹੋਇਆ ਤਾਂ ਓਥੋਂ ਦੇ ਰਾਜੇ ਨੇ ਬੰਦੇ ਨੂੰ ਲੈ ਆਉਣ ਵਾਸਤੇ ਆਪਣੇ ਵਜ਼ੀਰ ਨੂੰ ਪੇਸ਼ਵਾਈ ਵਿੱਚ ਦਰਿਆਓਂ ਪਾਰ ਭੇਜ ਕੇ ਬੰਦੇ ਦੀ ਪ੍ਰੀਖਯਾ ਕਰਨ ਵਾਸਤੇ ਕਿਸ਼ਤੀਆਂ ਸਭ ਖਿਚਵਾ ਲਈਆਂ। ਵਜ਼ੀਰ ਨੇ ਬੰਦੇ ਨੂੰ ਆਖਿਆ, ਮਹਾਰਾਜ! ਕਿਸ਼ਤੀ ਕੋਈ ਨਹੀਂ ਰਹੀ। ਪਾਰ ਚਲਨਾ ਜ਼ਰੂਰੀ ਹੈ, ਤਦੋਂ ਏਹ ਦੋਵੇਂ ਇੱਕ ਸਿਲਾ ਉੱਪਰ ਬੈਠੇ ਸਨ। ਪੋਥੀਆਂ ਵਿੱਚ ਲਿਖਿਆ ਹੈ ਕਿ ਬੰਦਾ ਓਸੇ ਸਿਲਾ ਨੂੰ ਕਿਸ਼ਤੀ ਵਾਂਗੂੰ ਦਰਿਆ ਪਰ ਤਰਾ ਕੇ ਚੰਬੇ ਵਿੱਚ ਲੈ ਆਇਆ।

Humble service provided by Bhai Baljinder Singh (Rara Sahib)

ਓਹ ਸਿਲਾ ਨੌ ਗਜ਼ ਲੰਬੀ ੭ ਗਜ਼ ਚੌੜੀ ਕਾਲੇ ਰੰਗ ਦੀ ਹੁਣ ਤਾਂਈ ਓਸੇ ਥਾਂ ਪਈ ਮੰਨੀ ਪੂਜੀ ਜਾਂਦੀ ਹੈ। ਏਸ ਅਜ਼ਮਤ ਨੂੰ ਦੇਖ ਕੇ ਚੰਬੇ ਦਾ ਰਾਜਾ ਬੰਦੇ ਦਾ ਚੇਲਾ ਬਣ ਗਿਆ ਤੇ ਇੱਕ ਰਾਜਪੂਤ ਦੀ ਬੇਟੀ ਨਾਲ ਬੰਦੇ ਦੀ ਦੂਸਰੀ ਸ਼ਾਦੀ ਕਰਾ ਦਿੱਤੀ। ਏਸ ਵਿੱਚੋਂ ਇੱਕ ਬੇਟਾ ਜ਼ੋਰਾਵਰ ਸਿੰਘ ਪੈਦਾ ਹੋਇਆ ਸੀ ਜੋ ਦਿੱਲੀ ਵਿੱਚ ਸ਼ਹੀਦ ਹੋਇਆ ਹੈ। ਏਸੇ ਭਾਂਤ ਹੋਰ ਹੋਰ ਪਰਬਤਾਂ ਦਾ ਸੈਲ ਕਰਦਾ ਹੋਇਆ ਸੰ. ੧੭੭੨ ਬਿ. ਨੂੰ ਜਦ ਬੰਦਾ ਕੁੱਲੂ ਵਿੱਚ ਗਿਆ ਤਾਂ ਓਥੋਂ ਦੇ ਰਾਜੇ ਨੇ ਸ਼ਾਹੀ ਹਾਕਮਾਂ ਦੇ ਕਹੇ ਫਰੇਬ ਨਾਲ ਬਾਬੇ ਬੰਦੇ ਨੂੰ ਕੈਦ ਕਰ ਲੀਤਾ ਤੇ ਓਧਰ ਅਸਲਮ ਖਾਂ ਸੂਬੇ ਲਾਹੌਰ ਨੂੰ ਲਿਖ ਭੇਜਿਆ ਤੇ ਏਧਰ ਬੰਦੇ ਨੂੰ ਆਖਿਆ ਜੇ ਤੂੰ ਮੇਰੀ ਕੈਦ ਵਿੱਚੋਂ ਨਿੱਕਲ ਜਾਵੇਂ ਤਾਂ ਮੈਂ ਤੇਰਾ ਚੇਲਾ ਬਣ ਜਾਵਾਂ। ਬੰਦੇ ਨੇ ਜਵਾਬ ਦਿੱਤਾ ਜੋ ਗੁਰੂ ਕਰੂ ਸੋ ਹੋਊ ਤੂੰ ਅਪਣੀ ਕਸਰ ਮਿਟਾ ਲੈ। ਮੈਂ ਤੇਰੀ ਕੈਦ ਵਿੱਚ ਨਹੀਂ ਰਹਿਣਾ। ਪਰ ਦੰਦ ਤਾਂ ਲਾਈਏ ਜੇ ਹਥੀਂ ਗੰਢ ਨਾ ਖੁਲ੍ਹੇ, ਤਦੋਂ ਨੂੰ ਬੰਦੇ ਦਾ ਕੈਦ ਹੋਣਾ ਸੁਣ ਕੇ ਰਾਜਾ ਸੁਧ੍ਰ ਸੈਣ ਸਿੰਘਾਂ ਦੀ ਫੌਜ ਲੈ ਕੇ ਕੁੱਲੂ ਜਾ ਪਹੁੰਚਿਆ। ਸਿੰਘਾਂ ਨੇ ਓਸ ਦੇ ਦੇਸ ਦੀ ਲੁੱਟ ਪੁੱਟ ਕਰਨੀ ਸ਼ੁਰੂ ਕਰ ਦਿੱਤੀ। ਲਾਚਾਰ ਹੋ ਕੇ ਕੁੱਲੂ ਵਾਲੇ ਰਾਜਾ ਨੇ ਬੰਦੇ ਨੂੰ ਛੱਡ ਦਿੱਤਾ ਤੇ ਖਾਲਸੇ ਨੂੰ ਨਜ਼ਰਾਨਾ ਦੇ ਕੇ ਮਿੰਨਤਾਂ ਨਾਲ ਤੋਰਿਆ। ਰਤਨ ਸਿੰਘ ਲਿਖਿਆ ਹੈ ਕਿ ਜਦ ਰਾਜਾ ਕੁੱਲੂ ਵਾਲਾ ਲੋਹੇ ਦੇ ਪਿੰਜਰੇ ਵਿੱਚ ਪਾ ਕੇ ਬੰਦੇ ਨੂੰ ਲਾਹੌਰ ਦੀ ਤਰਫ ਤੋਰਨ ਲੱਗਾ ਤਾਂ ਬੰਦੇ ਨੂੰ ਸਣੇ ਪਿੰਜਰੇ ਬੀਰਾਂ ਨੇ ਉੱਡਾ ਕੇ ਮੰਡੀ ਵਿੱਚ ਲੈ ਆਂਦਾ। ਬੰਦੇ ਨੂੰ ਤਾਂ ਰਾਜੇ ਸੁਧਰ ਸੈਨ ਨੇ ਪ੍ਰੇਮ ਨਾਲ ਟਿਕਾ ਰੱਖਿਆ।

ਏਧਰ ਸੰ. ੧੭੬੯ ਬਿ. ਨੂੰ ਬਹਾਦਰ ਸ਼ਾਹ ਦੇ ਮਰੇ ਬਾਅਦ ਇੱਕ ਬਰਸ ਤਾਂ ਓਸ ਦੇ ਸ਼ਾਹਜ਼ਾਦਿਆਂ ਵਿੱਚ ਝਗੜੇ ਲੜਾਈਆਂ ਬਣੇ ਰਹੇ ਫੇਰ ਭਾਵੇਂ ਜਹਾਂਦਾਰ ਸ਼ਾਹ ਤਖ਼ਤ ਉੱਤੇ ਬੈਠਾ, ਪਰ ਅਮਨ ਨਾ ਹੋਇਆ। ਤੇਰਾਂ ਮਹੀਨੇ ਦੇ ਬਾਦ ਜਦ ਓਹ ਭੀ ਮਾਰਿਆ ਗਿਆ ਤਾਂ ਫੇਰ ਅਠ ਮਹੀਨੇ ਰੌਲਾ ਪਿਆ ਰਹਿਣ ਕਰ ਕੇ ਸਿੰਘਾਂ ਨੇ ਚੰਗੇ ਹੱਥ ਰੰਗੇ। ਭਾਵੇਂ ਫਰੁਖਸੀਅਰ ਬਾਦਸ਼ਾਹ ਕਾਇਮ ਹੋ ਗਿਆ ਸੀ, ਪਰ ਓਸ ਨੂੰ ਭੀ ਅੱਠ ਦਸ ਮਹੀਨੇ ਘਰ ਦੇ ਝਗੜਿਆਂ ਨੇ ਸਿੱਖਾਂ ਵੰਨੀ ਤੱਕਣ ਨਹੀਂ ਦਿੱਤਾ। ਨਾਲੇ ਬੰਦੇ ਬਹਾਦਰ ਨੂੰ ਰਾਜੇ ਸੁਧਰ ਸੈਨ ਮੰਡੀ ਵਾਲੇ ਨੇ ਆਪਣੇ ਪ੍ਰੇਮ ਦੇ ਪਿੰਜਰੇ ਵਿੱਚ ਪਾ ਕੇ ਆਪਣੇ ਪਾਸ ਹੀ ਟਿਕਾ ਰੱਖਿਆ ਸੀ, ਕਿਉਂਕਿ ਰਾਜੇ ਸੁਧਰਸੈਨ ਨੂੰ ਨਾਟਕ ਚੇਟਕ ਤਮਾਸ਼ੇ ਦੇਖਣ ਦਾ ਬਹੁਤ ਸ਼ੌਕ ਸੀ। ਸੋਈ ਬਾਬਾ ਬੰਦਾ ਬਹਾਦਰ ਬੇਸ਼ੁਮਾਰ ਕਈ ਪ੍ਰਕਾਰ ਦੇ ਨਾਟਕ ਚੇਟਕ ਜਾਦੂ ਸੱਚੇ ਝੂਠੇ ਬਹੁਤ ਕਰ ਕੇ ਦਿਖਾਣ ਜਾਣਦਾ ਸੀ, ਸੋ ਦਿਖਾਉਂਦਾ ਰਿਹਾ। ਦੂਜੇ ਪਹਾੜੀ ਰਾਜੇ ਬੰਦੇ ਤੋਂ ਡਰਦੇ ਹੋਏ ਸੁਧਰ ਸੈਨ ਦੇ ਖ਼ੁਸ਼ਾਮਦੀ ਬਣ ਰਹੇ ਸਨ। ਏਸ ਕਰ ਕੇ ਵੀ ਰਾਜਾ ਬੰਦੇ ਨੂੰ ਨਹੀਂ ਤੁਰਨ ਦਿੰਦਾ ਸੀ। ਬੰਦੇ ਦੇ ਪ੍ਰਤਾਪ ਨਾਲ ਸਿੰਘ ਵੀ ਆਪਣੇ ਆਪਣੇ ਇਲਾਕੇ ਵਿੱਚ ਸੁਤੰਤਰ ਸੁੱਖ ਭੋਗਦੇ ਹੋਏ ਹਕੂਮਤ ਕਰ ਰਹੇ ਸਨ। ਚੌਥੇ ਸੂਬੇਦਾਰ ਲਾਹੌਰੀ ਅਬਦੁਲ ਸਮੁੰਦ ਖ਼ਾਂ ਜੰਗ ਦਲੇਰ ਨੇ ਏਹੋ ਸਮਝ ਰਖੀ ਸੀ ਕਿ ਮੇਰੇ ਤੇਜ ਪ੍ਰਤਾਪ ਦੇ ਇਕਬਾਲ ਨਾਲ ਕੋਈ ਉਪਦ੍ਰਵ ਮੇਰੇ ਇਲਾਕੇ ਵਿੱਚ ਨਹੀਂ ਉੱਠਿਆ। ਏਹ ਸਿੰਘ ਖੁਦ ਹੀ ਮੈਥੋਂ ਡਰ ਕਰ ਜੰਗ ਜਦਲ ਲੁੱਟ ਮਾਰ ਕਰਨੋਂ ਹਟ ਬੈਠੇ। ਏਨੇ ਹੀ ਦਿਨਾਂ ਦੀ ਚੁੱਪ ਚਾਪ ਨੂੰ ਮੁਸਲਮਾਨ ਹਰੇਕ ਹਾਕਮ ਨੇ ਆਪਣੀ ਆਪਣੀ ਹਿਕਮਤ ਦੇ ਪ੍ਰਤਾਪ ਦਾ ਸਿੱਟਾ ਅਮਨ ਚੈਨ ਮੰਨ ਰੱਖਿਆ ਸੀ।

## ੪੭. ਜਲਾਲ ਖ਼ਾਂ ਪਰ ਖਾਲਸੇ ਦੀ ਪਰੋਪਕਾਰ ਹਿਤ ਚੜ੍ਹਾਈ

ਹੁਣ ਉਕਤ ਪੰਜ ਚਾਰ ਕਾਰਨਾਂ ਕਰ ਕੇ ਕਈ ਮਹੀਨੇ ਜੋ ਅਮਨ ਚੈਨ ਵਰਤੀ ਰਹੀ। ਸਿੰਘ ਆਪਣੇ ਆਪਣੇ ਟਕਾਣੇ ਪਰ, ਤੇ ਬਾਬਾ ਬੰਦਾ ਅਪਨੇ ਸਹੁਰੇ ਘਰ ਸੁਧ੍ਰ ਸੈਨ ਮੰਡੀ ਵਾਲੇ ਰਾਜੇ ਪਾਸ ਪਰਚ ਰਿਹਾ ਸੀ। ਤਦੋਂ ਜਲਾਲਾਬਾਦ ਵਾਲੇ ਨਵਾਬ ਜਲਾਲ ਖਾਂ ਨੇ ਇੱਕ ਵੱਡਾ ਭਾਰੀ ਅਤਜਾਚਾਰੀ ਦਾ ਜਾਲ ਫੈਲਾ ਕੇ ਆਧਣੀ ਚੰਦ੍ਰੀ ਚਾਹ ਐਉਂ ਪੂਰੀ ਕੀਤੀ:

ਪਿੱਛੇ ਪ੍ਰਸੰਗ ਆ ਚੁੱਕਾ ਹੈ ਜਦ ਮੇਹਰਟ ਦੇ ਇਰਦ ਗਿਰਦ ਦੂਰ ਦੂਰ ਤੱਕ ਦੇਸ ਨਿਵਾਸੀ ਲੋਕ ਮੁਸਲਮਾਨਾਂ ਦੇ ਹੱਥੋਂ ਹਿੰਦੂਆਂ ਉੱਤੇ ਜ਼ੁਲਮ ਹੁੰਦੇ ਦੇਖ ਸੁਣ ਓਨ੍ਹਾਂ ਅਤਜਾਚਾਰਾਂ ਨੂੰ ਰੋਕਣ

ਵਾਸਤੇ ਬਾਬੇ ਬੰਦੇ ਬਹਾਦਰ ਨੇ ਹਿੰਦੂਆਂ ਦੀਆਂ ਫਰਯਾਦਾਂ ਸੁਣ ਕੇ ਉਨਾਂ ਨੂੰ ਸੁਖੀ ਕਰਨ ਲਈ ਪੰਥ ਖਾਲਸੇ ਸਮੇਤ ਲੋਹਗੜ੍ਹ ਤੋਂ ਉੱਠ ਕੇ ਪਹਿਲੇ ਸਹਾਰਨਪੁਰ ਦੇ ਪਰਗਨੇ ਦੀ ਕਹੀ ਕੀਤੀ। ਫੇਰ ਦੇਉਬਣ, ਮੀਰਾਂਪੁਰ, ਮੁਜ਼ਫ਼ਰ ਨਗਰ ਵਗ਼ੈਰਾ ਬੇਸ਼ੁਮਾਰ ਸ਼ਹਿਰਾਂ ਕਸਬੇ ਪਿੰਡਾਂ ਦੀ ਸੁਧਾਈ ਕਰਦੇ ਹੋਏ ਕਈ ਮਹੀਨੇ ਓਸ ਦੇਸ ਦਾ ਦੌਰਾ ਕਰ ਕੇ ਮੋਟੀਆਂ ਮੋਟੀਆਂ ਫਤੇ ਦੀਆਂ ਵਡਿਆਈਆਂ ਖਟ ਲਿਆਏ ਸਨ। ਓਸ ਸਮੇਂ ਤੋਂ ਉਸ ਦੇਸ ਦੇ ਨਿਵਾਸੀ ਬਹੁਤ ਸਾਰੇ ਛਤ੍ਰੀ ਦੀ ਚੜ੍ਹਦੀ ਕਲਾ ਬੜ੍ਹਦੀ ਕੌਮ ਦੇਖ ਕੇ ਮੁਸਲਮਾਨਾਂ ਦੇ ਜ਼ੁਲਮਾਂ ਜ਼ੋਰਾਂਵਰੀਆਂ ਤੋਂ ਤੰਗ ਆਏ ਹੋਏ ਸਿੰਘ ਸੱਜਣ ਲੱਗ ਪਏ ਸਨ, ਜਿਨ੍ਹਾਂ ਵਿੱਚ ਮੁਖੀਏ ਦਰਜੇ ਅਬਲ ਨੁਨਾਰਸੇ ਪਿੰਡ ਵਾਲੇ ਨੁਨਾਰ ਗੋਤੇ ਰਾਜਪੂਤ ਸਨ। ਜਲਾਲ ਖਾਂ ਵਗ਼ੈਰਾ ਮੁਹੰਮਦੀਆਂ ਨੇ ਮਤਾ ਮਤਾ ਕਰ ਮੱਕੀ ਰਾਮ ਪੰਡਤ ਦੀ ਮਾਰਫਤ ਜੋ ਕਿ ਬੜਾ ਮਸ਼ਹੂਰ ਬ੍ਰਾਹਮਣ ਰਾਜਪੂਤਾਂ ਦਾ ਪ੍ਰੋਹਤ ਸੀ, ਓਸ ਦ੍ਵਾਰਾ ਪਹਿਲੇ ਮੇਲ ਗੇਲ ਕਰ ਕੇ ਫੇਰ ਜਲਾਲ ਖ਼ਾਂ ਨੇ ਆਪਣੇ ਪੁੱਤ੍ਰ ਦੇ ਵਿਆਹ ਵਿੱਚ ਦਗ਼ੇ ਫਰੇਬ ਨਾਲ ਕਿਲ੍ਹੇ ਵਿੱਚ ਬੁਲਾ ਕੇ ਦੋ ਢਾਈ ਸੌ ਰਾਜਪੂਤ ਕੈਦ ਕਰ ਲੀਤੇ। ਕੁਛ ਕਤਲ ਹੋ ਗਏ। ਬਹੁਤੇ ਖਾਣੇ ਵਿੱਚ ਜ਼ਹਿਰ ਪਾ ਕੇ ਨਬੇੜੇ। ਓਨ੍ਹਾਂ ਵਿੱਚੋਂ ਅਜੇ ੧੩੫ ਸਿੰਘ ਆਪਣੇ ਰਾਜੇ ਭੀਖਾ ਸਿੰਘ ਸਮੇਤ ਜਲਾਲਾਬਾਦ ਦੇ ਕਿਲ੍ਹੇ ਵਿੱਚ ਕੈਦ ਸਨ, ਜੋ ਹੁਣ ਕਤਲ ਕੀਤੇ ਗਏ। ਏਹ ਖ਼ਬਰ ਪਾ ਕੇ ਏਧਰੋਂ ਪੰਥ ਖਾਲਸੇ ਦੇ ਮੁਖੀਏ ਸਰਦਾਰਾਂ ਨੇ ਬੰਦੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੌਂਹ ਪਾ ਕੇ ਛੁਡਾਉਣ ਦਾ ਵਾਇਦਾ ਕਰ ਲੀਤਾ ਹੋਇਆ ਸੀ। ਜਦ ਜਲਾਲ ਖਾਂ ਨੇ ਪੰਥ ਦੇ ਵਾਇਦੇ ਦਾ ਬ੍ਰਿਤਾਂਤ ਪੱਕੇ ਤੌਰ ਪਰ ਲੀਤਾ, ਤਦੋਂ ਓਹੋ ਇੱਕ ਸੌ ਪੈਂਤੀ ਰਾਜਪੂਤ ਕੈਦੀ ਸਿੰਘ ਬੜੇ ਭਾਰੇ ਕਸ਼ਟ ਦਿਖਾ ਦਿਖਾ ਸਭ ਮਾਰ ਸੁਟੇ, ਬਲਕਿ ਓਸ ਦੇਸ਼ ਵਿੱਚੋਂ ਭੀ ਚੁਣ ਚੁਣ ਕਰ ਕੇ ਬੇਸ਼ੁਮਾਰ ਸਿੰਘ ਮਰਵਾ ਸੁੱਟੇ।

ਓਦੋਂ ਏਧਰ ਜੋ ਪਾਨੀਪਤ ਕਰਨਾਲ ਦੇ ਪਰਗਣੇ ਮਲ ਕੇ ਤਿਰਾਵੜੀ ਦੀ ਸਰਾਂ ਕਿਲ੍ਹੇ ਵਰਗੀ ਵਿੱਚ ਪੰਜ ਕੁ ਹਜ਼ਾਰ ਸਿੰਘ ਸ਼ਾਹੀ ਫੌਜ ਦੀ ਰੋਕ ਵਾਸਤੇ ਬਾਬੇ ਬੰਦੇ ਨੇ ਉਤਾਰ ਰਖੇ ਸਨ, ਓਨ੍ਹਾਂ ਨੂੰ ਖ਼ਬਰ ਲੱਗੀ ਕਿ ਜੋ ਨੁਨਾਰਸੇ ਵਾਲੇ ਸਿੰਘ ਜਲਾਲ ਖਾਂ ਨੇ ਕੈਦ ਕਰ ਰੱਖੇ ਸਨ, ਬੁਰੀ ਬੇਤਰਸੀ ਨਾਲ ਅਤਿਅੰਤ ਦੁੱਖ ਦੇ ਕੇ ਮਾਰ ਸੁੱਟੇ। ਏਸੇ ਭਾਂਤ ਓਸ ਦੇਸ ਦੇ ਨਾਮੀ ਨਾਮੀ ਹੋਰ ਬਹੁਤ ਸਾਰੇ ਲੋਗਾਂ ਨੇ ਜਦ ਦਿਲ ਚੀਰਵੇਂ ਸੁਨੇਹੇ; ਜਿੱਥੇ ਕਿਤੇ ਸਿੰਘਾਂ ਪਾਸ ਘੱਲੇ, ਤਾਂ ਬੜੀ ਭਾਰੀ ਸ਼ੋਕ ਹੋਇਆ, ਪਰ ਬੰਦੇ ਬਹਾਦਰ ਪਾਸ ਖ਼ਬਰ ਨਾ ਪੁੱਜੀ। ਦੂਸਰੇ ਜੱਥਿਆਂ ਵਾਲੇ ਸੁਣ ਸੁਣ ਕੇ ਅਜੇ ਤਿਆਰੀਆਂ ਹੀ ਕਰ ਰਹੇ ਸਨ। ਤਦੋਂ ਨੂੰ ਤਿਰਾਵੜੀ ਵਾਲੇ ਸਿੰਘਾਂ ਨੂੰ ਤਾਂ ਐਸੀ ਚਰਪਟੀ ਲੱਗੀ ਫੌਰਨ ਅਰਦਾਸੇ ਸੋਧ ਸੋਧ ਚੜ੍ਹ ਬੈਠੇ। ਦੋ ਦੋ ਚਾਰ ਸੌ ਅਨੇਕ ਠੋਰ ਹੋ ਕੇ ਰਸਤੇ ਦੇ ਪਿੰਡਾਂ ਦੀ ਲੁੱਟ ਖਸੋਟ ਅਤੇ ਧਰਮ ਵਿਰੋਧੀਆਂ ਨੂੰ ਦਲਦੇ ਮਲਦੇ ਓਸ ਦੇਸ਼ ਵਿੱਚ ਜਾ ਫਿਰੇ। ਏਹ ਹਾਲ ਸੁਣ ਕੇ ਮਾਲਵੇ, ਮਾਝੇ, ਦੁਆਬੇ ਦੇ ਸਿੰਘ ਭੀ ਟੋਲੇ ਬੰਨ ਰਵਾ ਰਵੀਂ ਜਲਾਲਾਬਾਦ ਵੰਨੀਂ ਚੱਲ ਪਏ ਕਿਉਂਕਿ ਪਹਿਲੇ ਜੋ ਇੱਕ ਵਾਰੀ ਓਸ ਦੇਸ਼ ਨਿਵਾਸੀ ਨਵਾਬਾਂ ਪਰ ਫਤੇ ਪਾ ਆਏ ਸਨ ਏਸ ਖ਼ੁਸ਼ੀ ਵਿੱਚ ਸਿੰਘਾਂ ਭਾਈਆਂ ਦਾ ਬਦਲਾ ਲੈਣ ਲਈ ਸਿੰਘਾਂ ਨੂੰ ਉਮੰਗ ਹੋਈ। ਬਾਬੇ ਬੰਦੇ ਨੂੰ ਸੁਨੇਹਾ ਭੇਜ ਕੇ ਆਪ ਜਥੇਬੰਦ ਹੋ ਕਰ ਥਨੇਸਰ ਸ਼ਹਿਰ ਤੀਰਥ ਪਰ ਇਸ਼ਨਾਨ ਦਾਨ ਕਰ ਕੇ ਕੂਚ ਦਰ ਕੂਚ ਮੁਸਲਮਾਨਾਂ ਨੂੰ ਮਾਰੋ ਮਾਰ ਕਰਦੇ ਹੋਏ ਜਲਾਲਾਬਾਦ ਲੁਹਾਰੀ ਦੇ ਨੇੜੇ ਜਾ ਢੁਕੇ। ਹੁਣ ਨਵਾਬ ਜਲਾਲ ਖਾਂ ਨੂੰ ਭੀ ਜਦ ਏਹ ਪੱਕੀ ਕਿੜ ਪਈ, ਤਾਂ ਓਹ ਭੀ ਛੇਤੀ-ਛੇਤੀ ਮੁਹੰਮਦੀ ਖ਼ਲਕਤ ਫੌਜ ਕੱਠੀ ਕਰ ਕੇ ਸਿੰਘਾਂ ਦੇ ਮੁਕਾਬਲੇ ਵਾਸਤੇ ਤਿਆਰ ਹੋ ਬੈਠਾ। ਏਧਰ ਜਦ ਬਾਬੇ ਬੰਦੇ ਨੂੰ ਖ਼ਬਰ ਪੁੱਜੀ ਤਾਂ ਓਹ ਬੀ ਤੁਰਕਾਂ ਪਰ ਦੰਦ ਚੱਬਦਾ ਹੋਇਆ ਰਸਤੇ ਵਿੱਚੋਂ ਸੈਂਕੜੇ ਸਿੰਘਾਂ ਨੂੰ ਨਾਲ ਲੈ ਕੇ ਮਾਰੋ ਮਾਰ ਤੇ ਕਤਲ ਦਾ ਰੰਗ ਖਿੜਾਉਂਦਾ ਹੋਇਆ ਓਸੇ ਦੇਸ ਵਿੱਚ ਜਾ ਗੱਜਿਆ, ਜਿਸ ਤੋਂ ਸਿੰਘਾਂ ਦੇ ਹੌਸਲੇ ਵਧ ਗਏ। ਏਥੇ ਪਹਿਲੇ ਮਨਿਹਾਰ ਗੋਤੇ ਰਾਜਪੂਤ ਬਹੁਤ ਰਹਿੰਦੇ ਸੀ। ਸ਼ਾਹਜਹਾਂ ਬਾਦਸ਼ਾਹ ਨੇ ਆਪਣੀ ਮੀਰ ਸ਼ਿਕਾਰੀ ਥੰਨਾਂ ਭਵਨ ਵਾਲੇ ਨੂੰ ਜਾਗੀਰ ਵਿੱਚ ਦੇ ਦਿੱਤਾ। ਓਸ ਨੇ ਜਦ ਏਸ ਪਿੰਡ ਪਰਗਣੇ ਦੇ ਸਭ

ਹਿੰਦੂ ਬਹੁਤ ਦੁਖਾਏ ਤਾਂ (ਤੰਗ ਆਇਦ ਬਜੰਗ ਆਇਦ) ਮਨਿਹਾਰਾਂ ਨੇ ਕਾਠੇ ਦੇ ਰਾਜਪੂਤਾਂ ਨੇ ਆਪਣੇ ਸਹਾਇਕ ਬਣਾ ਕੇ ਐਸੀ ਸਖ਼ਤ ਲੜਾਈ ਕੀਤੀ, ਹਜ਼ਾਰ ਖ਼ਾਂ ਸੂਬੇ ਜੈਸੇ ਚੋਣਵੇਂ ਬਹੁਤ ਆਦਮੀ ਮੁਸਲਮਾਨਾਂ ਦੇ ਮਾਰੇ ਗਏ। ਫਤੇ ਤਾਂ ਰਾਜਪੂਤਾਂ ਦੀ ਹੁੰਦੀ, ਪਰ ਮੀਰ ਸ਼ਿਕਾਰ ਦੀ ਸਹਾਇਤਾ ਵਿੱਚ ਹੋਰ ਫੌਜ ਸ਼ਾਹੀ ਆ ਗਈ, ਰਾਜਪੂਤ ਪਿੱਛੇ ਹੱਟ ਗਏ। ਬਾਦਸ਼ਾਹ ਨੇ ਉਨ੍ਹਾਂ ਨੂੰ ਉਜਾੜ ਕੇ ਦੇਹਰਾਦੂਨ ਵਸਾ ਦਿੱਤਾ। ਰੋਜ਼ ਰੋਜ਼ ਦਾ ਟੰਟਾ ਮੁਕਿਆ। ਏਸੇ ਭਾਂਤ ਜਲਾਲ ਖ਼ਾਂ ਨੇ ਰਾਜਪੂਤਾਂ ਦੇ ਮਨਿਹਾਰ ਸ਼ਹਿਰ ਦੀ ਸਫ਼ਾਈ ਕਰ ਕੇ ਉੱਥੇ ਜਲਾਲਬਾਦ ਵਸਾ ਰਖੀ ਸੀ। ਜਦ ਲੁਹਾਰੀ ਆਦਿ ਪਿੰਡਾਂ ਦੇ ਰਾਜਪੂਤਾਂ ਨੇ ਉਸ ਨੂੰ ਵਸਾਣਾ ਮੁਹਾਲ ਕਰ ਦਿੱਤਾ ਸੀ ਤਾਂ ਓਸ ਨੇ ਮਕੀ ਰਾਮ ਬ੍ਰਾਹਮਣ ਦੀ ਸਲਾਹ ਮਨਾ ਕੇ ਬੇਟੇ ਦੇ ਵਿਆਹ ਵਿੱਚ ਰਾਜਪੂਤਾਂ ਨੂੰ ਬ੍ਰਾਹਮਣਾਂ ਦੀ ਮਾਰਫਤ ਧਿਜਾ ਕੇ ਬੁਲਾ ਕਰ ਕੁਛ ਤਾਂ ਜ਼ਹਿਰ ਖਵਾ ਕੇ ਮਾਰੇ ਕੁਛ ਕੈਦ ਕਰ ਲੀਤੇ। ਏਸੇ ਭਾਂਤ ਜਲਾਲ ਖਾਂ ਦੇ ਭਾਈ ਹਸਨ ਖਾਂ ਨੇ ਸਵਾ ਸੌ ਰਾਜਪੂਤ ਨੂੰ ਦਗ਼ੇ ਨਾਲ ਮਾਰ ਕੇ ਓਨ੍ਹਾਂ ਦੇ ਪਿੰਡ ਲੁਹਾਰੀ ਉੱਤੇ ਕਬਜ਼ਾ ਕਰ ਰੱਖਿਆ ਸੀ। ਤਦੋਂ ਦਾ ਜਲਾਲਬਾਦ ਲੁਹਾਰੀ ਨਾਮ ਪੈ ਗਿਆ ਸੀ।

## ੪੮. ਜਲਾਲਬਾਦ ਲੁਹਾਰੀ ਮਾਰਨਾ

ਹੁਣ ਸਿੰਘਾਂ ਨੇ ਓਸ ਇਲਾਕੇ ਦੇ ਦੇਉਬਨ, ਮੀਰਾਂਪੁਰ ਮੁਜ਼ੱਫਰ ਨਗਰ, ਨਨੌਤਾ, ਮਨਿਹਾਰ, ਮੇਰਟ ਵਗ਼ੈਰਾ ਕਸਬੇ ਪਿੰਡ ਲੁੱਟ ਕੇ ਜਲਾਲਾਬਦ ਨੂੰ ਜਾ ਘੇਰਿਆ। ਜਲਾਲ ਖਾਂ ਨੇ ਆਪਣੇ ਪੁੱਤਰ ਭਤੀਜੇ ਪੀਰ ਖਾਂ ਜਮਾਲ ਖਾਂ, ਦੀਨਦਾਰ ਖ਼ਾਂ, ਅਫਜਲ ਖ਼ਾਂ ਵਗ਼ੈਰਾ ਨੂੰ ਫੌਜ ਦੇ ਕੇ ਅੱਗੋਂ ਭੇਜ ਦਿੱਤਾ। ਸਿੰਘਾਂ ਨੇ ਭੀ ਜਾਂਦਿਆਂ ਹੀ ਲੜਾਈ ਛੇੜ ਦਿੱਤੀ, ਪੈਰ ਗੱਡ ਕੇ ਚੰਗੇ ਲੜੇ। ਤੁਰਕਾਨੀ ਫੌਜ ਨੂੰ ਚੁਤਰਫੋਂ ਘੇਰ ਲਿਆ, ਬਹੁਤ ਮਾਰੇ ਤੰਗ ਕੀਤੇ। ਭੱਜਣ ਨੂੰ ਰਾਹ ਨਹੀਂ ਸੀ। ਉਹ ਵੀ ਵਧ ਕੇ ਰੁਕੇ ਹੋਏ ਲੜਦੇ ਰਹੇ, ਸਵੇਰ ਤੋਂ ਦੁਪਹਿਰ ਤੱਕ ਹਫ ਖੜੋਤੇ ਤਦੋਂ ਨੂੰ ਜਲਾਲ ਖਾਂ ਨੇ ਬਾਜੀ ਜਾਂਦੀ ਦੇਖ ਕੇ ਹੋਰ ਫੌਜ ਸਤ ਸੌ ਸਵਾਰ ਕੁਮਕ ਪਰ ਭੇਜ ਦਿੱਤਾ। ਗ਼ੁਲਾਮ ਮੁਹੰਮਦ ਖਾਂ, ਹਜਬਰ ਖਾਂ ਲੈ ਕੇ ਆ ਪਏ, ਪਰ:

ਮਨ ਕੀ ਮਨ ਹੀ ਮਾਹਿ ਰਹੀ ॥

(ਸੋਰਠਿ, ਮਃ ੯ - ੬੩੧)

ਓਹ ਦੋਵੇਂ ਪੜੱਕ ਮਾਰੇ ਗਏ, ਦੀਨਦਾਰ ਖਾਂ ਬੇਦਿਲ ਹੋ ਕੇ ਡਿੱਗ ਪਿਆ। ਪਠਾਣ ਭੱਜ ਕੇ ਜਲਾਲਾਬਾਦ ਦੇ ਕਿਲ੍ਹੇ ਵਿੱਚ ਜਾ ਵੜੇ। ਸਿੰਘਾਂ ਨੇ ਭੀ ਬਿਲੀਆਂ ਸ਼ੇਰਾਂ ਦੀ ਤਰ੍ਹਾਂ ਕੋਟ ਟੱਪ ਕੇ ਮਾਰ ਮਾਰ ਸਥਾਰ ਲਾਹ ਦਿੱਤੇ। ਜਲਾਲ ਖ਼ਾਂ, ਹਸਨ ਖ਼ਾਂ, ਵਗ਼ੈਰਾ ਨਾਮੀ ਪਠਾਣ ਤਾਂ ਪਹਿਲੇ ਹੀ ਪਤ੍ਰਾ ਹੋ ਗਏ ਸਨ। ਬਾਕੀ ਸੰਬੰਧੀ ਓਨ੍ਹਾਂ ਦੇ ਪੁੱਤ੍ਰ ਪੋਤ੍ਰੇ ਸਿੰਘਾਂ ਨੇ ਓਦੂੰ ਚੌਣੇ ਚੁਣ ਚੁਣ ਕਰ ਕਤਲ ਕਰ ਕੇ ਆਪਣੇ ਸਿੱਖ ਭਾਈ ਨੁਨਾਰਸੇ ਵਾਲਿਆਂ ਦਾ ਵੈਰ ਲੈ ਕੇ ਕਲੇਜਾ ਠੰਢਾ ਕੀਤਾ। ਪਠਾਣਾਂ ਦਾ ਮਾਲ ਮਤਾ ਲੁੱਟ ਕੇ ਅੱਠ ਕੋਹ ਮੁੜ ਕੇ ਡੇਰਾ ਆ ਕੀਤਾ। ਆਪਣੇ ਸਾਜੀ ਫਟੜ ਭੀ ਗੱਡੀਆਂ ਵਿੱਚ ਪਾ ਲਿਆਏ, ਪੰਜ ਕੁ ਦਿਨ ਓਥੇ ਠਹਿਰ ਕੇ ਬਿਮਾਰਾਂ ਦੀ ਕਾਰੀ ਕੀਤੀ। ਫੇਰ ਫਤੇ ਦੇ ਨਗਾਰੇ ਬਜਾਉਂਦੇ ਤੇ ਹੱਸਦੇ ਖੇਡਦੇ ਹੋਏ ਕਰਨਾਲ ਵੰਨੀ ਮੁੜ ਆਏ।

## ੪੯. ਜੰਗ ਤਿਰਾਵੜੀ

ਜਲਾਲਾਬਾਦ ਦੇ ਜੰਗ ਵਿੱਚ ਭਾਵੇਂ ਬੰਦਾ ਬਹਾਦਰ ਪੰਥ ਦੀ ਅਜਮਾਈ ਕਰਨ ਵਾਸਤੇ ਨਹੀਂ ਆਇਆ ਸੀ। ਨੇੜੇ ਨੇੜੇ ਏਸ ਲਈ ਫਿਰਦਾ ਰਿਹਾ, ਜੇ ਲੋੜ ਹੋਊ ਤਾਂ ਜਾ ਮਿਲਾਂਗੇ, ਪਰ ਮੁਸਲਮਾਨ ਦੇਸ ਵਿੱਚ ਆਇਆ ਸੁਣ ਕੇ ਬੰਦੇ ਤੋਂ ਬਹੁਤ ਡਰਦੇ ਰਹੇ। ਏਨੇ ਹੀ ਸੇਕ ਨਾਲ ਸਿੰਘਾਂ ਨੇ ਰੋਟੀ ਰਾੜ ਲੀਤੀ, ਕਿਉਂਕਿ ਤਦੋਂ ਬੰਦੇ ਦਾ ਨਾਮ ਹੀ ਹਊਆ ਬਣ ਰਿਹਾ ਸੀ। ਮੁਸਲਮਾਨਾਂ ਦੇ ਕਲੇਜੇ ਨੂੰ ਅੰਗਾਰੀ ਦੀ ਤਰ੍ਹਾਂ ਸਾੜ ਕੇ ਬੇਦਿਲ ਕਰ ਰਿਹਾ ਸੀ। ਬਲਕਿ ਜਿੱਥੇ ਬੰਦਾ ਨਹੀਂ ਵੀ ਜਾਂਦਾ ਸੀ, ਓਥੇ ਭੀ ਬੰਦੇ ਨੂੰ ਸਿੰਘਾਂ ਦੇ ਦਿਲ ਵਿੱਚ ਮੰਨ ਕੇ ਦੁਸ਼ਮਣ ਸਿੰਘਾਂ ਤੋਂ ਡਰਦੇ ਰਹਿੰਦੇ ਸਨ। ਸਿੰਘ ਬੀ ਜਦ ਕਦੇ 'ਆਯਾ ਬੰਦਾ' 'ਆਯਾ ਬੰਦਾ' ਏਹ ਆਵਾਜ਼ਾਂ ਦੇ ਦਿੰਦੇ ਤਾਂ ਵੈਰੀ

Humble service provided by Bhai Baljinder Singh (Rara Sahib)

ਡੌਰ ਭੌਰ ਭੱਜ ਜਾਂਦੇ ਸਨ। ਏਸ ਕਰ ਕੇ ਸਿੰਘਾਂ ਨੇ ਏਸ ਮੁਹਿੰਮ ਨੂੰ ਬੰਦੇ ਦੇ ਸੇਕ ਨਾਲ ਹੀ ਫਤੇ ਦੀ ਰੋਟੀ ਰਾੜ ਲੀਤੀ। ਹੁਣ ਏਸ ਮੁਹਿੰਮ ਫਤੇ ਹੋਈ ਤੋਂ ਬਾਬਾ ਬੰਦਾ ਬਹਾਦਰ ਭੀ ਪੰਥ ਨੂੰ ਵਧਾਈ ਦੇ ਕੇ ਆਪਣੇ ਸਾਥੀਆਂ ਨੂੰ ਸ਼ਿਕਾਰ ਖਿਡਾਉਂਦਾ ਹੋਇਆ ਮੁੜ ਲੋਹਗੜ੍ਹ ਵੰਨੀ ਚਲਾ ਗਿਆ ਤੇ ਪੰਥ ਖਾਲਸਾ ਰਾਹ ਦੇ ਲੋਗਾਂ ਤੋਂ 'ਧੰਨ ਪੰਥ ਖਾਲਸਾ!' 'ਧੰਨ ਸਿੱਖ ਹੋਏ' ਏਹੋ ਜੇਹੇ ਖ਼ੁਸ਼ੀ ਦੇ ਬਚਨ ਸੁਣਦਾ ਹੋਇਆ ਕਰਨਾਲ ਜਾ ਪੁੱਜਾ। ਏਸ ਮੁਹਿੰਮ ਨੂੰ ਜਿੱਤ ਕੇ ਸਿੰਘਾਂ ਦੇ ਹੌਸਲੇ ਬਹੁਤ ਵਧ ਰਹੇ ਸਨ। ਤਿਰਾਵੜੀ ਜੋ ਸਰਾਂਇ ਸਮੇਤ ਸਿੰਘਾਂ ਦੇ ਗਿਆਂ ਪਿੱਛੋਂ ਸ਼ਾਹੀ ਫੌਜ ਨੇ ਰੋਕ ਲੀਤੀ ਸੀ, ਮੁੜ ਉਸ ਦਾ ਛੁਡਾ ਲੈਣਾ ਤਾਂ ਸਹਿਜ ਜੇਹੀ ਗੱਲ ਹੀ ਸਮਝ ਰਖੀ ਸੀ। ਬਾਬੇ ਬੰਦੇ ਦੀ ਸਲਾਹ ਭੀ ਨਾ ਪੁੱਛੀ ਏਕਾ ਏਕੀ ਕਰਨਾਲ ਤੋਂ ਚੜ੍ਹ ਕੇ ਬਜੀਦ ਖਾਂ ਫੌਜਦਾਰ ਸ਼ਾਹੀ ਨੂੰ ਕਹਿ ਭੇਜਿਆ ਕਿ ਸਰਾਂ ਖ਼ਾਲੀ ਕਰ ਦਿਓ ਨਹੀਂ ਤਾਂ ਸਿੰਘਾਂ ਦਾ ਹੱਲਾ ਜੋ ਅਲ੍ਹਾ ਦਾ ਕਹਿਰ ਹੈ, ਤੇਰੇ ਉੱਤੇ ਹੋਵੇਗਾ। ਏਹ ਸਨੇਹਾ ਸੁਣ ਕੇ ਸਾਰੀ ਬਾਦਸ਼ਾਹੀ ਫੌਜਦਾਰ ਅਮੀਨ ਖਾਂ, ਬਜੀਦ ਖਾਂ ਤੇ ਹਮਾਵਤ ਖ਼ਾਂ ਵਗ਼ੈਰੇ ਆਪਣੀ ਆਪਣੀ ਫੌਜ ਨੂੰ ਤਿਆਰ ਕਰ ਕੇ ਸਿੰਘਾਂ ਦਾ ਹੱਲਾ ਰੋਕਣ ਲਈ ਤਿਰਾਵੜੀ ਤੇ ਥਨੇਸਰ ਦੇ ਵਿਚਕਾਰ ਓਸ ਵੱਡੇ ਉੱਚੇ ਥੇਹ ਉੱਤੇ, ਜਿਸ ਨੂੰ ਲੋਕੀ ਪਾਂਡਵਾਂ ਦਾ ਆਖਦੇ ਹਨ, ਮੋਰਚੇ ਬੰਨ੍ਹ ਬੈਠੇ। ਕਿਉਂਕਿ ਅਮੀਨ ਖਾਂ ਨੇ ਓਥੇ ਇੱਕ ਪਿੰਡ ਅਮੀਨ ਗੜ੍ਹ ਨਾਮੀ ਵਸਾ ਰੱਖਿਆ ਸੀ ਅਤੇ ਤਿਰਾਵੜੀ ਵੀ ਰੋਕ ਰਖੀ ਸੀ, ਹੁਣ ਸਿੰਘਾਂ ਨੇ ਬਿਜਈ ਦਲ ਨੇ ਓਸ ਦੀ ਕੁਛ ਪਰਵਾਹ ਨਾ ਕੀਤੀ। ਤਿਰਾਵੜੀ ਦੀ ਸਰਾਂ ਹੀ ਪਹਿਲੇ ਹੱਲੇ ਜਾ ਮੱਲੀ। ਸ਼ਾਹੀ ਫੌਜ ਛੱਡ ਕੇ ਅਮੀਨਗੜ੍ਹ ਵੰਨੀ ਖਿਸਕ ਗਈ। ਹੁਣ ਸਿੰਘ ਤਾਂ ਅਮੀਨਗੜ੍ਹ ਵਿੱਚੋਂ ਭੀ ਸ਼ਾਹੀ ਫੌਜ ਨੂੰ ਕੱਢਣ ਦੇ ਗੁਰਮਤੇ ਕਰਨ ਲੱਗੇ ਤੇ ਅਮੀਨ ਖ਼ਾਂ ਅਪਨੀ ਕੁਮਕ ਮੰਗਾ ਰਿਹਾ ਸੀ। ਲਾਹੌਰ ਦੀ ਕੁਤਵਾਲੀ ਦੇ ਥਾਂ ਵਾਂਗੂੰ ਜੋ ਪੰਦ੍ਰਾਂ ਸੋਲਾਂ ਸੌ ਸਾਲ ਤੋਂ ਬੇਅੰਤ ਪੁਰਖਾਂ ਨੂੰ ਕਸ਼ਟ ਦਾ ਕਾਰਨ ਬਣਿਆ ਹੋਇਆ ਸੀ, ਹੁਣ ਭੀ ਓਸੇ ਬੇਤਰਸੀ ਕਰ ਪੂਰਤ ਹੈ। ਹੁਣ ਏਹ ਮੈਦਾਨ ਹੈ ਭੀ ਜਿੱਥੇ ਪਹਿਲੇ ਕੌਰਵ ਪਾਂਡਵਾਂ ਦੇ ਸਮੇਂ ਮਹਾਂਭਾਰਤ ਹੋਇਆ, ਦੂਜੇ ਪ੍ਰਿਥੁਰਾਜ ਚਹਾਨ ਤੇ ਓਹੋ ਸ਼ਹਾਬੂ ਦੀਨ ਗੌਰੀ ਲੜੇ। ਤੀਸਰੇ ਗੌਰੀ ਪਠਾਣ ਤੇ ਤੁਗਲਾਂ ਦੀ ਕੱਟ ਵੱਢ ਹੋਈ। ਚੌਥੇ ਲੋਦੀ ਪਠਾਣ ਇਬਰਾਹੀਮ ਬਾਦਸ਼ਾਹ ਤੇ ਬਾਬਰ ਮੁਗਲ ਚੁਗੱਤੇ ਲੜੇ। ਪੰਜਵੇਂ ਨਾਦਰ ਸ਼ਾਹੀ ਕਜਲ ਬਾਸ ਤੇ ਮੁਗ਼ਲਾਂ ਦਾ ਕੁਤਰਾ ਹੋਇਆ। ਛੀਵੇਂ ਮਰਹਟੇ ਤੇ ਅਹਿਮਦਸ਼ਾਹ ਦੁਰਾਨੀ ਲਹੂ ਲੁਹਾਨ ਹੋਏ, ਜਿਨ੍ਹਾਂ ਵਿੱਚੋਂ ਭਾਊ ਜੀ, ਬਿਸਵਾਸ ਰਾਉ ਵਰਗੇ ਬੇਸ਼ੁਮਾਰ ਸਰਦਾਰ ਮਹਾਰਾਜੇ ਓਹ ਜੁਝੇ ਹਨ, ਜਿਨ੍ਹਾਂ ਦੇ ਹੁਕਿਆਂ ਤੇ ਛੜੀਆਂ ਦੇ ਕਈ ਲੱਖ ਰੁਪਯੇ ਪਏ ਮੁੱਲ ਸਨ। ਸਤਵੇਂ ਸਿੰਘਾਂ ਦੀ ਤੇ ਸ਼ਾਹੀ ਫੌਜ ਦੀ ਮੁਠ ਜੰਗ ਤਾਂ ਮਹਾਂ ਘੋਰ ਐਸੇ ਹੋਏ ਹਨ, ਜਿਨ੍ਹਾਂ ਦੇ ਲਹੂ ਨਾਲ ਕਈ ਕਈ ਮਹੀਨੇ ਧਰਤੀ ਲਾਲ ਸੂਹੀ ਚੁੰਨੀ ਪਹਿਨ ਕੇ ਅਛੇੜ ਬੀਰ ਵਹੁਟੀ ਬਣੀ ਬੈਠੀ ਰਹੀ। ਬਾਕੀ ਛੋਟੇ ਮ੍ਾਰਕੇ ਤਾਂ ਏਥੇ ਬੇਅੰਤ ਹੀ ਹੋਏ ਹਨ। ਪਰ ਏਹ ਟੁਕੜਾ ਜ਼ਮੀਨ ਦਾ ਸੂਰਬੀਰ ਮਨੁੱਖਾਂ ਦੇ ਤੇ ਘੋੜਿਆਂ ਦੇ ਲਹੂ ਦਾ ਐਸਾ ਪਿਆਸਾ ਰਿਹਾ ਹੈ ਜੋ ਹਰ ਵੇਲੇ ਬੜੇ ਜੋਧੇ ਸੂਰਬੀਰਾਂ ਦੇ ਰਤ ਦੀਆਂ ਘੁੱਟਾਂ ਭਰਦਾ ਹੋਇਆ ਅਜੇ ਤੀਕ ਭੀ ਨਹੀਂ ਰੱਜਿਆ।

## ੫੦. ਜੰਗ ਅਮੀਨਗੜ੍ਹ

ਹੁਣ ਸ਼ਾਹੀ ਫੌਜਦਾਰਾਂ ਨੇ ਸਿੰਘਾਂ ਨੂੰ ਜਿੱਤ ਕੇ ਪਲੇ ਭੂਹੇ ਹੋਏ ਹੋਏ ਦੇਖ ਕੇ ਕੁਛ ਤਾਂ ਆਪਣੇ ਪਰਗਣੇ ਦੇ ਵਾਹਰੂ ਮਾਹਰੂ ਮੰਗ ਲੀਤੇ ਤੇ ਕੁਛ ਦਿੱਲੀ ਤੋਂ ਫੌਜ ਮੰਗ ਭੇਜੀ। ਅਸੀਂ ਪਿੱਛੇ ਦੱਸ ਆਏ ਹਾਂ ਕਿ ਏਸ ਸਿੰਘੀ ਫੌਜ ਤੇ ਇਲਾਕੇ ਤਿਰਾਵੜੀ ਦਾ ਪ੍ਰਬੰਧ ਸਾਰਾ ਭਾਈ ਬਾਜ਼ ਸਿੰਘ, ਰਾਮ ਸਿੰਘ ਤੇ ਬਾਬੇ ਬਿਨੋਦ ਸਿੰਘ ਤੇਹਣ ਦੇ ਹੱਥ ਵਿੱਚ ਸੀ। ਏਨ੍ਹਾਂ ਤੋਂ ਡਰਦਾ ਵਜੀਦ ਖਾਂ ਫੌਜਦਾਰ ਪਾਨੀਪਤ ਬੈਠਾ ਸਹਾਇਕਾਂ ਨੂੰ ਉਡੀਕ ਰਿਹਾ ਸੀ। ਜਦ ਸ਼ਾਹੀ ਫੌਜ ਤੇ ਪਰਗਣੇ ਦੀਆਂ ਛੇੜਾਂ ਵਾਹਰੂ ਆਦਮੀ ਆ 'ਕੱਠੇ ਹੋਏ ਤਾਂ ਸਿੰਘਾਂ ਵੰਨੀ ਰੌ ਕੀਤਾ, ਏਧਰੋਂ ਸਿੰਘਾਂ ਨੇ ਭੀ ਓਸ ਬੇਸ਼ੁਮਾਰ ਦੁਸ਼ਮਣਾਂ ਦੇ ਲਸ਼ਕਰ ਦਾ ਜ਼ਰਾ ਭਰ ਭੈਅ ਨਾ ਕੀਤਾ, ਸਗੋਂ ਇੱਕ ਗਸ਼ਤੀ ਜੱਥਾ ਭੇਤ ਲੈਣ

ਵਾਸਤੇ ਅੱਗੇ ਤੋਰ ਦਿੱਤਾ। ਜਦ ਸ਼ਾਹੀ ਫੌਜ ਅਮੀਨਗੜ੍ਹ ਪੁੱਜੀ ਤਾਂ ਸਿੰਘਾਂ ਨੇ ਵੀ ਜਾ ਦਰਸ਼ਨ ਦਿੱਤੇ। ਦੁਵੱਲੋਂ ਲੜਾਈ ਝੋਤੀ ਗਈ। ਸਿੰਘਾਂ ਨੇ ਐਸੇ ਡਾਢੇ ਕਹਿਰ ਦੇ ਹੱਲੇ ਕੀਤੇ ਕਿ ਸ਼ਾਹੀ ਸੈਨਾ ਘਬਰਾ ਉਠੀ। ਫਤੇ ਸਿੰਘਾਂ ਦੀ ਹੋਣੀ ਸੀ, ਪਰ ਤਦੋਂ ਹੀ ਮਹਾਬਤ ਖਾਂ ਖਾਨ ਖਾਨੇ ਵਜੀਰ ਦਾ ਪੋਤਰਾ ਕੁੰਮਕ ਲੈ ਕੇ ਆ ਪੁੱਜਿਆ। ਸਿੰਘ ਭੀ ਤਾੜ ਗਏ, ਬਾਬਾ ਕਾਹਣ ਸਿੰਘ ਤੇ ਮੀਰੀ ਸਿੰਘ ਭੱਲੇ ਆਦਿਕਾਂ ਨੇ ਪਹਿਲੇ ਸਹਾਇਕ ਨੂੰ ਸੋਧਣਾ ਚੰਗਾ ਸਮਝ ਕੇ ਓਸੇ ਵੱਲ ਸਿੰਘ ਝੁਕਾ ਦਿੱਤੇ। ਓਸ ਦੀ ਸਵਾਰੀ ਫੌਜ ਆਪਣੇ ਬਚਾਉ ਲਈ ਓਸ ਸੰਘਣੇ ਜੰਗਲ ਵਿੱਚ ਵੜ ਤਾਂ ਗਈ, ਪਰ ਫਿਰਨਾਂ ਔਖਾ ਹੋਇਆ। ਕੁਝ ਤਾਂ ਕੰਡਿਆਂ ਨੇ ਕੱਪੜੇ ਤੇ ਘੋੜੇ ਉਨ੍ਹਾਂ ਦੇ ਫਾੜੇ ਕੁਝ ਸਿੰਘਾਂ ਨੇ ਵਯੋਂਤੇ। ਕਿਉਂਕਿ ਸਿੰਘ ਤਾਂ ਜੰਗਲੀ ਦਰਿੰਦੇ ਹੀ ਬਣ ਰਹੇ ਸਨ। ਪੈਦਲ ਹੋ ਕੇ ਐਨੀ ਤਲਵਾਰ ਚਲਾਈ ਕਿ ਵੈਰੀਆਂ ਦੇ ਆਹੂ ਲਾਟ ਸਿੱਟੇ। ਏਹ ਹਾਲ ਵੇਖ ਕੇ ਜਦ ਮਹਾਵਤ ਖਾਂ ਪਿੱਛੇ ਨੂੰ ਤਿਲਕਿਆ ਤਾਂ ਸਿੰਘਾਂ ਨੇ ਹੱਲਾ ਕਰ ਕੇ ਉਸ ਦੀ ਫੌਜ ਖਿੰਡਾ ਫੁੰਡਾ ਛੱਡੀ। ਹੁਣ ਜੰਗ ਦਾ ਰੰਗ ਹੋਰ ਹੀ ਢੰਗ ਪਰ ਹੋਇਆ। ਇਹ ਹਾਲ ਵੇਖ ਕੇ ਫਰੋਜ਼ ਖਾਂ ਮੇਵਾਤੀ ਨੂੰ ਭਾਰੀ ਖਿਜ ਛੁਟੀ। ਸਰਦਾਰ ਖਾਂ ਹਰਾਵਲ ਤੇ ਵਜੀਦ ਖਾਂ ਨੂੰ ਆਖਿਆ, "ਦੇਖੋ ਸਿੰਘ ਵਧਦੇ ਆਉਂਦੇ ਹਨ, ਸ਼ਾਹੀ ਫੌਜ ਥਿੜਕਦੀ ਜਾਂਦੀ ਹੈ। ਜੇ ਆਪਾਂ ਹਾਰ ਗਏ ਤਾਂ ਬਾਦਸ਼ਾਹ ਹੱਡੀਆਂ ਚੱਬ ਸਿਟੂ। ਆਖੇਗਾ ਹਰਾਵਲ ਬਣਾ ਕੇ ਘਲੇ ਸਨ, ਸਿੰਘਾਂ ਦੇ ਇੱਕ ਦਸਤੇ ਤੋਂ ਮਾਰ ਖਾ ਆਏ। ਹਰਾਵਲ ਦੀ ਇੱਜ਼ਤ ਜਿਤੇ ਤਾਂ ਸਭ ਤੋਂ ਵੱਡੀ, ਹਾਰੇ ਤਾਂ ਅਤੀ ਬੇਇਜ਼ਤੀ ਹੁੰਦੀ ਹੈ। ਹੁਣ ਜਦ ਸਿੰਘਾਂ ਨੇ ਚਪੌਲ ਮਾਰ ਮਾਰ ਕੇ ਸ਼ਾਹੀ ਫੌਜ ਦੇ ਆਹੂ ਲਾ ਛੱਡੇ, ਫੇਰ ਕੀ ਬਣੇਗਾ? ਹੱਥ ਮਲਦੇ ਹੀ ਰਹਿ ਜਾਓਗੇ।" ਏਹ ਸੋਚ ਕੇ ਸਾਰੇ ਸਰਦਾਰਾਂ ਨੇ ਬਾਰੇ ਦੇ ਸੱਯਦ ਬੁਲਾ ਲੀਤੇ। ਪੈਦਲ ਹੋ ਤਲਵਾਰਾਂ ਧੂਹ ਕੇ 'ਅਲੀ' 'ਅਲੀ' ਬੋਲਦੇ ਸਿੰਘਾਂ ਉੱਤੇ ਟੁੱਟ ਪਏ। ਭਾਵੇਂ ਸਿੰਘ ਵੀ ਬਥੇਰੇ ਪੈਰ ਗੱਡ ਕੇ ਲੜੇ, ਪਰ ਇੱਕ ਦਾਰੂ ਦੋ, ਦੋ ਦਾ ਚਾਰ, ਜਿੱਥੇ ਬੇਸ਼ੁਮਾਰ ਟੁੱਟ ਪਏ, ਫੇਰ ਕੀ ਚਾਰਾ ਚਲੇ? ਸਿੰਘਾਂ ਨੇ ਕਚੀਚੀਆਂ ਵੱਟ ਵੱਟ ਬੇਸ਼ੁਮਾਰ ਵੈਰੀਆਂ ਦੇ ਸਿਰ ਲਾਹੇ, ਕਹਿਰ ਦੀ ਤੇਗ ਵਾਹੀ। ਪਰ ਜਿੱਤ ਹਾਰ ਕਰਤਾਰ ਦੇ ਹੱਥ ਹੈ, ਸਿੰਘ ਵੈਰੀ ਦਾ ਪ੍ਰਬਲ ਹੱਲਾ ਦੇਖ ਕੇ ਪਿੱਛੇ ਨੂੰ ਹਟ ਗਏ। ਓਹ ਸਮਾਂ ਸਿੰਘਾਂ ਉੱਤੇ ਬੁਰਾ ਕਹਿਰ ਦਾ ਗੁਜ਼ਰਿਆ। ਜਿਹੜੇ ਨੱਸ ਗਏ ਯਾ ਰੋਲ੍ਹ ਬੰਨ ਕੇ ਕਰਨਾਲ ਵੰਨੀ ਮੁੜ ਆਏ ਸਨ ਬਚੇ, ਬਾਕੀ ਫਟੜ, ਅਧਮੋਏ ਯਾ ਮਰੇ ਹੋਏ ਜਿਊਂਦੇ ਜੋ ਵੈਰੀ ਦੇ ਹੱਥ ਲਗੇ, ਉਹਨਾਂ ਸਭਨਾਂ ਨੂੰ ਦਰਖਤਾਂ ਨਾਲ ਲਟਕਾ ਦਿੱਤਾ। ਐਸਾ ਕੋਈ ਰਸਤਾ ਯਾ ਪਿੰਡ ਕਸਬਾ ਉਸ ਗਿਰਦਨੁਵਾਈ ਵਿੱਚ ਨਾ ਛੱਡਿਆ ਜਿੱਥੇ ਡਰ ਬੈਠਾਉਣ ਵਾਸਤੇ ਤੋਰੀਆਂ, ਅੱਲਾ ਤੇ ਬਈਆਂ ਦੇ ਆਲਣਿਆਂ ਵਾਂਗੂੰ ਸਿੱਖ ਨਾ ਲਟਕਾਏ ਗਏ ਹੋਣ। ਧੰਨ ਜਨਮ ਓਨ੍ਹਾਂ ਦੇ, ਜਿਨ੍ਹਾਂ ਜੀਉਂਦਿਆਂ ਜੀਉਂਦਿਆਂ ਧਰਮ ਰੱਖਿਆ ਵਾਸਤੇ ਵੱਡੇ ਵੱਡੇ ਕਸ਼ਟ ਸਹਾਰੇ, ਫੇਰ ਅੰਤ ਨੂੰ ਆਪਣਾ ਮਾਸ ਭੀ ਚੀਲਾਂ ਕਾਗਾਂ ਵਗੈਰਾ ਮਾਸਹਾਰੀਆਂ ਨੂੰ ਛਕਾ ਕੇ ਜਗਯ ਪੂਰੇ ਕਰ ਗਏ। ਯਥਾ:

ਮਰਨਾ ਭਲਾ ਪ੍ਰਦੇਸ ਕਾ ਜਹਿ ਆਪਣਾ ਨਾਹੀ ਕੋਇ।
ਮਾਟੀ ਭਖੀ ਜਾਨਵਰਾਂ ਤੁਰਤ ਮਹੋਛਾ ਹੋਇ।

ਏਸ ਜੰਗ ਦਾ ਪ੍ਰਸੰਗ ਖਾਫੀ ਖ਼ਾਂ ਨੇ ਤਾਂ ਬਹੁਤ ਵਿਸਤਾਰ ਨਾਲ ਲਿਖਿਆ ਹੈ, ਤੇ ਜ਼ਿਕਰ ਇਬ੍ਰਤ ਨਾਮੇ ਵਿੱਚ ਭੀ ਹੈ।

## ੫੧. ਜੰਗ ਸਰਹੰਦ

ਫੀਰੋਜ਼ ਖ਼ਾਂ ਮੈਵਾਤੀ ਮੈਦਾਨ ਮਾਰ ਕੇ ਫੁਲਯਾ ਫੁਲਯਾ ਫਿਰਨ ਲੱਗਾ। ਫੌਜ ਲੈ ਕੇ ਸਰਹੰਦ ਵੰਨੀ ਤੁਰ ਪਿਆ। ਏਹ ਅਮੀਨਗੜ੍ਹ ਦਾ ਜੰਗ ਸਿੰਘਾਂ ਦੇ ਰੰਗ ਨੂੰ ਬਹੁਤ ਕੁਰੰਗ ਕਰ ਗਿਆ। ਮੁਸਲਮਾਨ ਹਾਕਮ ਜਿਹੜੇ ਮੁਰਦਿਆਂ ਦੀ ਸ਼ਕਲ ਵਿੱਚ ਸਨ, ਸਾਉਣ ਦੇ ਡੱਡੂਆਂ ਵਾਂਗੂੰ ਟਰੈਂ ਟਰੈਂ ਮਾਰੋ ਮਾਰ ਦੀ ਧੁਨ ਲਾਉਂਦੇ ਹੋਏ ਥਾਓਂ ਥਾਈਂ ਦੜਕ ਉੱਠੇ। ਜਿਹੜਾ ਬਜੀਦ ਖਾਂ ਅਮੀਨਗੜ੍ਹ ਤੋਂ ਅੱਗੇ ਪੈਰ ਨਹੀਂ ਧਰਦਾ ਸੀ ਤੇ ਉਸ ਦਾ ਭਤੀਜਾ ਸ਼ਮਸ ਖਾਂ ਸਿੰਘਾਂ ਤੋਂ ਡਰਦਾ ਸੁਲਤਾਨਪੁਰ

ਵਿੱਚ ਹੀ ਸਤੀ ਹੋਇਆ ਬੈਠਾ ਸੀ, ਹੁਣ ਸਾਉਣ ਮਹੀਨੇ ਦੀ ਮੁੰਜ ਵਾਂਗੂੰ ਆਕੜ ਖਾਂ ਬਨ ਗਏ। ਬਾਕੀ ਦੇ ਹਾਕਮ ਭੀ ਸ਼ਿਕਾਰੀ ਦੀ ਸਹਾਇਤਾ ਨਾਲ ਜਿਕੂੰ ਸ਼ਿਕਾਰ ਨੂੰ ਪੈਂਦਾ ਹੈ, ਐਉਂ ਆਪੋ ਆਪਣੇ ਪ੍ਰਗਣੇ ਦੇ ਮੁਲਕੀ ਮੁਸਲਮਾਨਾਂ, ਹਿੰਦੂਆਂ ਨੂੰ ਨਾਲ ਲੈ ਕੇ ਢੋਲ ਬਜਵਾਉਂਦੇ ਝੰਡੀਆਂ ਖਿਲਾਰ ਖਿਲਾਰ ਸਰਹੰਦ ਵੰਨੀ ਤੁਰ ਪਏ। ਬਾਜ਼ ਸਿੰਘ ਦੇ ਭਾਈ ਸਯਾਮ ਸਿੰਘ ਲਖਾ ਸਿੰਘ ਵਗ਼ੈਰਾ ਬਹਾਦਰਾਂ ਨੇ ਜਿਨ੍ਹਾਂ ਦੇ ਸਪੁਰਦ ਸਰਹੰਦ ਸੀ, ਕੁਛ ਆਪਣੀ ਫੌਜ ਕੁਛ ਤਿਰਾਵੜੀ ਤੋਂ ਨੱਸ ਕੇ ਆਈ ਕੱਠੀ ਕਰ ਸ਼ਹਿਰੋਂ ਬਾਹਰ ਹੋ ਕੇ ਬਾਗ਼ਾਂ ਦੀ ਆੜ ਵਿੱਚ ਵੈਰੀਆਂ ਦਾ ਅੱਗਾ ਲੀਤਾ। ਹੱਲੇ ਰੋਕਦੇ ਹੋਏ ਸੁਬ੍ਹਾ ਤੋਂ ਸੰਝ ਤੱਕ ਲੜਦੇ ਰਹੇ, ਲੜਾਈ ਤੁਲਮੀ ਕਾਇਮ ਰੱਖੀ। ਓੜਕ ਰਾਤ ਪੈਣ ਕਰ ਕੇ ਲੜਾਈ ਬੰਦ ਹੋ ਗਈ, ਤਾਂ ਭੀ ਟਾਂਵੇ ਟਾਂਵੇ ਜੰਬੂਰੇ ਰਹਿਕਲੇ ਚਲਦੇ ਰਹੇ। ਅਗਲੇ ਦਿਨ ਭੀ ਲੜਾਈ ਨਿੰਮੀ ਨਿੰਮੀ ਹੁੰਦੀ ਰਹੀ। ਇੱਕੋ ਵਾਰ ਤਾਂ ਫੌਜਦਾਰਾਂ ਨੂੰ ਭੀ ਸਿੰਘਾਂ ਉੱਤੇ ਹੱਲਾ ਕਰ ਕੇ ਸਰਹੰਦ ਛੁਡਾ ਲੈਣ ਦਾ ਹੌਸਲਾ ਨਾ ਹੋਇਆ। ਓੜਕ ਤੀਜੀ ਰਾਤ ਨੂੰ ਸਿੰਘਾਂ ਨੇ ਜਦ ਕਿਧਰੋਂ ਸਹਾਇਤਾ ਆਉਂਦੀ ਨਾ ਦੇਖੀ ਤਾਂ ਸਾਰਾ ਜੰਗੀ ਸਾਮਾਨ, ਘੋੜੇ, ਊਠਾਂ, ਖੱਚਰਾਂ ਉੱਤੇ ਲੱਦ ਸਰਹੰਦ ਨੂੰ ਛੱਡ ਕੇ ਆਪ ਨਾਲ ਪੈਦਲ ਹੋ ਸ਼ਸਤ੍ਰ ਚਮਕਾਉਂਦੇ ਭੜਾਕੇ ਪਾਉਂਦੇ ਲੋਹਗੜ੍ਹ ਵੰਨੀ ਤੁਰ ਪਏ। ਸ਼ੰਮਸ ਖਾਂ ਫੌਜਦਾਰ ਨੇ ਸੁੰਨੀ ਪਈ ਸਰਹੰਦ ਵਿੱਚ ਸਵੇਰੇ ਹੀ ਦਖ਼ਲ ਕਰ ਲੀਤਾ। ਜਦ ਮੁਹੰਮਦ ਅਮੀਨ ਖਾਂ ਚੀਨੀ ਬਹਾਦਰ ਹਰਾਵਲ ਨੂੰ ਏਹ ਖ਼ਬਰ ਲੱਗੀ ਤਾਂ ਸ਼ੰਮਸ ਖ਼ਾਂ ਦੀ ਚਲਾਕੀ ਪਰ ਬਹੁਤ ਰੰਜ ਹੋ ਕੇ ਓਹ ਤਾਂ ਸ਼ੰਮਸ ਖਾਂ ਨੂੰ ਨੀਚਾ ਦਿਖਾਉਣ ਦੇ ਫ਼ਿਕਰ ਵਿੱਚ ਰਿਹਾ। ਸਿੰਘ ਸਾਮਾਨ ਲੈ ਕੇ ਲੋਹਗੜ੍ਹ ਵਿੱਚ ਜਾ ਵੜੇ। ਉਸ ਨੇ ਬਾਦਸ਼ਾਹ ਵੱਲ ਲਿਖ ਭੇਜਿਆ ਕਿ ਸ਼ੰਮਸ ਖ਼ਾਂ ਬੜਾ ਭਾਰੀ ਹੰਕਾਰੀ ਹੋ ਗਿਆ ਹੈ। ਬਾਦਸ਼ਾਹ ਦੇ ਹੁਕਮਾਂ ਦੀ ਕੁਛ ਪ੍ਰਵਾਹ ਨਹੀਂ ਰੱਖਦਾ, ਕਿਉਂਕਿ ਉਸ ਦੇ ਪਾਸ ਆਮਦਨੀ ਖ਼ਜ਼ਾਨਾ ਫੌਜ ਬਹੁਤ ਹੈ। ਆਪੇ ਸੁਤੰਤਰ ਹੋਇਆ ਚਾਹੁੰਦਾ ਹੈ। ਐਸੇ ਚਲਾਕ ਬੇਬਾਕ ਆਦਮੀ ਨੂੰ ਕਦੇ ਭੀ ਆਪਣਾ ਨਾ ਸਮਝਣਾ ਚਾਹੀਏ। ਏਸ ਅਰਜ਼ੀ ਪਰ ਬਾਦਸ਼ਾਹ ਨੇ ਬਿਨਾਂ ਨਿਰਨੇ ਕੀਤੇ ਸ਼ੰਮਸ ਖਾਂ ਤੋਂ ਬਿਜਵਾੜੇ ਤੇ ਜਲੰਧਰ ਦੀ ਫੌਜਦਾਰੀ ਖੋਹ ਲੀਤੀ। ਓਹ ਤਾਂ ਠੁਸ ਜੇਹਾ ਹੋ ਕੇ ਘਰ ਨੂੰ ਚਲਾ ਗਿਆ, ਚੀਨੀ ਬਹਾਦਰ ਹਰਾਵਲ ਨੇ ਆਪਣੇ ਸਾਥੀ ਸਰਦਾਰਾਂ ਸਮੇਤ ਸਰਹੰਦ ਪਰ ਕਬਜ਼ਾ ਕਰ ਲਿਆ, ਪਰ ਸਿੰਘ ਕੋਈ ਨਾ ਹੱਥ ਆਇਆ। ਫੇਰ ਤਾਂ ਓਹ ਭੀ ਲੋਹਗੜ੍ਹ ਵੰਨੀ ਤੁਰ ਪਿਆ।

## ੫੨. ਸਹਾਰਨ ਦੇ ਪਰਗਣੇ ਦੀ ਸੋਧ

ਹੁਣ ਸੰ. ੧੭੭੨ ਬਿ. ਨੂੰ ਜਦ ਦੁਬਾਰਾ ਫਿਰ ਕਿਲ੍ਹੇ ਲੋਹਗੜ੍ਹ ਵਿੱਚ ਸਿੰਘ ਜਾ 'ਕੱਠੇ ਹੋਏ ਅਤੇ ਖ਼ਬਰ ਲੱਗੀ ਕਿ ਮੁਹੰਮਦ ਅਮੀਨ ਖਾਂ ਚੀਨੀ ਏਧਰ ਆ ਰਿਹਾ ਹੈ ਤੇ ਬਾਦਸ਼ਾਹ ਨੇ ਉਮੰਗ ਦੇ ਕੇ ਸ਼ਾਹੀ ਲਸ਼ਕਰ ਨੂੰ ਤੋਰ ਕੇ ਆਪ ਭੀ ਏਧਰ ਆਉਣ ਦੀ ਮਨਸ਼ਾ ਕਰ ਲੀਤੀ ਹੈ। ਏਹ ਖ਼ਬਰ ਸੁਣ ਕੇ ਬੰਦਾ ਬਹਾਦਰ ਭੀ ਲੋਹਗੜ੍ਹ ਵਿੱਚ ਆ ਗੱਜਿਆ। ਹੁਣ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਨ ਵਾਸਤੇ ਜਦ ਬਾਜ਼ ਸਿੰਘ ਨੇ ਬੇਨਤੀ ਕੀਤੀ ਕਿ ਪਹਿਲਾਂ ਮਾਰੇ ਜੀਤੇ, ਪੈਂਦੇ ਸਟ ਦਬ ਲੈਣਾ ਵੈਰੀ ਨੂੰ ਚੰਗਾ ਹੈ ਕਿਉਂਕਿ ਸਾਮਾਨ ਜੰਗ ਦਾ ਆਪਣੇ ਪਾਸ ਥੋੜ੍ਹਾ ਹੈ। ਬਾਬੇ ਬੰਦੇ ਨੇ ਬਚਨ ਕੀਤਾ, 'ਹਿੰਮਤੇ ਮਰਦਾਂ ਮਦਤੇ ਖੁਦਾ।' ਉੱਦਮੀ ਨਿਰਭੈ ਪੁਰਖ ਤਾਂ ਜੋ ਚਾਹੁਣ ਸ੍ਰਿਸ਼ਟੀ ਵਿੱਚ ਕਰ ਸਕਦੇ ਹਨ। ਉਨ੍ਹਾਂ ਵਾਸਤੇ ਕਿਸੇ ਭੀ ਚੀਜ਼ ਦਾ ਪ੍ਰਾਪਤ ਕਰਨਾ ਕੋਈ ਔਖੀ ਗੱਲ ਨਹੀਂ। ਏਹੋ ਜੇਹੀ ਆਗਿਆ ਸਿੰਘ ਤਾਂ ਚਾਹੁੰਦੇ ਹੀ ਸਨ। ਕੇਈ ਜਥੇ ਕਰ ਕੇ ਜਿੱਥੇ ਜਾਗੀਰਦਾਰ ਨਵਾਬ ਕਾਜ਼ੀ ਸੱਯਦ ਦੇਖੇ, ਸੁਣੇ ਓਸੇ ਥਾਂ ਜਾ ਨਪੇ। ਅੱਗੋਂ ਕਿਸੇ ਨੇ ਹੱਥ ਨਾ ਉਠਾਇਆ ਤੇ ਸਿੰਘਾਂ ਨੇ ਆਪਣਾ ਕੰਮ ਕੀਤਾ। ਅੱਗੇ ਹੋ ਲਏ। ਏਸੇ ਭਾਂਤ ਮਾਰੋ ਮਾਰ ਕਰਦੇ ਜੋ ਭੀ ਜੰਗੀ ਸਾਮਾਨ ਹੱਥ ਲੱਗਦਾ, ਲੋਹਗੜ੍ਹ ਵੱਲ ਭੇਜਦੇ, ਬਹੁਤੀ ਜਗ੍ਹਾ ਲੜਾਈ ਤਾਂ ਹੋਈ, ਪਰ ਸਿੰਘਾਂ ਦੀ ਤੇਗ਼ ਅੱਗੇ ਕੌਣ ਠਹਿਰੇ?

## ੫੩. ਦੂਜਾ ਸੰਗ੍ਰਾਮ ਲੋਹਗੜ੍ਹ ਦਾ

ਏਹ ਖ਼ਬਰ ਸੁਣ ਕੇ ਮੁਹੰਮਦ ਅਮੀਨ ਖਾਂ ਚੀਨੀ ਜਿਹੇ ਅਨੇਕ ਫੌਜਦਾਰ ਜੋ ਰਵਾਂ ਰਵੀਂ ਲੋਹਗੜ੍ਹ ਵੰਨੀ ਆ ਰਹੇ ਸਨ। ਸਭ ਰੁਕ ਰੁਕ ਕੇ ਆਉਣ ਲੱਗੇ ਤੇ ਓਧਰੋਂ ਬਾਦਸ਼ਾਹ ਫਰੁਖਸ਼ੀਅਰ ਨੇ ਭੀ ਸਿੰਘਾਂ ਦੀ ਕਾਰਵਾਈ ਤੇਜ਼ੀ ਪਰ ਸੁਣ ਕੇ ਸੱਯਦ ਮੀਰ ਅਹਿਮਦ ਖਾਂ ਨੂੰ ਬੁਲਾ ਭੇਜਿਆ। ਓਹ ਫੌਜਦਾਰ ਵੱਡੇ ਵੱਡੇ ਚੋਣਵੇਂ ਸਰਦਾਰ ਜੰਗ ਦੇ ਮਿਤੱਯਾ ਭੱਯਾ ਸਾਥ ਲੈ ਕੇ ਗੁਜਰਾਤ ਵੱਲੋਂ ਚਲਾ ਆਇਆ। ਰੁਸਤਮ ਦਿਲ ਖਾਂ ਫੌਜਦਾਰ, ਹਦਾਇਤੁੱਲਾ ਖਾਂ, ਲੁਫਤ ਖਾਂ ਵਗ਼ੈਰਾ ਨੂੰ ਫੌਜ ਦੇ ਕੇ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਸਿੰਘਾਂ ਦਾ ਖੁਰਾ ਖੋਜ ਮਿਟਾ ਦਿਓ ਤੇ ਬੰਦੇ ਨੂੰ ਫੜ ਕੇ ਮੇਰੇ ਪਾਸ ਹਾਜ਼ਰ ਕਰੋ। ਤਦੋਂ ਨੂੰ ਸਿੰਘ ਤਾਂ ਹੜ੍ਹ ਦੇ ਜਲ ਵਾਂਗੂੰ ਮਾਰੋ ਮਾਰ ਕਰਦੇ ਹੋਏ ਦੂਰ ਤੱਕ ਪਹੁੰਚ ਗਏ ਸਨ। ਭਾਵੇਂ ਕੋਟ ਆਬੂ ਖਾਂ ਦੇ ਪਾਸ ਮੁਲਕੀ ਲੋਕਾਂ ਨੇ ਸਿੱਖਾਂ ਦਾ ਮੁਕਾਬਲਾ ਤਾਂ ਬਹੁਤ ਕੀਤਾ, ਪਰ ਹਾਰ ਕੇ ਨੱਠ ਗਏ। ਸਿੰਘ ਭੀ ਜਿਉਂ ਜਿਉਂ ਸ਼ਾਹੀ ਲਸ਼ਕਰ ਆਉਂਦਾ ਸੁਣਦੇ ਸਨ ਤਿਉਂ ਤਿਉਂ ਅਧਕ ਹੱਥ ਮਾਰਦੇ ਤੇ ਪਿੱਛੇ ਨੂੰ ਹਟ ਰਹੇ ਸਨ। ਯਕਾ ਯਕ ਇੱਕ ਦੂਸਰੇ ਪਰ ਹੱਲਾ ਕਰਨ ਦਾ ਹੌਸਲਾ ਭੀ ਨਹੀਂ ਰੱਖਦਾ ਸੀ। ਓੜਕ ਜਦ ਸਿੰਘ ਬੇਸ਼ੁਮਾਰ ਜੰਗੀ ਸਾਮਾਨ ਲੁੱਟ ਕੇ ਮੁੜ ਲੋਹਗੜ੍ਹ ਦੇ ਆਪ ਪਾਸ ਆ ਕੇ ਉੱਤਰ ਪਏ, ਤਦੋਂ ਨੂੰ ਸ਼ਾਹੀ ਫੌਜਾਂ ਭੀ ਆ ਢੁਕੀਆਂ। ਏਸ ਲੋਹਗੜ੍ਹ ਦੇ ਚੁਫੇਰੇ ਦੀ ਸ਼ਿਕਾਰਗਾਹ ਦਸ ਦਸ ਪੰਦ੍ਰਾਂ ਪੰਦ੍ਰਾਂ ਕੋਹ ਵਿੱਚ ਪਹਾੜੀਆਂ ਝਾੜੀਆਂ ਬਹੁਤ ਸਨ। ਸਢੌਰੇ ਵੱਲੋਂ ਪੰਜ ਛੀ ਕੋਹ ਪਹਾੜ ਵੰਨੀ ਇੱਕ ਉੱਚੇ ਟਿੱਬੇ ਪਰ ਪੰਮੂ ਪਿੰਡ ਦੇ ਪਾਸ ਕਿਲ੍ਹਾ ਲੋਹਗੜ੍ਹ ਹੈ ਜੋ ਸ਼ਾਹਜਹਾਂ ਦੇ ਸਮੇਂ ਮੁਖਲਸ ਖ਼ਾਂ ਸੂਬੇਦਾਰ ਸਰਹੰਦ ਨੇ ਬਣਵਾਇਆ ਸੀ। ਓਸ ਦੇ ਦੋਹੀਂ ਪਾਸੀਂ ਦੋ ਖੱਡਾਂ ਪਹਾੜੀ ਪਾਣੀ ਦੀਆਂ ਵਗਦੀਆਂ ਰਹਿੰਦੀਆਂ ਸਨ, ਕਿਲ੍ਹੇ ਦੇ ਆਸ ਪਾਸ ਉੱਚੇ ਪਹਾੜ ਬਹੁਤੇ ਸਨ। ਭਾਵੇਂ ਹੁਣ ਤਾਂ ਓਸ ਕਿਲ੍ਹੇ ਨੂੰ ਲੋਕਾਂ ਨੇ ਖੋਲਾ ਜੇਹਾ ਭੀ ਨਹੀਂ ਛੱਡਿਆ ਸਭ ਮਲਬਾ ਲੈ ਗਏ। ਸ਼ਾਹੀ ਫੌਜ ਕਿਲ੍ਹੇ ਤੋਂ ਅੱਠ ਅੱਠ ਕੋਹ ਸਢੌਰੇ ਗਿਰਦੇ ਜਾ ਉੱਤਰੀ। ਕਿਉਂਕਿ ਓਸ ਸਮੇਂ ਹਰੇਕ ਤਰਫੋਂ ਸ਼ਾਹੀ ਫੌਜਾਂ ਦੇ ਧਕੇਲੇ ਹੋਏ ਸਿੰਘ ਆ ਕੇ ਏਸੇ ਕਿਲ੍ਹੇ ਦੇ ਗਿਰਦੇ ਪਹਾੜੀਆਂ ਪਰ ਮੋਰਚੇ ਕਾਇਮ ਕਰੀ ਬੈਠੇ ਸਨ। ਤਾਹੀਂ ਸ਼ਾਹੀ ਫੌਜ ਦੂਰ ਦੂਰ ਠਹਿਰੀ ਹੋਈ ਅਨੇਕ ਭਾਂਤ ਦੀਆਂ ਗੋਂਦਾਂ ਗੁੰਦ ਰਹੀ ਸੀ। ਕੋਈ ਕਹਿੰਦਾ ਸੀ ਹੱਲਾ ਕਰ ਕੇ ਕਿਲ੍ਹੇ ਪਰ ਚੜ੍ਹ ਜਾਓ। ਕੋਈ ਫੌਜਦਾਰ ਘੇਰਾ ਪਾ ਕੇ ਬੈਠ ਰਹਿਣ ਚੰਗਾ ਸਮਝਦੇ ਸੇ। ਕੋਈ ਕਹਿੰਦੇ ਸਨ ਕਿਲ੍ਹੇ ਅੰਦਰ ਕੁਛ ਨਾ ਜਾਣ ਦੇਉ, ਆਪੇ ਭੁੱਖੇ ਮਰ ਜਾਣਗੇ। ਕੋਈ ਧੀਰੇ ਧੀਰੇ ਲੜਦੇ ਹੋਏ ਮੋਰਚੇ ਵਧਾਉਣ ਨੂੰ ਪਸੰਦ ਕਰਦੇ ਸਨ। ਜਿਤਨੇ ਮੂੰਹ ਓਨੀਆਂ ਸਲਾਹਾਂ। ਬਾਕੀ ਵੱਡੇ ਵੱਡੇ ਅਮੀਰ ਜੰਗ ਜਿੱਤਨ ਦੀ ਤਜਵੀਜ਼ ਵੱਖਰੀ ਵੱਖਰੀ ਕਰ ਹੀ ਰਹੇ ਸਨ। ਓੜਕ ਏਹ ਤਾਂ ਸਲਾਹਾਂ ਹੀ ਕਰਦੇ ਰਹੇ। ਬੰਦੇ ਨੇ ਕਿਲ੍ਹੇ ਵਿੱਚੋਂ ਨਿੱਕਲ ਕੇ ਰਾਹਾਂ ਦੇ ਸੂੰਹੇਂ ਸਿੱਖ ਅੱਗੇ ਲਾ ਕੇ ਸ਼ਾਹੀ ਫੌਜ ਪਰ ਹੱਲਾ ਕਰ ਦਿੱਤਾ। ਪੰਦਰਾਂ ਅਠਾਰਾਂ ਹਜ਼ਾਰ ਬਹਾਦਰ ਸਿੱਖ ਜਦ ਤੁਰਕਾਨੀ ਸੈਨਾ ਪਰ ਅਚਨਚੇਤ ਜਾ ਪਏ ਤਾਂ ਘਬਰਾ ਕੇ ਸਭ ਨੂੰ ਪ੍ਰਾਣ ਬਚਾਣ ਦੀ ਪੈ ਗਈ। ਕੋਈ ਤੰਬੂ ਵਿੱਚ, ਕੋਈ ਕਨਾਤ ਓਹਲੇ, ਕੋਈ ਦਰੀ ਹੇਠ, ਕੋਈ ਚਾਰਜਾਮਾਂ ਹੀ ਉੱਤੇ ਲੈ ਕੇ ਅੱਖਾਂ ਮੀਟੀ ਪਿਆ ਹੈ, ਬਹੁਤ ਨੱਠ ਤੁਰੇ। ਪਰ ਸਿੰਘਾਂ ਨੂੰ ਜਿਤਨਾ ਜਿੱਤ ਦਾ ਫ਼ਿਕਰ ਸੀ ਉਤਨਾ ਲੁੱਟ ਦੇ ਮਾਲ ਚੁੱਕਣ ਦਾ ਪਿਆਰ ਨਹੀਂ ਸੀ, ਪਰ ਫੇਰ ਭੀ ਜੋ ਕੁਛ ਹੱਥ ਲੱਗਾ ਸਭ ਨੇ ਕਿਲ੍ਹੇ ਵਿੱਚ ਲਿਆ ਰੱਖਿਆ। ਕਈ ਮਹੀਨੇ ਦੀ ਤਸੱਲੀ ਕਰ ਲੀਤੀ। ਕਪੜੇ ਪਾਲਾ ਕੱਟਨ ਜੋਗੇ ਆ ਗਏ। ਤਦੋਂ ਨੂੰ ਮਘਰ ਮਹੀਨਾ ਖਤਮ ਹੋ ਕੇ ਪੋਹ ਚੜ੍ਹ ਗਿਆ। ਬਰਖਾ ਹੋਣ ਲੱਗੀ* ਐਸੀ ਝੜੀ ਲੱਗੀ ਤੇ ਠੰਡੀ ਪੌਣ ਵਗੀ ਕਿ ਦਸਾਂ ਕੁ ਦਿਨਾਂ ਵਿੱਚ ਹੀ ਸ਼ਾਹੀ ਘੋੜੇ ਸਵਾਰ ਪਾਲੇ ਨੇ ਜੜ ਬਿਮਾਰ ਕਰ ਦਿੱਤੇ। ਲੜੇ ਕੌਣ? ਕਿਉਂਕਿ ਇੱਕ ਤਾਂ ਮਹੀਨਾ ਪੋਹ ਦਾ, ਦੂਜੇ ਠੱਕਾ ਠਹਿਰਨ ਨਾ ਦੇਵੇ। ਤੀਜੇ ਬਾਲਣ ਗਿੱਲਾ, ਚੌਥੇ ਝਿਮੀ ਝਿਮੀ ਝੜੀ, ਰਾਤ ਦਿਨੇ ਲੱਗੀ ਰਹੇ। ਪੰਜਵੇਂ ਗੁਦਾਮ ਭਿੱਜ ਗਿਆ, ਛੀਵੇਂ ਰੇਜਸ਼ ਬੁਖਾਰ ਦੀ ਭਰਮਾਰ ਨੇ ਲਚਾਰ

*ਖਾਫੀ ਖ਼ਾਂ ਦਸ ਦਿਨ ਝੜੀ ਲੱਗੀ ਰਹੀ ਲਿਖਦਾ ਹੈ।

Humble service provided by Bhai Baljinder Singh (Rara Sahib)

ਕਰ ਸਿੱਟੇ। ਦਾਣੇ ਪੱਠੇ ਬਿਨਾਂ ਸੈਂਕੜੇ ਘੋੜੇ ਬੌਲਦ ਖੱਚਰਾਂ ਐਤਨੇ ਮਰੇ ਕਿ ਕੋਈ ਚੁੱਕਣ ਵਾਲਾ ਨਾ ਰਿਹਾ। ਦੱਬੇ ਸਾੜੇ ਕੌਣ? ਠੱਕੇ ਨੇ ਠਾਰ ਕੇ ਹੱਥ ਪੈਰ ਨਕਾਰੇ ਕਰ ਧਰੇ ਸਨ, ਮੁਰਦਿਆਂ ਦੀ ਸੜਿਹਾਂਦ ਉਭਰ ਗਈ। ਬਰਸਾਤ ਅਧਕ ਹੋਣੇ ਕਰ ਪਹਾੜਾਂ ਦੇ ਹੜ੍ਹਾਂ, ਨਦੀਆਂ, ਨਾਲਿਆਂ ਦੇ ਪਾਣੀ ਤੋਂ ਸਿੰਘ ਤਾਂ ਕਿਲ੍ਹੇ ਵਿੱਚ ਉੱਚੀ ਜਗ੍ਹਾਂ ਅਰਾਮ ਕਰ ਬੈਠੇ ਰਹੇ। ਮੁਹੰਮਦੀ ਸੈਨਾ ਵਾਸਤੇ ਸਚਮੁੱਚ ਕਿਆਮਤ ਸੀ। ਹੜ੍ਹ ਦੇ ਪਾਣੀ ਕਿਸੇ ਥਾਂ ਖੜੋਨ ਬੈਠਣ ਨਹੀਂ ਦਿੰਦੇ ਸੇ, ਠੰਡੇ ਠੱਕੇ ਨੇ ਐਡੀ ਤੇਜ਼ੀ ਪੌਣ ਦੀ ਕਰ ਰਖੀ ਸੀ ਕਿ ਤੰਬੂਆਂ ਦੇ ਕਿੱਲੇ ਪੁਟੇ ਗਏ ਸ਼ਾਹੀ ਸੈਨਾ ਦੇ ਸਰਦਾਰ ਲਚਾਰ ਹੋ ਕੇ ਲਾਂਹਬੇ ਦੇ ਪਿੰਡਾਂ ਵਿੱਚ ਜਾ ਵੜੇ। ਅੱਗੋਂ ਪਿੰਡ ਵਾਈ ਲੋਕਾਂ ਦੇ ਘਰ ਤ੍ਰਪ ਤ੍ਰਪ ਚੋ ਰਹੇ ਸਨ। ਅਤਿਅੰਤ ਕਲੇਸ਼ ਸਹਾਰ ਕੇ ਬੜੀ ਭਾਰੀ ਔਖਿਆਈ ਨਾਲ ਓਹ ਝੜੀ ਦੇ ਦਿਨ ਪੂਰੇ ਕੀਤੇ। ਭਾਵੇਂ ਏਹ ਸਾਰੀ ਬਿਪਤਾ ਕੁਦਰਤੀ ਖੇਡ ਈਸ਼੍ਵਰ ਵੱਲੋਂ ਹੀ ਸੀ, ਪਰ ਮੁਸਲਮਾਨੀ ਸੈਨਾ ਵਿੱਚ ਇਹੋ ਚਰਚਾ ਧੁੰਮ ਗਈ ਸੀ ਕਿ ਏਹ ਭਾਰੀ ਬਿਪਤਾ ਸਾਰੀ ਬੰਦੇ ਦੇ ਜਾਦੂ ਦਾ ਚਮਤਕਾਰ ਹੈ। ਸਭ ਏਹੋ ਕਹਿ ਰਹੇ ਸਨ ਮੀਆਂ ਜਾਦੂ ਬਰਹੱਕ ਹੈ, ਕਰਨ ਵਾਲਾ ਕਾਫਰ ਹੈ, ਬੰਦੇ ਨੇ ਸਾਰੀ ਉਮਰ ਏਹੋ ਕਮਾਈ ਕੀਤੀ ਹੈ, ਜਿਸ ਦਾ ਸਾਰਟੀਫਿਕੇਟ ਖ਼ੁਦਾ ਵੱਲੋਂ ਮਿਲਿਆ ਹੋਇਆ ਹੈ। ਹੁਣ ਜੋ ਚਾਹੇ ਸੋ ਕਰੇ ਭਲਾ ਕੋਈ ਰੋਕ ਸਕਦਾ ਹੈ? ਖਾਹਮਖਾਹ ਬਾਦਸ਼ਾਹ ਖਲਕਤ ਨੂੰ ਮਰਵਾ ਰਿਹਾ ਹੈ। ਏਹੋ ਜੇਹੀ ਬਿਪਤਾ ਭੋਗ ਕੇ ਜਦ ਬਰਖਾ ਹਟੀ ਤੋਂ ਸਿੰਘਾਂ ਨੇ ਭੀ ਆਪਣੇ ਆਪ ਨੂੰ ਸੰਭਾਲਿਆ ਅਤੇ ਸ਼ਾਹੀ ਸੈਨਾ ਭਾਵੇਂ ਏਸ ਤਬਾਹੀ ਵਿੱਚੋਂ ਤਾਂ ਨਿੱਕਲੀ, ਪਰ ਅਜੇ ਜੰਗ ਕਰਨ ਨੂੰ ਤਿਆਰ ਨਹੀਂ ਹੋਈ ਸੀ ਬਿਮਾਰ ਤੇ ਢਿੱਲੀ ਬਹੁਤ ਹੋ ਰਹੀ ਸੀ। ਏਥੇ ਸ਼ਾਹੀ ਸੈਨਾ ਦੇ ਪ੍ਰਸ਼ਨ ਉੱਤਰ ਦਾ ਨਮੂਨਾ ਨਾਵਲ ਦੇ ਤੌਰ 'ਤੇ ਦੇਖਿਆ ਜਾਂਦਾ ਹੈ:

ਪ੍ਰਸ਼ਨ: ਮਹੰਮਦ ਸ਼ਰੀਫ ਖਾਂ ਮੁਸਾਹਿਬ ਖ਼ਾਸਗੀ ਫਰੁਖਸ਼ੀਅਰ ਦੇ ਸ਼ਾਹੀ ਤੰਬੂ ਵਿੱਚੋਂ ਆਪਣੇ ਵੱਡੇ ਤੰਬੂ ਅੱਗੇ ਸਾਏਬਾਨ ਦੇ ਨੀਚੇ ਫੌਜੀ ਅਫਸਰਾਂ ਦੇ ਦਰਬਾਰ ਵਿੱਚ ਚੌਕੀ ਪਰ ਬੈਠਾ ਹੋਇਆ ਬੋਲਿਆ, "ਫੌਜਦਾਰ ਬਹਾਦਰ ਖਾਂ! ਤੁਮਨੇ ਖਬਰਦਾਰ ਰਹਿਨਾ। ਯਹਿ ਸਿੰਘ ਕੌਮ ਵੱਡੀ ਭਾਰੀ ਕਾਫਰ ਜਾਹਲ ਹੈ। ਮਰਨੇ ਮਾਰਨੇ ਜ਼ਰਾ ਭਰ ਭੀ ਨਹੀਂ ਡਰਦੀ। ਇਨ ਕੰਬਖਤੋਂ ਸੇ ਖ਼ੁਦਾ ਹੀ ਬਚਾਏ। ਇਨ ਕਾ ਗੁਰੂ ਬੰਦਾ ਅਕਸਰ ਸ਼ਬ ਖ਼ੂਨ ਮਾਰਿਆ ਕਰਤਾ ਹੈ, ਬਚਨਾ।

ਕਾ:ਮਾ:ਬ: ਅਜੀ ਜਨਾਬ! ਮੈਂ ਆਪ ਕੇ ਆਗੇ ਬਜਾਨ ਕਰੂੰ ਵੇ ਸਿਖੜੇ ਬਹੁਤ ਬੁਰੇ ਬਦ ਬਲਾਈ ਹੈਂ। ਬੇਸ਼ੱਕ ਆਪ ਸੱਚ ਕਹਿਤੇ ਹੈਂ। ਪੰਜਾਬ ਮੇਂ ਐਸੀ ਦੂਸਰੀ ਕੋਈ ਬਹਾਦੁਰ ਕੌਮ ਨਹੀਂ ਜੈਸੀ ਕੇ ਯਹਿ ਹੈ। ਇਨ ਸੇ ਬਚਨਾ ਹੀ ਅਕਲਮੰਦੀ ਹੈ।

ਸਰਦਾਰ ਖਾਂ ਫੌਜਦਾਰ: ਵਿਲਾਹ ਖੁਦਾਵੰਦ ਉਨੋਂ ਨੇ ਤੋ ਘੋੜੋਂ ਕੀ ਪੀਠ ਕੋ ਹੀ ਅਪਨੇ ਲੀਏ ਚਾਰਪਾਈ ਔਰ ਜ਼ੀਨ ਹੀ ਕੋ ਬਿਛਾਈ, ਚਾਰ ਜਾਮੇਂ ਕੋ ਹੀ ਘਰ ਬਨਾ ਰਖਾ ਹੈ। ਖ਼ੁਦਾ ਜਾਨੇ ਉਨ ਕੇ ਬਦਨ ਪਥਰ ਕੇ ਹੈਂ ਯਾ ਗੈਂਡੇ ਕੀ ਖਾਲ ਕੇ। ਸ਼ੈਤਾਨ ਨੇ ਉਨ ਕੇ ਕਾਨ ਮੇਂ ਐਸਾ ਮੰਤਰ ਫੂਕਾ ਹੈ, ਡਰ ਤੋ ਜਾਨਤੇ ਹੀ ਨਹੀਂ। ਅਰਾਮ ਹਰ ਤਰ੍ਹਾਂ ਕਾ ਹਰਾਮ ਸਮਝ ਰਖਾ ਹੈ। ਇਸਲਾਮ ਕੇ ਕਤਲਾਮ ਮੇਂ ਹੀ ਅਪਨਾ ਤਮਾਮ ਨਫ਼ਾ ਮਾਨਤੇ ਹੈਂ।

ਮੁਜਸਫ਼੍ਰ ਖਾਂ ਮੌਲਵੀ: ਅਲਾਹ ਮੀਆਂ! ਆਪ ਨੇ ਸੱਚ ਕਹਾ। ਅਬ ਤੋ ਹਮਾਰਾ ਪਾਲਾ ਭੀ ਉਨ ਬਦ ਕਿਰਦਾਰੋਂ ਸੇ ਆ ਪੜਾ। ਇਸੀ ਸੇ ਜਾਨ ਤੰਗ ਹੈ ਖ਼ੁਦਾ ਖ਼ੈਰ ਕਰੇ। ਕਿਸੀ ਤਰ੍ਹਾਂ ਉਨ ਕਾ ਗੁਰੂ ਬੰਦਾ ਵੈਰੀ ਹਮਾਰੇ ਹਾਥ ਆ ਜਾਏ ਤੋ ਫਿਰ ਬਾਕੀ ਸਿੱਖਾਂ ਕੋ ਪਸਪਾ ਯਾ ਕਾਬੂ ਕਰਨਾ ਸੁਖਾਲਾ ਹੋ ਜਾਏਗਾ।

ਮੁਸਾਹਿਬ: ਹਜ਼ਰਤ! ਹਾਥ ਤੋ ਆ ਹੀ ਜਾਏ। ਲੇਕਨ ਸੱਚ ਤੋ ਯੇ ਹੈ ਕੇ ਉਨ ਕੇ ਖੌਫ ਸੇ ਹਮਾਰੇ ਹਵਾਸ ਬਾਖਤਾ ਹੋ ਰਹੇ ਹੈਂ।

ਸ਼ਰੀਫ ਖ਼ਾਂ—ਜਨਾਬ ਸੱਚ ਹੈ ਉਸ ਬੇਈਮਾਨ ਕੇ ਸਾਹਮਨੇ ਜਾਨੇ ਸੇ ਤੋ ਮੇਰਾ ਦਿਲ ਭੀ ਕਾਂਪਤਾ ਹੈ, ਲੜ ਕਰ ਤੋ ਉਸ ਸੇ ਫਤੇ ਮਿਲਨੀ ਬਹੁਤ ਮੁਸ਼ਕਲ ਹੈ, ਇਸ ਲੀਏ ਮੈਂ ਤੋ ਅਬ ਯੇਹੀ ਠਾਨ ਲੀ ਹੈ ਕਿ ਮੌਕਾ ਪਾਕਰ ਉਸਕੋ ਸੋਤੇ ਹੂਏ ਕਿਸੀ ਤਰੇਂ ਗ੍ਰਿਫਤਾਰ ਕਰ ਲੇਨਾ ਚਾਹੀਏ, ਇਸੀ ਲੀਏ

ਜਾਸੂਸ ਸਿੰਘ ਬਨਾ ਕਰ ਹਮ ਨੇ ਉਸ ਕੇ ਲਸ਼ਕਰ ਮੇਂ ਛੋਡ ਰਖੇ ਹੈਂ, ਅਗਰ ਖ਼ੁਦਾ ਕੋ ਇਸਲਾਮ ਕੀ ਰੌਸ਼ਨੀ ਕਾ ਜਲਵਾ ਹਿੰਦੋਸਤਾਨ ਜ਼ੁਲਮਤ ਨਿਸਾਨ ਪਰ ਕਾਇਮ ਕਰਨਾ ਮਨਜ਼ੂਰ ਹੈ ਤੋ ਬੇਸ਼ੱਕ ਮੇਰੀ ਮੁਰਾਦ ਬਰ ਆਏਗੀ।

ਕਾਜੀ—ਇਨਸ਼ਾਏ ਅਲਾ ਤਾਲਾ, ਐਸਾ ਹੀ ਹੋ।

ਸ਼ਰੀਫ ਖਾਂ: ਕਸਮ ਹੈ ਕਲਮੇਂ ਸ਼ਰੀਫ ਕੀ ਜਿਸ ਫ਼ਿਕਰ ਮੇਂ ਮੇਰੀ ਖ਼ੁਰਾਕ ਆਗੇ ਸੇ ਆਧੀ ਆ ਰਹੀ ਹੈ। ਮੀਆਂ! ਉਨੀਂਦ੍ਰੇ ਸੇ ਆਂਖੇ ਫਟੀ ਜਾ ਰਹੀ ਹੈਂ। ਮਾਰੇ ਡਰ ਕੇ ਸੋ ਨਹੀਂ ਸਕਤੇ।

ਜਰਨਲ ਗ਼ੁਲਾਮ ਰਸੂਲ: ਅਜੀ ਜੁਨਾਬ ਅਗਰ ਮੈਂ ਸੱਚ ਕੈਹ ਦੂੰ ਤੋ ਆਪ ਹਸੇਂਗੇ। ਮੈਂ ਅਪਨੇ ਖੇਮੇ ਕੇ ਹਰ ਚਹਾਰ ਤਰਫ ਪੈਹਰਾ ਖੜਾ ਕਰ ਜਰਾਕ ਪੜਾ ਹੀ ਥਾ, ਦੇਖਾ ਕਿ ਸਿੱਖ ਨੰਗੀ ਤਲਵਾਰੇਂ ਖੈਂਚੇ ਹੂਏ ਇਸਲਾਮੀਉਂ ਕੋ ਕਾਟ ਕਾਟ ਫੈਂਕ ਰਹੇ ਹੈਂ। ਫੌਰਨ ਉਠਾ, ਆਂਖ ਖੁਲੀ ਤੋ ਕੋਈ ਕੁਛ ਨ ਥਾ। ਤੋ ਮੈਂ ਕਾਂਪਤਾ ਹੂਆ ਬੇਹੋਸ਼ੀ ਕੀ ਹਾਲਤ ਮੇਂ ਤੀਨ ਘੰਟੇ ਪੜਾ ਰਹਾ।

ਰਜਬ ਅਲੀ ਖਾਂ: ਅਜੀ ਮੀਆਂ! ਕੁਛ ਭੀ ਹੋ ਇਨ ਹਲਕਾਏ ਊਟੋਂ ਸੇ ਬਚਨਾ ਹੀ ਬੇਹਤਰ ਹੈ। ਇਮਾਨ ਕੀ ਕਸਮ ਯੇਹੀ ਕਾਫਰ ਹਮਾਰੇ ਦੁਸ਼ਮਨੇ ਜਾਨੀ ਹੈਂ। ਯੇਹ ਪੰਜਾਬ ਕੀ ਸਰਦਾਰ ਕੌਮ ਯੂੰ ਕਹਾ ਜਾਏ ਤੋ ਅਹਮਕ ਜਾਨ ਨਫ਼ਾ ਨੁਕਸਾਨ ਨਾ ਦੇਖਨੇ ਵਾਲੇ ਐਸੇ ਬੁਰੀ ਬਲਾਈ ਹੈਂ ਗੋਯਾ ਮਲਕਲ ਮੌਤ ਭੀ ਇਨ ਸੇਂ ਡਰਤਾ ਹੈ। ਮੀਆਂ! ਇਨ ਕੀ ਤਲਵਾਰ ਹੈ ਕਿ ਗਜ਼ਬ ਖ਼ੁਦਾ ਹੈ, ਬਿਜਲੀ ਹੈ ਕਿ ਜਹੰਨਮ ਕੀ ਆਗ ਹੈ। ਇਨਸੇ ਲੜਨਾ ਤੋਂ ਗੋਯਾ ਮੌਤ ਕਾ ਮੁਕਾਬਲਾ ਕਰਨਾ ਹੈ। ਨਹੀਂ ਮਾਲੂਮ ਹਿੰਦ ਕੇ ਜਿਨਹਾਰ ਸੇ ਇਨ੍ਹੇਂ ਕਿਆ ਤਅੱਲਕ ਹੈ, ਜੋ ਉਨ ਕੇ ਬਨਾਨੇ ਵਾਸਤੇ ਜਾਨੇ ਦੇ ਰਹੇ ਹੈਂ।

(ਇਧਰ) ਬੰਦਾ: ਐ ਭਾਈ ਖਾਲਸਾ ਜੀ ਇਨ ਤੁਰਕੋਂ ਨੇ ਹਿੰਦ ਪਰ ਵੋਹ ਵੋਹ ਜ਼ੁਲਮ ਕੀਏ ਹੈਂ ਜੋ ਬਿਆਨ ਨਹੀਂ ਹੋ ਸਕਤੇ ਯਾਦ ਕਰਨੇ ਸੇ ਛਾਤੀ ਭਰ ਆਤੀ ਹੈ।

ਬਾਜ ਸਿੰਘ: ਮਹਾਰਾਜ ਇਨ ਦੁਸ਼ਟ ਮਲੇਛੋਂ ਨੇ ਆਜ ਹੀ ਕੋਈ ਨਵਾਂ ਕਹਰ ਕਹਾਰ ਤੋ ਨਹੀਂ ਉਠਾਇਆ। ਇਨ ਹੀ ਕੇ ਬਜ਼ੁਰਗ ਮਧੁਕੈਟਭ ਜਲੰਧਰ, ਮਹਿਖਾਸੁਰ ਕਾਲਨੇਮੀ ਸੁੰਭ, ਨਿਸੁੰਭ, ਰਕਤਬੀਜ ਵਗ਼ੈਰਾ ਬੇਸ਼ੁਮਾਰ ਹੋ ਗ਼ੁਜ਼ਰੇ ਹੈਂ। ਬਡੇ ਬਡੇ ਧਰਮਾਤਮਾ ਰਿਖੀ ਮੁਨੀਆਂ ਕੇ ਬਦਨੋਂ ਮੇ ਸੇ ਪਛ ਪਛ ਕੇ ਲਹੂ ਨਿਕਾਲਤੇ ਰਹੇ ਹੈਂ। ਅਬੀ ਹਮਾਰੇ ਬਜ਼ੁਰਗ ਸਤਗੁਰਾਂ ਸਾਥ ਕੈਸੇ ਸਲੂਕ ਕੀਏ ਹੈਂ। ਮਾਸੂਮ ਬਚੇ ਸ਼ੀਰ ਖੋਰ ਬੇ ਗ਼ੁਨਾਹ ਕੈਸੀ ਬੇਤਰਸੀ ਨਾਲ ਮਾਰੇ ਹੈਂ। ਗ਼ਰੀਬ ਨਿਵਾਜ! ਇਨ ਕੇ ਜ਼ੁਲਮ ਯਾਦ ਆਤੇ ਹੈ ਤੋ ਯੇਹੀ ਮਨ ਮੇਂ ਠਟ ਜਾਤੀ ਹੈ ਕਿ ਜਹਾਂ ਤਕ ਨਾਕ ਮੇਂ ਦਮ ਹੈ; ਜੀਤ ਹਾਰ ਤੋ ਕਰਤਾਰ ਕੇ ਹਾਥ ਹੈ, ਲੜਨਾ ਹਮਾਰਾ ਕਾਮ ਹੈ।

ਬੰਦਾ: ਭਾਈਓ! ਬਾਜ਼ ਸਿੰਘ ਸੱਚ ਕਹਿਤਾ ਹੈ। ਖਾਲਸਾ ਜੀ ਕੋ ਐਸਾ ਹੀ ਚਾਹੀਏ ਕਿਉਂਕਿ ਅਕਾਲ ਪੁਰਖ ਨੇ ਸਤਗੁਰਾਂ ਨੂੰ ਜੀਵੋਂ ਕੀ ਮੁਕਤ ਮਰਨੇ ਕੋ ਸੋ ਭੇਜਾ ਹੈ, ਵੋਹ ਤੋ ਸਿੱਖ ਹੋਤੇ ਹੀ ਹਾਸਲ ਹੈਂ। ਔਰ ਦੁਨਿਆਵੀ ਮਾਮਲੇ ਕੇ ਤਹ ਕਰਨੇ ਕੋ ਤੇਗ਼ ਫੜਾਈ ਹੈ। ਪਿਆਰੇ ਭਾਈ ਸਾਹਿਬ! ਸਾਵਧਾਨ ਰਹਿਨਾ ਔਰ ਢਾਈ ਫੱਟ ਲੜਾਈ ਕੇ ਯਾਦ ਰਖਨਾ।

ਸਿੰਘ: ਗ਼ਰੀਬ ਨਿਵਾਜ਼! ਧਰਮ ਜੁੱਧ ਮੇਂ ਤੋ ਯੇਹ ਤੁਰਕ ਹਮੇਂ ਕਬੀ ਨਹੀਂ ਜੀਤੇਂਗੇ। ਲੇਕਨ ਬੇਈਮਾਨੀ ਦਗ਼ੇਬਾਜ਼ੀ ਸੇ ਜੋ ਹੋਗਾ, ਸੋ ਦੇਖਾ ਜਾਏਗਾ।

ਬੰਦਾ: ਪਿਆਰੇ ਖਾਲਸਾ ਭਾਈਓ! ਬੇਸ਼ੱਕ ਆਪ ਸੱਚ ਕਹਤੇ ਹੈਂ, ਲੇਕਨ (ਯਤੋ ਧਰਮ ਤਤੋ ਜੈ) ਧਰਮ ਜੁੱਧ ਕਰਨਾ ਤੁਮਾਰਾ ਧਰਮ ਹੈ। ਜੀਤੋਗੇ ਤੋ ਜੱਸ ਔਰ ਦੁਨਿਆਵੀ ਸੁਖ ਭੋਗੋਗੇ। ਜੂਝ ਗਏ, ਤੋ ਸ਼ਹੀਦੀ ਸੱਚਖੰਡ ਕੀ ਮਿਲੇਗੀ। ਦੋਨੋ ਹਾਥ ਮੇਂ ਤੁਮਾਰੇ ਲੱਡੂ ਹੈਂ।

ਦਰਬਾਰਾ ਸਿੰਘ: ਭਲਾ ਏਕਾ ਏਕੀ ਸਿੰਘਾਂ ਨੂੰ ਜੀਤ ਲੈਨਾ ਕੋਈ ਦਾਲ ਭਾਤ ਹੈ? ਯੇਹ ਬਡੀ ਟੇਡੀ ਖੀਰ ਖਾਨੀ ਸਾਰ ਕੇ ਚਨੇ ਚਬਨੇ ਹੈਂ।

ਬੰਦਾ: ਐ ਗੁਰੂ ਕੇ ਲਾਲ ਬਹਾਦਰੋ! ਆਜ ਸਾਵਧਾਨ ਰਹਿ ਕਰ ਰਾਤ ਭਰ ਸੌਣਾ ਨਹੀਂ। ਕਮਰ ਕੱਸੇ ਕੱਸ ਰਹੇਂ। ਕਾਠੀਆਂ ਘੋੜੋਂ ਪਰ ਚੜੀ ਰਹੇਂ। ਤੋੜੇ ਸੁਲਗਤੇ ਤੋੜਿਓਂ ਪਰ ਜੜੇ ਰਖਨਾ। ਦੁਗਾੜੇ

ਭਰੇ ਰੱਖੋ। ਮਤ ਕਹੀਂ ਗਾੜੇ ਭੰਗ ਦੇ ਭਾੜੇ ਹਾਥ ਮਾਰ ਜਾਏਂ। ਸਭ ਨੇ ਯਹੀ ਗੁਰਮਤਾ ਮਨਾ ਲੀਆ।

(ਓਧਰ ਤੁਰਕ ਆਪਸ ਮੇਂ) ਕਰੀਮ ਬਖ਼ਸ਼: ਅਜੀ ਸਾਹਿਬ! ਹਮ ਨੇ ਸੁਨਾ ਹੈ, ਮਾਰੇ ਡਰ ਕੇ ਕਾਫਰ ਤੋਂ ਕਹੀਂ ਕੇ ਕਹੀਂ ਪਹਾੜੋਂ ਝਾੜੋਂ ਮੇਂ ਜਾ ਘੁੱਸੇ ਕਿਲ੍ਹਾ ਖ਼ਾਲੀ ਪੜਾ ਹੈ।

ਕਾਜ਼ੀ: ਵਾਹ! ਕਿਉਂ ਨਾ ਐਸਾ ਹੋ? ਕਿਸ ਕੀ ਮਜਾਲ ਹੈ ਜੋ ਇਸਲਾਮ ਕੇ ਸਾਮ੍ਹਨੇ ਹੋ?

ਜਾਨੀ ਖਾਂ: ਮੀਆਂ ਕਾਜ਼ੀ! ਆਜ ਤੋ ਹੁਕਮ ਦੀਜੀਏ ਜਸ਼ਨ ਹੋ। ਹਾਂ, ਜ਼ਰਾ ਸ਼ਾਹਜ਼ਾਦੇ ਕੇ ਮੂੰਹ ਕੀ ਲੇ ਲੋ ਵਜ਼ੀਰ ਕੇ ਕਾਨੋ ਮੇਂ ਸੇ ਕਾਢ ਲੋ।

ਝੱਪਟ ਖਾਂ: ਅਰੀ ਭਠਾਰੀ ਮੈਨੇ ਪੁਖਤਾ ਹਾਲ ਸੁਨਾ ਹੈ ਅਬ ਕਾਫਰ ਨਹੀਂ ਲੜੇਂਗੇ। ਵਾਹ ਮੀਆਂ! ਫਿਰ ਜ਼ਰਦੇ ਪੁਲਾ ਉਡੇ ਜੋ ਹੋ ਸੋ ਹੋ ਕਿਆ ਜਾਨ ਮਾਂਗ ਕੇ ਲਿਆਏ ਹੈਂ ਕੋਈ ਲੜੇ ਮਰੇ? ਯਹਾਂ ਤੋ ਭਾਗਤੋਂ ਕੇ ਆਗੇ, ਲੜਤੋਂ ਕੇ ਪੀਛੇ, ਜ਼ਬਾਨ ਕੀ ਤੇਗ ਸੇ ਤੋ ਦਸ ਹਜ਼ਾਰ ਕੋ ਹਾਥ ਮਾਰੇ ਬਿਨਾਂ ਨਹੀਂ ਰਹਿਤੇ। ਲੋਹੇ ਕੀ ਠੋਕਰ ਖਾਨਾਂ ਹੀ ਠੀਕ ਹੈ।

ਗ਼ਨੀ ਖਾਂ: ਅਜੀ ਜੁਨਾਬ! ਆਪ ਸੇ ਮੇਰਾ ਇਕਫਾਕ ਹੈ ਇਸੀ ਲੀਏ ਤੀਨ ਦਿਨ ਸੇ ਸ਼ਾਹੀ ਖੈਮੇ ਕੀ ਤਰਫ ਨਹੀਂ ਗਿਆ। ਕਲ ਕਾ ਜ਼ਿਕਰ ਹੈ ਮੈਂ ਏਕ ਰੰਡੀ ਕੇ ਘਰ ਸੇ ਫਜਰੇ ਹੀ ਇਧਰ ਆ ਰਹਾ ਥਾ ਉਧਰ ਸੇ ਮਿਰਜ਼ਾ ਜ਼ਾਫਰ ਬੇਗ ਚਾਰ ਆਦਮੀਓਂ ਕੇ ਸਾਥ ਆ ਮਿਲਾ। ਕੁਛ ਬਾਤੇਂ ਕਰ ਰਹੇ ਥੇ। ਸਯਾਮਤ ਫੌਰਨ ਦੋ ਸਿੱਖ ਸੂਰਤ ਫਰੇਸ਼ਤਾ ਆ ਪਹੁੰਚੇ। ਬਿਨਾਂ ਹੀਲ ਹੁਜਤ ਮਿਰਜ਼ਾ ਜੀ ਕੋ ਤੋ ਮਏ ਅਸਖਾਸ ਲਾਠੀਓਂ ਸੇ ਪਾਸ਼ ਪਾਸ਼ ਕਰ ਡਾਲਾ। ਜਬ ਮੁਝ ਪਰ ਕਯਾਮਤ ਟੂਟੀ ਮੈਂ ਤੋ ਹਾਥ ਬਾਂਧ ਦਾਂਤੋਂ ਮੇਂ ਘਾਸ ਲੇ ਉਨ ਕੇ ਪਾਉਂ ਪਰ ਗਿਰ ਪੜਾ। ਇਸਲਾਮ ਕੀ ਮੁਜ਼ਮਤ, ਸਿੱਖੋਂ ਕੀ ਤਾਰੀਫ਼ ਯਹਾਂ ਤੱਕ ਕੀ ਕਿ ਜਿਸ ਕੋ ਸੁਨਤੇ ਹੀ ਮੁਝੇ ਛੋੜ ਗਏ, ਵਰਨਾ ਆਜ ਜਾਨ ਜਾਤੀ ਰਹੀ ਥੀ।

ਦੂਸਰਾ: ਫਿਰ ਕਿਆ ਦੀਨ ਕੇ ਪੀਛੇ ਜਾਨ ਦੇ ਡਾਲਤੇ?

ਗ਼ਨੀ ਖਾਂ: ਜਾਨ ਸੇ ਹੀ ਤੋਂ ਜਹਾਨ ਹੈ, ਕੋਈ ਜੀਤੇ ਕੋਈ ਹਾਰੇ ਹਮੇਂ ਤੋ ਸਿਰਫ਼ ਹਲਵੇ ਮੰਡੇ ਸੇ ਕਾਮ ਹੈ।

(ਏਧਰ) ਬੰਦਾ: ਪਿਆਰੇ ਭਾਈ ਖਾਲਸਾ ਜੀ! ਸਜੇ ਧਜੇ ਸਾਵਧਾਨ ਰਹਿਨਾ ਮੈਂ ਜ਼ਰਾ ਕੁ ਨੀਂਦ ਲੇ ਲੂੰ ਕਈ ਦਿਨ ਰਾਤ ਗੁਜ਼ਰੇ ਮਲੇਛੋਂ ਨੇ ਜਰਾ ਭਰ ਆਂਖ ਨਹੀਂ ਲਗਨੇ ਦੀ।

ਸਾਵਨ ਸਿੰਘ ਜਮਾਂਦਰ: ਦੇਖਨਾ ਕਹੀਂ ਕੁਛ ਖਟਕਾ ਮਾਲੂਮ ਹੋ ਤੋ ਮੁਝੇ ਜਗ੍ਹਾ ਦੇਨਾ। ਕਮਰਕਸਾ ਕਸੇ ਕਸਾਏ ਬੰਦਾ ਏਕ ਬ੍ਰਿਛ ਕੇ ਨੀਚੇ ਹੋ ਗਿਆ। ਘੋੜਾ ਜ਼ੀਂਨ ਪਾਏ ਪਾਸ ਬੰਧਾ ਹੈ। ਪਹਿਰੇ ਵਾਲੇ ਔਰ ਟਾਂਗੂ ਸਿੱਖੋਂ ਕੇ ਭਰੋਸੇ ਸਬ ਸੋ ਗਏ। ਓਧਰੋਂ ਸ਼ਾਹਜ਼ਾਦੋਂ ਕੇ ਜਾਸੂਸ ਜੋ ਸਿੰਘ ਸਜੇ ਹੋਏ ਸਿੱਖੀ ਦਲ ਮੈਂ ਫਿਰ ਰਹੇ ਥੇ ਓਨ੍ਹਾਂ ਨੇ ਫੌਰਨ ਸ਼ਰੀਫ ਖਾਂ ਹਰਾਵਲ ਕੋ ਖ਼ਬਰ ਦਿੱਤੀ ਕਿ ਆਜ ਸਭ ਸਿੱਖ ਮੀਠੀ ਗਾਹੜੀ ਨੀਂਦ ਨਿਸ਼ੰਗ ਸੋ ਰਹੇ ਹੈਂ।

ਸ਼ਰੀਫ ਖਾਂ: ਅਲਹਮਦ ਪੜ੍ਹ ਕੇ ਅਸਵਾਰ ਹੋ ਦੋ ਹਜ਼ਾਰ ਸਵਾਰ ਸਾਥ ਲੇ ਕਰ ਮਨ ਹੀ ਮਨ ਮੇਂ ਅਲਾਹ ਅਕਬਰ ਬੋਲਤੇ ਹੂਏ ਧਾਵਾ ਕਰ ਆ ਪੜੇ। ਟਾਂਗੂਓਂ ਨੇ ਅਵਾਜ਼ੇ ਦੀਂ ਪਰ ਭੰਗ ਕੇ ਨਸ਼ੇ ਮੇਂ ਕਿਸੀ ਨੇ ਸੁਨੀ, ਕਿਸੀ ਨੇ ਨਾ ਸੁਨੀ। ਤਦੋਂ ਹੀ ਪਤਾ ਲੱਗਾ ਜਦ ਸਿਰ ਪਰ ਬੈਰੀ ਆ ਖੜੇ ਹੋਏ, ਬੰਦਾ ਪਕੜਿਆ ਗਿਆ। ਬਾਕੀ ਸਿੱਖ ਕੁਛ ਲੜੇ। ਕੁਛ ਭਾਗ ਨਿੱਕਲੇ। ਬੰਦੇ ਕੋ ਦੇਖ ਕਰ ਅਮੀਰ ਬੋਲੇ, ਸ਼ੁਕਰ ਹੈ! ਜਿਸ ਤਰ੍ਹਾਂ ਖ਼ੁਦਾ ਨੇ ਬੰਦੇ ਕੋ ਫੜਾ ਦੀਆ ਹੈ ਅਬ ਇਸ ਤਰ੍ਹਾਂ ਔਰ ਸਿੱਖ ਭੀ ਪਕੜੇ ਮਾਰੇ ਜਾਏਂਗੇ। ਤਬੀ ਇਸਲਾਮ ਕੀ ਰਹਿ ਆਵੇਗੀ।

(ਪਾਸ ਤੇ) ਸਰਦਾਰ ਖ਼ਾਂ: ਅਜੀ ਗ਼ਰੀਬ ਪਰਵਰ ਸਲਾਮਤ ਅਬ ਕਿਆ ਹੈ, ਇਸੀ ਬਈਮਾਨ ਕਾ ਹਾਥ ਆਨਾ ਮੁਸ਼ਕਲ ਥਾ। ਖ਼ੁਦਾ ਕੇ ਹੁਕਮ ਸੇ ਅਬ ਹਰ ਜਗ੍ਹਾ ਇਸਲਾਮ ਕੀ ਫਤੇ ਹੀ ਫਤੇ ਹੈ। ਸਿੱਖ ਮਾਰ ਲੀਏ ਤੋ ਫਿਰ ਹਿੰਦੂ ਕਿਆ ਚੀਜ਼ ਹੈਂ। ਏਕ ਤੋ ਖ਼ੁਦਾ ਕੀ ਮਾਰ ਉਨੇ ਹੀ ਬਨ ਰਹੀ ਹੈ, ਬਹੁਤ ਸਾਰੇ ਫਿਰਕਿਓਂ ਮੇਂ ਬਟ ਕਰ ਤੇਰਹਿ ਤੀਨ ਆਪੋ ਧਾਪ ਬਨ ਰਹੇ ਹੈਂ, ਬਾਕੀ ਉਨ

ਕੀ ਬੇਇਤਫਾਕੀ ਉਨ ਕੋ ਖੁਦ ਹੀ ਮਾਰ ਲੇਗੀ। ਦੇਖੋ ਸਹੀ, ਆਨਨ ਫਾਨਨ ਮੇਂ ਹੀ ਵੇ ਤੋ ਜਹੱਨਮ ਰਸੀਦ ਹੋਂਗੇ। ਵੇ ਤੋ ਸਿਰਫ ਝਾੜ ਕੇ ਆਸਰੇ ਘਾਸ ਬਚਾ ਹੂਆ ਹੈ, ਸਿੱਖ ਮਾਰੇ ਤੋ ਵੋਹ ਬੀ ਮਾਰੇ ਸਮਝੋ।

ਫਜ਼ਲ ਖਾਂ: ਅਸੀਂ ਖੁਦਾਵੰਦ ਇਸਲਾਮ ਕੇ ਆਫਤਾਬ ਆਗੇ ਕੁਫਰ ਕੀ ਤਾਰੀਕੀ ਕਬੀ ਠਹਿਰ ਸਕਤੀ ਹੈ? ਆਪ ਯਕੀਨ ਰਖੇਂ। ਅਬ ਆਪ ਕੇ ਸਾਮ੍ਹਨੇ ਹੀ ਚੰਦ ਰੋਜ਼ ਮੇਂ ਸਾਰੇ ਹਿੰਦੂ ਮੋਮਨ ਬਨ ਜਾਏਂਗੇ। ਸਾਰੀ ਦੁਨੀਆਂ ਪਰ ਈਮਾਨ ਕਾ ਜਲਵਾ ਹੋਗਾ, ਕੁਫਾਰ ਦਾਖਲੇ ਜਹੱਨਮ। ਪੈਗੰਬਰੇ ਆਖ਼ਰੁਲ ਜਮਾਂ ਸਲਲਹ ਅਲੈ ਹੁਸਲਮ ਕਾ ਦੀਨ ਤਮਾਮ ਰੂਏ ਜ਼ਮੀਨ ਪਰ ਫੈਲ ਜਾਏਗਾ। (ਅਮੀਰ ਆਂਮੀ ਆਂਮੀ ਆਂਮੀ)

ਕਾਜ਼ੀ—ਮੇਰੀ ਰਾਇ ਹੈ ਇਸ ਤਰ੍ਹਾਂ ਕੀ ਗੁਫਤਗੂ ਕੇ ਪੇਸ਼ਤਰ ਬੰਦੇ ਕਾਫਰ ਕੇ ਗ੍ਰਿਫਤਾਰ ਹੋਨੇ ਕੀ ਖ਼ੁਸ਼ੀ ਪਰ ਖ਼ੁਦਾ ਕਾ ਸ਼ੁਕਰੀਆ ਅਦਾ ਕਰੋ। ਮਏ ਸਰਦਾਰਾਨ ਸਪਾਹ ਕੇ ਲੀਏ ਖਾਨਾਂ ਨਫ਼ੀਸ ਉਮਦਾ ਉਮਦਾ ਖੁਲਾ ਕਰ ਅਨਾਮ ਕੇ ਉਮੈਦਵਾਰ ਕਰ ਕਰ ਹੌਸਲੇ ਬਢਾਨੇ ਚਾਹੀਏ। ਸਬ ਏਕ ਜ਼ਬਾਨ 'ਬੇਸ਼ੱਕ! ਬੇਸ਼ੱਕ!' ਕਾਜ਼ੀ ਉਨ ਕੇ ਸਬ ਕੇ ਆਗੇ ਘੁਟਨੋ ਕੇ ਬਲ ਝੁਕਿਆ ਤੇ ਪੀਛੇ ਅਮੀਰ ਸਮੇਤ ਸਬ ਝੁਕ ਪੜੇ।

(ਕਾਜ਼ੀ) ਹਾਥ ਉਠਾ ਕੇ ਕਾਫਰੋਂ ਪਰ ਮੁਸਲਮਾਨ ਕੋ ਫਤੇਯਾਬ ਬਨਾਯਾ, ਸਭ ਏਕ ਸੰਗ ਬੋਲੇ ਅਲਹੱਮਦ ਲਿੱਲਾ ਅਲਹੱਮਦ ਲਿੱਲਾ।

## ੫੪. ਜ਼ਿਕਰ ਮੁਸਲਮਾਨੋਂ ਕੀ ਖ਼ੁਸ਼ੀ ਕਾ

(ਕਾਜ਼ੀ) ਸਦਕੇ ਮੈਂ ਨਬੀ ਸੈਯਦੇ ਮਕੇ ਮੁਦੀਨੀ ਕੇ ਇਤਫਾਲੇ ਅਲੀ ਕੇ ਅਸਹਾਬ ਕੇ ਲਸ਼ਕਰ ਮੇਰਾ ਦੁਸ਼ਮਨੋ ਸੇ ਬਚਾਯਾ।

ਸਬ: ਅਲਹੱਮਦ ਲਿੱਲਾ।

(ਕਾਜ਼ੀ) ਕੀ ਮੇਹਰ ਬਡੀ ਤੂ ਨੇ ਬਸ ਮੇਰੇ ਖੁਦਾਯਾ।

ਸਬ: ਅਲਹੱਮਦ ਲਿੱਲਾ।

ਕਾਜ਼ੀ: ਖ਼ਾਲੀ ਕੀਆ ਏਕ ਆਨ ਮੇਂ ਦੈਰੋਂ ਕੋ ਸਨਮ ਸੇ ਸ਼ਮਸ਼ੇਰ ਦਿਖਾ ਕੇ, ਬੁਤਖਾਨਾ ਗਿਰਾ ਕਰ ਹਰਮ ਤੂਨੇ ਬਨਾਯਾ।

ਸਬ: ਅਲਹਮਦ ਲਿੱਲਾ।

ਕਾਜ਼ੀ: ਇਸ ਹਿੰਦ ਸੇ ਸਬ ਦੂਰ ਹੁਈ ਕੁਫਰ ਕੀ ਜ਼ੁਲਮਤ ਕੀਈ ਤੁਮਨੇ ਰਹਿਮਤ ਨਕਾਰਏ ਹਰੇਕ ਸਿਮਤ ਬਜਾਯਾ।

ਸਬ: ਅਲਹਮਦ ਲਿਲਾਹ

ਕਾਜ਼ੀ: ਗਿਰ ਕਰ ਨਾ ਉੱਠੇ ਕਾਫਿਰੇ ਬਦਕਾਰ ਜ਼ਿਮੀ ਸੇ ਐਸੇ ਹੁਏ ਗਾਰਤ ਮੇਰੇ ਮਹਿਬੂਬ ਖੁਦਾਯਾ।

ਸਬ: ਅਲਹਮਦ ਲਿਲਾਹ।

ਇਧਰ ਬਾਜ਼ ਸਿੰਘ ਦਰਬਾਰਾ ਸਿੰਘ ਜੁਝਾਰ ਸਿੰਘ ਆਦਕੋਂ ਨੇ ਸਬ ਸਿੰਘੋਂ ਕੋ ਜਮ੍ਹਾ ਕਰ ਗੁਰਮਤਾ ਕੀਤਾ ਕਿ ਬਾਬੇ ਬੰਦੇ ਕਾ ਪਿੰਜਰਾ ਦਿਲੀ ਪਹੁੰਚਨਾ ਨਾ ਪਾਵੇ ਜਿਸ ਤਰ੍ਹਾਂ ਹੋ ਸਕੇ ਛੁਡਾਓ।

ਚਲੋ ਦੇਰ ਮਤ ਕਰੋ ਉਠੋ ਬਿਜੈ ਝੰਡਾ ਝੁਲਾਓ।
ਲੇਹ ਮਯਾਨ ਸੇ ਖੈਂਚ ਖੰਡੇ ਰਣ ਰੰਗ ਮਚਾਓ।
ਕਮਰੇਂ ਕਸ ਕਰ ਉਠੋ ਧਨਖ ਮੁਖਸਰ ਧਰ ਸਾਧੋ।
ਸਜੋ ਕੇਸਰੀ ਬਸਤ੍ਰ ਕਰ ਕੰਗਨੇ ਬਾਧੋ।
ਤੁਮ ਆਗੇ ਇਹ ਕੌਨ ਨੀਚ ਹੈਂ ਯਵਨ ਬਿਚਾਰੇ।
ਸਿੰਘ ਜਗੇ ਕਹੂੰ ਸ੍ਵਾਨ ਠਹਿਰ ਹੈ ਸਮਰ ਮਝਾਰੇ।
ਪਗ ਤਲ ਇਨ ਕੋ ਦਲੋ ਕੋਟ ਤ੍ਰਿਨਸ੍ਰਯਯਵਨ ਦਲ।
ਤਨਕ ਸ਼ੰਕ ਨਾ ਕਰੋ ਧਰਮ ਜਿਤਣ ਤਿਤ ਜੈਯ ਭਲ।

ਧਰਮ ਰੱਖਿਆ ਹੇਤ ਪੰਥ ਇਹ ਸਤਗੁਰ ਕੀਓ।
ਗੋ ਗ਼ਰੀਬ ਦਿਜ ਸੰਤ ਹਿੰਦ ਪਾਲਕ ਤੁਮ ਥੀਓ।
ਸਿੰਘ ਨਾਮ ਕੀ ਲਾਜ ਆਜ ਤੁਮ ਪਾਲਹੁ ਬੀਰੋ।
ਯਵਨ ਬੰਦ ਕੋ ਧ੍ਵੰਸ ਕਰੋ ਬਿਨ ਦੇਰਹਿੰ ਚੀਰੋ।
ਇਨ ਦੁਸ਼ਟੋਂ ਕੇ ਪਾਪ ਆਪ ਕੋ ਪ੍ਰੇਰ ਲਿਆਏ।
ਧ੍ਰਿਗ ਤਿਸ ਕੋ ਜੋ ਸਿੰਘ ਹੋਏ ਨਹਿ ਤੁਰਕਹਿੰ ਘਾਏ।
ਅਹੋ ਬੀਰ ਧਰ ਧੀਰ ਖੈਂਚ ਸ਼ਮਸ਼ੇਰੈਂ ਧਾਵੋ।
ਧਰ ਅਕਾਲ ਕਾ ਧਿਆਨ ਮੁਗਲ ਪਠਾਨ ਹਿੰਘਾਵੋ।
ਜਿਸ ਨਿਰਦੱਯਨ ਪਿਖੋ ਗੁਰੂ ਕੇ ਬਾਲਕ ਮਾਰੇ।
ਕਸਮ ਕੁਰਾਨੈਂ ਖਾਇ ਫੇਰ ਛਲ ਕੀਨੇ ਭਾਰੇ।
ਧ੍ਰਿਗ ਹੈ ਇਨਕਾ ਦੀਨ ਮਾਤ ਪਿਤ ਧ੍ਰਿਗ ਆਚਾਰਜ।
ਦਗਾ ਦਰੋਗ ਸਿਖਾਇ ਕਰੇ ਈਮਾਨੋਂ ਖਾਰਜ।
ਧਰਮ ਹੀਨ ਕਾ ਦੀਨ ਖੀਨ ਸੁਖ ਕਰ ਹੈ ਦੋਊ।
ਮਾਰ ਯਵਨ ਕੁਲ ਭਲੇ ਹਿੰਦ ਪਾਲਕ ਤੁਮ ਹੋਊ।
ਜੁਝੈ ਪੈ ਹੋ ਮੁਕਤਿ ਜੀਤ ਲੈਹੋ ਧਰ ਰਾਜੂ।
ਸਨਮੁਖ ਦੁਸ਼ਟੈ ਮਾਰ ਮਾਰ ਕਰਤ ਕਿਨ ਅਪਨਾ ਕਾਜੂ।
ਚਮਕੈ ਦਮਕੈ ਤੇਗ ਠਨਕ ਸ਼ਸਤ੍ਰ ਬਖਤਰ।
ਛੋਡੋ ਤੀਰ ਤੁਫੰਗ ਹਤੋ ਰਣ ਮਹਿ ਆਰਣ ਚੱਲ ਕਰ।
ਇਹ ਸੁਨ ਸਿੰਘਨ ਸਬਨ ਕਰੀ ਪ੍ਰਤਗਯਾ ਐਸੀ।
ਕਯੋਂਨ ਸਿੰਘ ਬਨ ਲੜੈਂ ਸਯਾਰ ਗਨ ਤੁਰਕੁ ਵੈਸੀ।
ਦਿਲੀ ਕਾਬਲ ਪਤੀਸਾਹ ਚੜ ਕੈ ਕਿਨ ਆਵੈ।
ਹਮ ਨਾਹਿ ਡਰ ਹੈਂ ਕਬੀ ਪਕੜ ਖੰਡੇ ਅਰਿ ਘਾਵੈ।
ਗੁਰੂ ਹਮਾਰੇ ਪੀਠ ਠੋਕ ਸਿੰਘਨ ਪ੍ਰਤਿ ਭਾਖਯੋ।
ਸਵਾ ਲਾਖ ਸੈ ਏਕ ਲੜਾਊਂ ਨਿਸਚਾ ਰਾਖਯੋ।
ਬੁਜੋ ਮਾਰ ਹੈ ਸ਼ੇਰ ਚਿੜੀ ਤੈ ਬਾਜ਼ ਤੜਾਊਂ।
ਤਬ ਹੀ ਨਾਮ ਗੋਬਿੰਦ ਸਿੰਘ ਜਗ ਮੈਂ ਬਿਦਤਾਊਂ।
ਟਰੈ ਮੇਰੁ ਧਰ ਧ੍ਰੂਵ ਸਸੀ ਸੂਰਜ ਮਰਜਾਦੈ।
ਬਚਨ ਗੁਰੂ ਕਾ ਟਰੈ ਨਾਹਿ ਰਾਖਹੁ ਦਿੜ ਯਾਦੈ।
ਇਹ ਬਿਧਿ ਕਰ ਗੁਰਮਤਾ ਕਤਾ ਲੜਨੇ ਸਾਜੀ।
ਸੋਧ ਅਰਦਾਸੇ ਚੜੇ ਬੀਰ ਹਿਨਨਾਏ ਤਾਜੀ।
ਦੁਹਿਰੀ ਚੋਬਾਂ ਲਗੀ ਨਗਾਰੇ ਧੌਸਨ ਪਰ ਹੈ।
ਸਿੰਘਨ ਤੁਰੰਗਨ ਤਈ ਬੀਰ ਰਸ ਚੜਯੋ ਅਡਰ ਹੈ।
ਉਤ ਦਿਸ ਤੁਰਕਨ ਜਸ਼ਨ ਖ਼ੁਸ਼ੀ ਕਾ ਥਾ ਬਡ ਕੀਆ।
ਬੈਠੇ ਸਭਾ ਲਗਾਇ ਚਾਇ ਭਰ ਮਦਰਾ ਪੀਆ।
ਕਰਤ ਕੰਚਨੀ ਨਾਚ ਗਾਇ ਕਰ ਸਬਨ ਰਿਝਾਵਤ।
ਸਾਕੀ ਪਯਾਲਾ ਬਾਰ ਬਾਰ ਭਰ ਸਬ ਨੂੰ ਪਿਆਵਤ।
ਰਹੇ ਨਸ਼ੇ ਮੈਂ ਝੂੰਮ ਧੂੰਮ ਹੁਕੇ ਕਾ ਘੂਟਤ।
ਫੇਰੀ ਲੈ ਲੈ ਕੰਚਨੀ ਦੌਲਤ ਲੂਟਤ।
ਸਭਾ ਵੀਚ ਅਮੀਰ ਜਿਤਕ ਥੇ ਬੈਠੇ ਸੋਹਿਤ।
ਆਜ ਏਹ ਦਰਬਾਰ ਖ਼ੁਸ਼ੀ ਕਾ ਰਹੇ ਮੁਬਾਰਕ।

ਸ਼ਹਿਨ ਸ਼ਾਹਿ ਇਸਲਾਮ ਰਹੇ ਸਦ ਮੁਲਕਹਿ ਪਾਰਕ।
ਦੀਨੀ ਦੁਸ਼ਮਨ ਫੜਿਓ ਤੁਮੈ ਇਹੁ ਬੰਦਾ ਪਾਪੀ।
ਡੰਕਾ ਜਸ ਕਾ ਬਜਯੋ ਤੁਮਾਰਾ ਜਗ ਮੈਂ ਆਪੀ।

ਦੋਹਿਰਾ: ਖ਼ੁਸ਼ੀ ਹੋਇ ਸ਼ਾਰੀਫ ਖਾਂ ਗੂੰਠੀ ਦਈ ਉਤਾਰ।
ਕਹਯੋ ਮੁਬਾਰਕ ਇਹ ਤੁਮੈ ਹੋਵੇ ਭਲ ਪ੍ਰਕਾਰ।

ਕਬਿੱਤ: ਤਾਹੀਂ ਛਿਨ ਖਾਲਸਾ ਨਿਰਾਲਸਾ ਹ੍ਵੈ ਆਇ ਪੁਜਿਓ
ਸੁਝਿਓ ਨਾਹਿ ਤੁਰਕੈਂ ਤਬ ਕਿਛੁ ਕਾ ਵਿਚਾਰਿਓ।
ਸੁਨ ਕੈ ਅਵਾਜ਼ ਸੀਂਹ ਵਾਜ ਖਾਨ ਫੌਜਦਾਰ
ਚੌਕ ਉਠਿਓ ਸੀਘ੍ਰ ਪੈ ਜਾਨ ਲੈ ਪਧਾਰਿਓ।
ਸ਼ੇਰੈਂ ਸਮ ਕੂਦ ਪਰੇ ਸਿੰਘ ਸ਼ਮਸ਼ੇਰੈਂ ਖਿੱਚ
ਹਾਇ ਹਾਇ! ਤੋਬਾ ਤੋਬਾ! ਤੁਰਕਨ ਉਚਾਰਿਓ।
ਉਡ ਗਏ ਹਵਾਸ ਤ੍ਰਾਸ ਖਾਇ ਗਿਰੇ ਭੂਮਿ ਕੋਊ
ਭਾਗਿਓ ਨ ਜਾਤ ਝੂੰਮ ਝੂੰਮ ਹੋਂ ਸਹਾਰਿਓ।

## ੫੫. ਸਿੰਘਾਂ ਨੇ ਜੰਗ ਜਿੱਤਣਾ

ਤਾਂਹੀ ਛਿਨ ਗਿਨ ਗਿਨ ਸਿੰਘਨ ਚਲਾਈ ਤੇਗ਼
ਬੇਗ ਹੀ ਪਛਾੜ ਸੁਟੇ ਛਤ੍ਰ ਕਦੀਮ ਕੇ।
ਨਸ਼ੇ ਨੇ ਬਿਗਾੜੀ ਬਾਜੀ ਭਾਗ ਚਾਲੇ ਗਾਜੀ ਕਾਜੀ
ਸਾਜੀ ਨਾ ਲੜਾਈ ਤਾਜੀ ਹਾਜੀ ਗਿਰੇ ਬੀਮ ਕੇ।
ਗਯੋ ਜੋ ਬਿਚਲ ਦਲ ਲਾਗੀ ਨਾਹਿ ਏਕ ਪਲ
ਸਿੰਘਨ ਲਗਾਇ ਬਲ ਪਾਰ ਕਰੇ ਸੀਮ ਕੇ।
ਜਬ ਹੀ ਸਰਦਾਰ ਭਾਗੇ ਔਰੈਂ ਸਭ ਪੀਛੇ ਲਾਗੇ
ਦਾਗੇ ਨਾਹਿ ਰਾਮ ਜੰਗੇ ਨਾਮ ਲੈ ਕਰੀਮ ਕੇ।
ਸਿੰਘੋਂ ਨੇ ਛੈ ਸਾਤ ਕੋਸ ਪੀਛਾਲੀਓ ਸਾਥ ਜੋਸ਼
ਆਏ ਮੁੜ ਠੌਹ ਓਸ ਬੰਦੇ ਕੋ ਸੰਭਾਰਿਓ।
ਕਾਟ ਬੇੜੀ ਪਿੰਜਰਾ ਤਬਕ ਹਾਥ ਕੜੀ ਛੜੀ
ਗੜੀ ਮੈਂ ਲਿਆਏ ਪਾਏ ਆਨੰਦ ਅਪਾਰਿਓ।
ਤੁਰਕਨ ਕੀ ਹੋਈ ਹਾਰ ਸਿੰਘਨ ਕੋ ਜੈ ਜੈ ਕਾਰ
ਜਹਾਂ ਤਹਾਂ ਫੈਲੀ ਸਾਰ ਏਹੈ ਬਿਨ ਬਾਰਿਓ।
ਸਾਰ ਯਾਹਿ ਪਾਇ ਸ਼ਾਹਿ ਝੂਰਯੋ ਮਨ ਮਾਹਿ ਬਹੁ
ਫੇਰ ਹੋਰ ਫੌਜ ਭੇਜੀ ਜੰਗ ਜੈਤਵਾਰਿਓ।

## ੫੬. ਛੇਕੜਲਾ ਲੋਹਗੜ੍ਹ ਦਾ ਜੰਗ

ਹੁਣ ਫਰੁਖਸੀਯਰ ਬਾਦਸ਼ਾਹ ਨੇ ਸਿੱਖਾਂ ਦਾ ਹਾਲ ਸੁਣ ਕੇ ਮੁਹੰਮਦ ਅਮੀਨ ਖਾਂ ਫੌਜਦਾਰ ਗੁਜਰਾਤੀ ਅਤੇ ਜ਼ਬਰਦਸਤ ਖਾਂ ਸੂਬੇਦਾਰ ਕਸ਼ਮੀਰ, ਅਬਦਲ ਸਮੁੰਦ ਖਾਂ ਨਾਜ਼ਮ ਲਾਹੌਰ, ਮੋਮਨ ਖਾਂ ਤੇ ਸਫਦਰ ਜੰਗ ਵਗ਼ੈਰਾ ਫੌਜਦਾਰਾਂ ਨੂੰ ਹੁਕਮ ਦਿੱਤਾ ਕਿ ਤੁਸੀਂ ਅਪਣੀ ਅਪਣੀ ਫੌਜ ਲੈ ਜਾ ਕਰ ਏਨ੍ਹਾਂ ਕਾਫਰਾਂ ਸਿੰਘਾਂ ਨੂੰ ਮੁਕਾ ਛੱਡੋ ਤੇ ਬੰਦੇ ਨੂੰ ਫੜ ਕੇ ਮੇਰੇ ਪੇਸ਼ ਕਰੋ। ਏਹ ਹੁਕਮ ਦੇ ਕੇ ਦੂਜਾ ਹੋਰ ਸਿੱਖਾਂ ਦੇ ਹੌਸਲੇ ਤੋੜਨ ਲਈ ਐਸਾ ਛਲ ਕੀਤਾ, ਕਿ ਇੱਕ ਵਾਰ ਨਵੀਸਾਂ ਤੋਂ ਏਹ ਮਸ਼ਹੂਰ ਕਰਾ ਦਿੱਤਾ ਕਿ ਬੰਦਾ ਕੁਲੂ ਵਿੱਚ ਕੈਦ ਹੋ ਕੇ ਮਰ ਮੁੱਕਿਆ। ਏਹ ਸ਼ਾਹੀ ਫੌਜਾਂ ਦੇ ਮੁਕਾਬਲੇ ਕਰਨੇ ਓਸੇ ਦੀ ਬਰਕਤ ਸੀ। ਹੁਣ ਵਿਚਾਰੇ ਸਿੱਖ ਖੁਦ ਹੀ ਮਾਰੇ ਫਰਾਰੇ ਜਾਣਗੇ। ਸ਼ਾਹੀ ਫੌਜ ਚਿੜੀਆਂ ਵਾਂਗ ਸਿੱਖਾਂ ਨੂੰ ਬਿਨਾਂ ਭੁੰਨੇ ਖਾ ਜਾਵੇਗੀ। ਹੁਣ ਜਿਸ ਮੋਮਨ ਨੂੰ ਬਹਿਸ਼ਤੀ

ਯਾ ਦੁਨੀਆਵੀ ਸੁਜਸ ਸੁਖ ਲੈਣਾ ਹੈ, ਓਹ ਸ਼ਾਹੀ ਲਸ਼ਕਰ ਸਾਥ ਮਿਲ ਕੇ ਖੇਤੀ ਦੇ ਨਦੀਣ ਵਾਂਗੂ ਚੁਣ ਚੁਣ ਕੇ ਕਾਫਰ ਸਿੱਖਾਂ ਨੂੰ ਮੁਕਾ ਛਡੇ। ਏਸ ਇੱਕ ਵਾਰ ਦੇ ਰਾਮ ਰੌਲੇ ਨੂੰ ਸੁਣ ਸੁਣ ਬੇਸ਼ੁਮਾਰ ਮੁਸਲਮਾਨ ਢੋਲ ਬਜਵਾਉਂਦੇ ਆਪਣੇ ਆਪਣੇ ਘਰਾਂ ਤੋਂ ਖ਼ਰਚੇ ਸ਼ਸਤਰ ਲੈ ਕੇ ਟੋਲਯਾਂ ਦੇ ਟੋਲੇ ਭਾਦਰੋਂ ਦੇ ਬੱਦਲਾਂ ਵਾਂਗੂੰ ਅਕਬਰ ਅਲੀ ਦੀ ਗੜਗੱਜ ਪਾਉਂਦੇ ਹੋਏ ਕਿਲ੍ਹੇ ਲੋਹਗੜ੍ਹ ਵੰਨੀ ਉਮਡ ਆਏ। ਏਹਨਾਂ ਟੋਲੀਆਂ ਨੂੰ ਦੇਖ ਦੇਖ ਤੇ ਬੰਦੇ ਦਾ ਮਰਨਾ ਸੁਣ ਕੇ ਪਹਿਲੇ ਤਾਂ ਗਸ਼ਤੀ ਜਥੇ ਸਿੰਘਾਂ ਦੇ ਘਬਰਾ ਕੇ ਠਠੰਬਰ ਗਏ। ਪਰ ਫੇਰ ਜਦ ਨਿਰਨੇ ਕਰ ਕੇ ਸਿੰਘੀ ਦਲ ਵਿੱਚ ਬੰਦੇ ਦਾ ਕਾਇਮ ਹੋਣਾ ਦੇਖ ਸੁਣ ਲੀਤਾ ਤਾਂ ਸ਼ੇਰਾਂ ਵਾਂਗੂੰ ਗਜ ਉੱਠੇ। ਜਥੇ ਬੰਨ੍ਹ ਕੇ ਰਸਤੇ ਦੇ ਮੁਹੰਮਦੀ ਟੋਲਿਆਂ ਤੇ ਪਿੰਡਾਂ ਨੂੰ ਲੁੱਟ ਖਸੋਟ ਕਰਦੇ ਹੋਏ ਲੋਹਗੜ੍ਹ ਵਿੱਚ ਪਹੁੰਚਣ ਲਗ ਪਏ। ਬਲਕਿ ਸਿੰਘਾਂ ਦੇ ਹੌਸਲੇ ਵਧਾਉਣੇ ਤੇ ਤੁਰਕਾਂ ਦੇ ਘਟਾਉਣੇ ਵਾਸਤੇ ਬੰਦੇ ਬਹਾਦਰ ਨੇ ਇੱਕ ਦਿਨ ਬੋਲ ਦਿੱਤਾ, ਸਿੰਘਾਂ ਦਾ ਹੱਲਾ, ਅੱਲਾ ਦਾ ਕਹਿਰ ਕੌਣ ਰੋਕੇ? 'ਆਯਾ ਬੰਦਾ' 'ਆਯਾ ਬੰਦਾ' ਕਈ ਹਜ਼ਾਰ ਸਿੰਘ ਤੁਰਕਾਨੀ ਦਲ ਵਿੱਚ ਜਾ ਧਸਿਆ। ਬੰਦੇ ਦਾ ਨਾਮ ਸੁਣ ਕੇ ਥਰਥੱਲਾ ਮਚ ਗਿਆ। ਅਚਨਚੇਤ ਪੈਣੇ ਕਰ ਮੁਹੰਮਦੀਆਂ ਨੂੰ ਭਾਂਜ ਪੈ ਗਈ।

ਭਾਵੇਂ ਲੋਹਗੜ੍ਹ ਵਾਲੇ ਸਿੰਘਾਂ ਨੇ ਸ਼ਾਹੀ ਤੇ ਮੁਲਕੀ ਮੁਹੰਮਦੀ ਫੌਜ ਨੂੰ ਸ਼ਿਕਸਤ ਦੇ ਦਿੱਤੀ ਸੀ, ਪਰ ਸ਼ਾਹੀ ਹੁਕਮ ਨਾਲ ਤਦੋਂ ਨੂੰ ਵਜ਼ੀਰ ਖਾਂ ਜੰਮੂ ਦਾ ਸੂਬਾ ਚਾਰ ਕੁ ਹਜ਼ਾਰ ਫੌਜ ਲੈ ਕੇ ਪਹਿਲੇ ਓਹਨਾਂ ਸਿੰਘਾਂ ਦੇ ਪਿਛੇ ਆ ਲਗਾ ਜੋ ਦੁਆਬੇ ਵਿੱਚ ਚਪੌਲ ਖੇਡ ਰਹੇ ਸੇ।

## ੫੭. ਜੰਗ ਢਕੋ ਤੇ ਬਸੀਆਂ ਦਾ

ਪਿਛਲੇ ਸਾਲ ਲੋਹਗੜ੍ਹ ਦੇ ਸੰਗ੍ਰਾਮ ਵਿੱਚ ਰੁਝੇ ਹੋਏ ਦੇਖ ਕੇ ਕਸ਼ਮੀਰ ਦੇ ਸੂਬੇ ਵਜ਼ੀਰ ਖਾਂ ਨੇ ਬਹੁਤ ਸਿੰਘ ਦੁਆਬੇ ਵਿੱਚੋਂ ਫੜ ਫੜ ਭਾਰੀ ਬੇਤਰਸੀ ਨਾਲ ਮਾਰੇ ਸਨ। ਓਹੋ ਗਚ ਕੱਢਣ ਵਾਸਤੇ ਸਿੰਘਾਂ ਨੇ ਇੱਕ ਮੁਠ ਹੋ ਕੇ ਬੰਗਯਾ ਪਾਸ ਵਜ਼ੀਰ ਖਾਂ ਨੂੰ ਜਾ ਭਿਆਨਕ ਮੂੰਹ ਦਿਖਾਏ। ਓਥੋਂ ਏਧਰ ਓਧਰ ਜੰਗ ਕਰਨ ਦੇ ਯੋਗ ਜਗ੍ਹਾ ਤਕਦੇ ਤਕਾਂਦੇ ਦੋਵੇਂ ਦਲ ਅਗੋਂ ਪਿੱਛੀ ਫਿਰਦੇ ਹੋਏ ਦੇਸ ਨੂੰ ਵਸ਼ੇਸ਼ ਲੁੱਟ ਖਸੋਟ ਉਜਾੜ ਰਹੇ ਸਨ। ਓੜਕ ਸਿੰਘਾਂ ਨੇ ਆਪਣੇ ਦੇਸ ਭਾਈ ਜ਼ਿਮੀਂਦਾਰਾਂ ਨੂੰ ਅਤਿਅੰਤ ਕਸ਼ਟ ਤੇ ਹਰਜਾ ਪਹੁੰਚਦਾ ਵੇਖ ਕੇ ਫਰਾਲ੍ਹੇ ਪਿੰਡ ਦੇ ਪਰਗਣੇ ਢੱਕੇ ਵਿੱਚ ਮੁਠਭੇੜ ਕਰ ਦਿੱਤੀ। ਪੈਰ ਗਡਵੀਂ ਦੋਹਾਂ ਵੱਲੋਂ ਤਕੜੀ ਲੜਾਈ ਹੋਈ। ਕਦੇ ਸਿੰਘ ਤੁਰਕਾਂ ਨੂੰ ਧਕੇਲ ਦਿੰਦੇ ਸਨ, ਕਦੇ ਤੁਰਕ ਸਿੰਘਾਂ ਨੂੰ ਪੇਲਦੇ ਸਨ। ਇੱਕੋ ਇੱਕ ਨਾ ਹੋਣੇ ਕਰ ਲੜਦੇ ਭਿੜਦੇ ਆਪੋ ਆਪਣਾ ਬਚਾਉ ਵੇਖਦੇ ਹੋਏ ਓੜਕ ਹੁਸ਼ਿਆਰਪੁਰ ਦੇ ਪਰਗਣੋਂ ਪਠਾਣਾਂ ਦੀਆਂ ਬਸਤੀਆਂ ਪਿੰਡਾਂ ਪਾਸ ਸ਼ਾਹੀ ਫੌਜ ਪੈਰ ਗਡ ਖੜੋਤੀ। ਨਾਲੇ ਓਨ੍ਹਾਂ ਦੇ ਹੋਰ ਸਾਥੀ ਮੁਸਲਮਾਨ ਬਹੁਤ 'ਕੱਠੇ ਹੋਣੇ ਕਰ ਇੱਕ ਵੱਡਾ ਭਾਰੀ ਲਸ਼ਕਰ ਹੋ ਗਿਆ। ਹਿੰਦੂ ਵਿਚਾਰੇ ਸਾਇਣੀ, ਕੰਬੋ ਗ਼ਰੀਬ ਕੌਮਾਂ ਦੁਆਬੀਏ ਮਕੀ ਦਾ ਦਲੀਆ ਖਾਣੇ; ਜੋ ਪਹਿਲੇ ਹੀ ਮੁਸਲਮਾਨਾਂ ਨੂੰ ਹਊਆ ਸਮਝ ਕੇ ਥਰ ਥਰ ਪਏ ਕੰਬਦੇ ਸੇ, ਓਨ੍ਹਾਂ ਦਾ ਸਿੰਘਾਂ ਨਾਲ ਮਿਲ ਕੇ ਜੰਗ ਕਰਨਾ ਤਾਂ ਕਿਧਰੇ ਰਿਹਾ ਦਾਣੇ ਘਾਸ ਰਸਤ ਵਗੈਰਾ ਦਾਰੂ ਸਿਕੇ ਦੀ ਸਹਾਇਤਾ ਬੀ ਨਹੀਂ ਕਰ ਸਕਦੇ ਸਨ। ਪਰ ਸਿੰਘਾਂ ਨੂੰ ਅਕਾਲ ਪੁਰਖ ਨੇ ਓਹੋ ਜੇਹੀ ਅਕਲ ਬੇ ਹਿੰਮਤੀ ਨਹੀਂ ਬਖ਼ਸ਼ੀ, ਜੋ ਦੂਸਰੇ ਦੇ ਹੱਥ ਵੰਨੀ ਵੇਖਣ। ਆਪ ਹੀ ਉੱਦਮ ਕਰ ਕੇ ਚੰਗਾ ਨਿਰਬਾਹ ਕਰੀ ਜਾਂਦੇ ਸਨ।

## ੫੮. ਜੰਗ ਦੁਆਬਾ

ਓੜਕ ਸ਼ੰਮਸ ਖਾਂ ਬਿਜਵਾੜੇ ਦਾ ਫੌਜਦਾਰ ਬਹੁਤ ਸਾਰੀ ਮੁਸਲਮਾਨੀ ਸੈਨਾ ਕਠੀ ਕਰ ਢੋਲ ਵਜਾਂਦੇ ਗਾਨੇ ਬੰਨ੍ਹ ਕੇ ਮਹਿੰਦੀ ਲਾਈ ਹੋਈ ਝੰਡੀਆਂ ਨੀਲੀਆਂ ਫੜੇ ਹੋਏ ਨੀਲੇ ਬਾਣੇਂ ਮੇਘਾਂ ਦੀ ਤਰ੍ਹਾਂ ਗਰੜਾਹਟ ਅਲਾਹ ਅਕਬਰ ਦਾ ਪਾਉਂਦੇ ਪਾਉਂਦੇ ਆ ਪਹੁੰਚੇ। ਇਸ ਕਰ ਕੇ ਓਨ੍ਹਾਂ ਦੀ ਸ਼ਹਿ ਨਾਲ ਸ਼ਾਹੀ ਸੈਨਾ ਸੌ ਗੁਣੀ ਹੌਸਲੇ ਵਿੱਚ ਹੋ ਗਈ। ਏਹ ਖ਼ਬਰ ਜਦ ਬੰਦੇ ਨੂੰ ਪੁਜੀ ਤਾਂ ਫੌਰਨ ਪਹਾੜਾਂ ਵਿੱਚੋਂ ਨਿੱਕਲ ਕੇ ਖਾਲਸਈ ਦਲ ਵਿੱਚ ਆ ਗਿਆ, ਜਿਸ ਤੋਂ ਸਿੰਘਾਂ ਦੇ ਹੌਸਲੇ ਬਹੁਤ ਵਧ ਗਏ।

## ੫੯. ਵਜ਼ੀਰ ਖਾਂ ਦਾ ਮਾਰੇ ਜਾਣਾ

ਭਾਵੇਂ ਸਿੰਘ ਜਾਨਾਂ ਤੋੜ ਕੇ ਲੜ ਰਹੇ ਸਨ ਪਰ ਜਹਾਨੀ ਮੁਸਲਮਾਨੀ ਦਲ ਅੱਗੇ ਤਾਂ ਸਿੰਘ ਆਟੇ ਵਿੱਚ ਲੂਣ ਹੀ ਸਨ। ਪਰ ਬੰਦੇ ਦੇ ਆਉਣੇ ਤੇ ਇੱਕ ਇੱਕ ਵਿੱਚ ਦਸ ਦਸ ਦਾ ਬਲ ਹੋ ਗਿਆ। ਐਸੇ ਜਾਨਾਂ ਤੋੜ ਕੇ ਲੜੇ ਬੇ ਸ਼ੁਮਾਰ ਖ਼ੂਨ ਕਰ ਕਢੇ, ਧਰਤੀ ਨੇ ਸੂਹੀ ਪੁਸ਼ਾਕ ਪਹਿਨ ਲਈ। ਦੋਹਾਂ ਦਲਾਂ ਨੇ ਦੇਸ ਵੈਰਾਨ ਕਰ ਸੁਟਿਆ। ਇੱਕ ਦਿਨ ਜੰਗ ਹੁੰਦੇ ਵਿੱਚ ਵਜ਼ੀਰ ਖਾਂ ਫੌਜਦਾਰ ਦਿਨ ਢਲੇ ਦੀ ਨਿਮਾਜ਼ ਪੜ੍ਹ ਕੇ ਵਜ਼ੀਫਾ ਕਰ ਰਿਹਾ ਸੀ, ਅਰਥਾਤ ਦੋਵੇਂ ਹੱਥ ਪਸਾਰੇ ਹੋਏ ਰੱਬ ਤੋਂ ਕੁਛ ਮੰਗ ਰਿਹਾ ਸੀ, ਜਦ ਓਨੇ ਸਿਰ ਝੁਕਾਯਾ ਤਾਂ ਐਨ ਓਸੇ ਵਕਤ ਨਾਹਰ ਸਿੰਘ ਨੇ ਵਜ਼ੀਰ ਖਾਂ ਦਾ ਸਿਰ ਕੱਟ ਕੇ ਬੰਦੇ ਅੱਗੇ ਲਿਆ ਰੱਖਿਆ। ਬੰਦੇ ਨੇ ਥਾਪੀ ਦਿੱਤੀ ਤੇ ਸ਼ਾਬਾਸ਼ ਦੇ ਕੇ ਪੰਥ ਵਿੱਚ ਉਸ ਦੀ ਬਹੁਤ ਵਡਿਆਈ ਸੁਣਾਈ, ਜਿਸ ਨੂੰ ਸੁਣ ਕੇ ਹੋਰ ਸਿੰਘ ਬੀ ਏਹੋ ਜੇਹੇ ਹੱਥ ਮਾਰਨ ਨੂੰ ਤਿਆਰ ਹੋ ਖਲੋਤੇ।

## ੬੦. ਦੁਆਬੇ ਦਾ ਜੰਗ ਜਿੱਤਣਾ

ਹੁਣ ਏਕਾ ਏਕੀ ਅਚਨਚੇਤ ਵਜ਼ੀਰ ਖਾਂ ਦੇ ਮਰਨੇ ਨੇ ਸਾਰੇ ਮੁਸਲਮਾਨਾਂ ਦੇ ਦਿਲ ਪਰ ਬੰਦੇ ਦੇ ਜਾਦੂ ਦਾ ਏਹ ਦ੍ਰਿੜ ਭਰੋਸਾ ਕਰਾ ਦਿੱਤਾ ਕਿ ਜੋ ਕੋਈ ਬੰਦੇ ਦੇ ਸਾਮ੍ਹਣੇ ਜਾਏਗਾ, ਜਾਨ ਗਵਾਏਗਾ। ਕੁਛ ਤਾਂ ਏਸ ਕਰ ਕੇ ਡਰ ਕੇ ਹਟ ਬੈਠੇ। ਕੁਛ ਮੁਖੀਏ ਮੁਖੀਏ ਕਈ ਕੁ ਸਰਦਾਰਾਂ ਦੇ ਮਾਰੇ ਜਾਣੇ ਨੇ ਹੌਂਸਲੇ ਤੋੜ ਛਡੇ ਸਨ। ਬਹੁਤੇ ਤਾਂ ਜੰਗ ਖਤਮ ਹੋਇਆ ਹੀ ਸਮਝ ਕੇ ਇਧਰ ਉਧਰ ਖਿੰਡ ਗਏ। ਬਾਕੀ ਥੱਕੇ ਮਾਂਦੇ ਫਟੜ ਹੋਣੇ ਵਿੱਚ, ਤਾਂ ਦੋਹਾਂ ਦਲਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹੀ ਸੀ। ਹੁਣ ਹੋਰ ਤਾਂ ਕਿਸੇ ਨੇ ਕਿਧਰੋਂ ਨਾ ਸਿਰ ਚੁੱਕਿਆ। ਕੇਵਲ ਸ਼ੰਮਸ ਖਾਂ ਫੌਜਦਾਰ; ਜੋ ਚਾਰ ਪੰਜ ਫੌਜਦਾਰਾਂ ਪਰ ਹਾਕਮ ਨਿਗਰਾਨ ਬੜਾ ਉੱਘਾ ਸ਼ਮਸ਼ੇਰ ਚਾਲਾਕ ਚੜ੍ਹਦੀ ਜਵਾਨੀ ਤੁੰਦ ਮਜ਼ਾਜ ਖੁਦ ਪਸੰਦ ਧਕੜ ਆਦਮੀ ਪਠਾਣ ਸੀ, ਓਸ ਨੇ ਇਸਲਾਮ ਦੀ ਬਾਜ਼ੀ ਹੱਥੋਂ ਜਾਂਦੀ ਵੇਖ ਆਪਣੇ ਚਾਚੇ ਕੁਤਬਦੀਨ ਖਾਂ ਤੇ ਚਚੇਰਾ ਭਾਈ ਸ਼ਾਹਦਾਦ ਖਾਂ ਨੂੰ ਜੋ ਪਹਾੜਾਂ ਦੀ ਕੰਢੀ ਦੇ ਹਾਕਮ ਫੌਜਦਾਰ ਰਾਇਪੁਰ ਵਿੱਚ ਰਿਹਾ ਕਰਦੇ ਸਨ, ਜਾ ਚੁੱਕੇ ਅਤੇ ਆਖਿਆ ਕਿ ਹੁਣ ਥੋੜ੍ਹੇ ਜਿਹੇ ਸਿੰਘਾਂ ਨਾਲ ਬੰਦਾ ਫਿਰ ਰਿਹਾ ਹੈ। ਫੜ ਕੇ ਯਾ ਮਾਰ ਕੇ ਵੱਡੇ ਵੱਡੇ ਅਹੁਦੇ ਬਾਦਸ਼ਾਹ ਤੋਂ ਕਿਉਂ ਨਾ ਲਈਏ? ਸ਼ਾਹਦਾਦ ਖਾਂ ਨੂੰ ਓਥੇ ਛੱਡ ਕੇ ਹਜ਼ਾਰ ਬਾਰਾਂ ਸੌ ਸਵਾਰ ਪਯਾਦਾ ਨਾਲ ਲੈ ਕੇ ਬੰਦੇ ਦੇ ਮਗਰ ਲਗ ਪਏ।

## ੬੧. ਕੰਡੀ ਵਿੱਚ ਜੰਗ

ਜਦ ਏਹ ਸਿੰਘਾਂ ਦੇ ਜੱਥੇ ਪਾਸ ਪਹੁੰਚੇ ਤਾਂ ਸਿੰਘ ਬਿਨਾਂ ਲੜੇ ਹੀ ਕਿਸੇ ਪਾਸੇ ਤੁਰ ਪਏ। ਕੁਤਬਦੀਨ ਖਾਂ ਨੇ ਤਾਂ ਸਿੰਘਾਂ ਦੇ ਚਾਲੇ ਪਰਖੇ ਹੋਏ ਸਨ। ਏਨ੍ਹਾਂ ਦੇ ਮਗਰ ਲਗਣਾ ਨਹੀਂ ਚਾਹੁੰਦਾ ਸੀ। ਸ਼ੰਮਸ ਖਾਂ ਉਤਨਾ ਪਰਖਊਆ ਨਹੀਂ ਸੀ। ਜੁਆਨੀ ਦੇ ਜ਼ੋਰ ਦਾ ਧੱਕਾ ਕਰ ਕੇ ਪਿੱਛੇ ਹੀ ਲੱਗਾ ਚਲਾ ਗਿਆ। ਕੁਤਬਦੀਨ ਨੂੰ ਭੀ ਓਸ ਦੇ ਸਾਥ ਹੀ ਵਧਣਾ ਪਿਆ। ਸਿੰਘਾਂ ਨੇ ਐਸੀ ਧੀਮੀਂ ਚਾਲ ਫੜੀ। ਨਾ ਤਾਂ ਦੂਰ ਦੌੜੇ, ਨਾ ਓਨ੍ਹਾਂ ਦੇ ਨੇੜੇ ਠਹਿਰੇ। ਮਨ ਵਿੱਚ ਏਹ ਸੀ ਜਦ ਪਠਾਨ ਨੇੜੇ ਢੁਕਣਗੇ, ਤਦੋਂ ਹੱਥ ਦਿਖਾਵਾਂਗੇ। ਏਸੇ ਦਾਉ* ਦੀ ਤਾੜ ਪਰ ਚਲੇ ਜਾ ਰਹੇ ਸਨ। ਜਦ ਪਠਾਣ ਨੇੜੇ ਢੁਕੇ ਤਾਂ ਇੱਕੋ ਵਾਰ ਹੱਲਾ ਕਰ ਕੇ ਮੁੜ ਪਏ। ਤੀਰਾਂ ਗੋਲੀਆਂ ਦੀ ਬਰਖਾ ਕਰ ਦਿੱਤੀ। ਸ਼ੰਮਸ ਖਾਂ ਕੁਤਬਦੀਨ ਖਾਂ ਹਾਥੀਆਂ ਪਰ ਬੈਠੇ ਖਿਚ ਖਿਚ ਕੇ ਤੀਰ ਚਲਾ ਰਹੇ ਸਨ।

---

*ਏਸੇ ਚਾਲ ਦੀ ਤਾਰੀਫ਼ ਸ਼ਾਹ ਅਬਦਾਲੀ ਤੇ ਕਾਜ਼ੀ ਨੂਰ ਦੀਨ ਨੇ ਆਪਣੇ ਇਤਿਹਾਸ ਵਿੱਚ ਬਹੁਤ ਲਿਖੀ ਹੈ। ਜੰਗ ਦੀ ਫਤੇ ਏਸੇ ਚਾਲ ਨਾਲ ਖਟੀਦੀ ਹੈ। ਸ਼ਾਹ ਅਬਦਾਲੀ ਫੌਜ ਨੂੰ ਸਿੰਘਾਂ ਦੇ ਪਿੱਛੇ ਏਸੇ ਕਰ ਕੇ ਨਹੀਂ ਲਾਉਂਦਾ ਸੀ।

Humble service provided by Bhai Baljinder Singh (Rara Sahib)

## ੬੨. ਸ਼ੰਮਸ ਖਾਂ ਕੁਤਬਦੀਨ ਖਾਂ ਕਸੂਰੀਏ ਦਾ ਮਰਨਾ

ਏਧਰੋਂ ਸਿੰਘ ਤੇ ਪਠਾਣ ਵੱਡੇ ਜ਼ੋਰ ਸ਼ੋਰ ਨਾਲ ਤਲਵਾਰਾਂ ਵਾਹ ਰਹੇ ਸਨ। ਠਠੇਰਿਆਂ ਦੇ ਬਜ਼ਾਰ ਵਾਂਗੂੰ ਲੋਹੇ ਨਾਲ ਲੋਹਾ ਠਣਕ ਰਿਹਾ ਸੀ। ਘੱਟ ਦੋਹਾਂ ਧਿਰਾਂ ਵਿੱਚੋਂ ਨਹੀਂ ਸੀ। ਏਸੇ ਗਹਿ ਗਚ ਵਿੱਚ ਸ਼ੰਮਸ ਖਾਂ ਮਾਰਿਆ ਗਿਆ, ਕੁਤਬਦੀਨ ਖਾਂ ਭਾਰੀ ਜ਼ਖ਼ਮੀ ਹੋਇਆ। ਪਠਾਣਾਂ ਨੇ ਏਸ ਨੂੰ ਭੀ ਬੰਦੇ ਦੇ ਜਾਦੂ ਦਾ ਹੀ ਕਾਰਨ ਮੰਨ ਕੇ ਜਿੱਤ ਦੀ ਆਸ ਤਾਂ ਛੱਡ ਦਿੱਤੀ। ਆਪਣੇ ਸਰਦਾਰਾਂ ਦੀਆਂ ਲੋਥਾਂ ਚੁੱਕਣ ਦੀ ਬਣ ਗਈ। ਨਾਲੇ ਕੰਬਦੇ ਸਨ ਕਿ ਏਨ੍ਹਾਂ ਲੋਥਾਂ ਨਾਲ ਅਸੀਂ ਭੀ ਪੜੇਥੜ ਨਾ ਹੋ ਜਾਈਏ। ਤਾਂ ਭੀ ਲੋਥਾਂ ਚੁੱਕਣ ਪਰ ਲਹੂ ਵਹਾ ਰਹੇ ਸਨ। ਸਿੰਘ ਚੁੱਕਣ ਨਹੀਂ ਦੇਂਦੇ ਸਨ। ਓਸੇ ਸਮੇਂ ਕੁਤਬਦੀਨ ਦੀ ਸਹਾਇਤਾ ਵਾਸਤੇ ਖ਼ਬਰ ਪਾ ਕੇ ਸ਼ਾਹਦਾਦ ਖਾਂ ਪੰਦਰਾਂ ਕੁ ਸੌ ਸਿਪਾਹੀ ਨਾਲ ਲੈ ਕੇ ਆ ਪੁੱਜਾ। ਓਸ ਨੂੰ ਦੇਖਦੇ ਹੀ ਸਿੰਘਾਂ ਨੇ ਵਾਗਾਂ ਮੋੜ ਲਈਆਂ, ਸ਼ਾਹਦਾਦ ਖਾਂ ਨੇ ਸਿੰਘਾਂ ਤੋਂ ਲੋਥਾਂ ਲੈਣੀਆਂ ਹੀ ਜਿੱਤ ਸਮਝ ਕੇ ਰਾਇਪੁਰ ਦਾ ਰਾਹ ਲੀਤਾ।

## ੬੩. ਸਿੰਘਾਂ ਦੀ ਜਿੱਤ

ਏਸ ਲੜਾਈ ਦਾ ਜ਼ਿਕਰ ਆਗਰ ਖ਼ਾਂ, ਅਮਾਨਤ ਖ਼ਾਂ ਅਤੇ ਖਾਫੀ ਖ਼ਾਂ ਨੇ ਬਹੁਤ ਖੋਲ੍ਹ ਕੇ ਕੀਤਾ ਹੈ। ਭਾਵੇਂ ਏਹ ਖ਼ਬਰ ਸੁਣ ਕੇ ਬਾਦਸ਼ਾਹ ਨੇ ਬਹੁਤ ਹੀ ਸ਼ੋਕ ਕੀਤਾ ਅਤੇ ਬੰਦੇ ਨੂੰ ਫੜਨੇ ਤੇ ਸਿੰਘਾਂ ਨੂੰ ਮਾਰਨ ਵਾਸਤੇ, ਰੁਸਤਮ ਦਿਲ, ਅਗਰ ਖਾਂ ਵਗ਼ੈਰਾ ਕਈ ਸਰਦਾਰ ਫੌਜ ਦੇ ਕੇ ਭੇਜੇ, ਪਰ ਸ਼ਾਹੀ ਹੁਕਮ ਤਾਂ ਪੂਰਾ ਓਹ ਕਰੇ ਜੇਹੜਾ ਦਿਲ ਦੇ ਕੇ ਲੜੇ। ਸਰਦਾਰ ਫੌਜਦਾਰ ਸ਼ਾਹੀ ਅਮੀਰ ਤਾਂ ਸਭ ਏਹੋ ਚਾਹੁੰਦੇ ਸਨ ਕਿ ਬੰਦੇ ਦੇ ਸਾਹਮਣੇ ਨਾ ਜਾਈਏ। ਜੇ ਬੰਦੇ ਨੇ ਕਿਤੇ ਸਾਨੂੰ ਦੇਖ ਲਿਆ ਤਾਂ ਜਾਨ ਹੈ ਨਹੀਂ। ਜਾਨ ਨਾਲ ਹੀ ਜਹਾਨ ਹੈ। ਏਹੋ ਜਹੇ ਖ਼ਿਆਲਾਂ ਵਾਲੇ ਬੰਦੇ ਨੂੰ ਫੜ ਕਿਕੂੰ ਲੈਣ? ਫੌਜ ਲੈ ਕੇ ਆਏ। ਫਿਰ ਗਿਰਾ ਕੇ ਮੁਹਿੰਮ ਪੂਰੀ ਕਰ ਮੁੜ ਜਾਣਾ ਹੀ ਗ਼ਨੀਮਤ ਸਮਝਯਾ। ਘਰੀਂ ਜਾ ਕੇ ਰੱਜ ਕੇ ਰੋਟੀ ਖਾਂਦੇ। ਜਿੰਨਾ ਚਿਰ ਸਿੰਘਾਂ ਦੀ ਮੁਹਿੰਮ ਪਰ ਰਹਿੰਦੇ, ਸਿੰਘਾਂ ਦੀ ਬੀਰਤਾ, ਬੰਦੇ ਦੇ ਜਾਦੂ ਤੋਂ ਮੌਤ ਤੋਂ ਐਉਂ ਡਰਦੇ ਰਹਿੰਦੇ ਜਿਕੂੰ ਸ਼ੇਰ ਤੋਂ ਬੱਕਰਾ। ਭਲਾ ਏਹੋ ਜੇਹੇ ਬੁਜ਼ਦਿਲ ਡਰਪੋਕ ਸਰਦਾਰ ਸਿੰਘਾਂ ਪਰ ਕਦੋਂ ਫਤੇ ਪਾ ਸਕਦੇ ਸੇ, ਜੇਹੜੇ ਖਾਲਸੇ ਦਾ ਨਾਮ ਹੀ ਸੁਣ ਸੁਣ ਪਏ ਚਮਕ ਚਮਕ ਉਠਦੇ ਸਨ।

## ੬੪. ਸ਼ਾਹੀ ਦਰਬਾਰ ਦਾ ਮਸ਼ਵਰਾ ਤੇ ਸਿੰਘਾਂ ਦੇ ਪੰਥ ਵਿੱਚ ਫੋਟਕ ਪਾਉਣਾ

ਹੁਣ ਜਦ ਹੋਰ ਕਿਸੇ ਪ੍ਰਕਾਰ ਬੰਦਾ ਬਹਾਦਰ ਤੇ ਸਿੰਘ ਕਾਬੂ ਨਾ ਆਏ ਤਾਂ ਬਾਦਸ਼ਾਹੀ ਫੌਜੀ ਅਫਸਰਾਂ ਨੇ ਸ਼ਾਹੀ ਦਰਬਾਰ ਨੂੰ ਆਪਣੇ ਵੱਲ ਪ੍ਰੇਰ ਕੇ ਕਿਉਂਕਿ ਸਿੰਘਾਂ ਦੇ ਏਸ ਗਦਰ ਵਿੱਚ ਨੁਕਸਾਨ ਤਾਂ ਸਭ ਨੂੰ ਪਹੁੰਚ ਚੁੱਕਾ ਸੀ, ਕਿਸੇ ਦੇ ਕੋਈ ਸੰਬੰਧੀ ਮਰੇ, ਕਿਸੇ ਦਾ ਪਿੰਡ ਧਨ ਮਾਲ ਲੁੱਟ ਚੁੱਕਾ ਸੀ। ਏਸ ਲਈ ਸਭ ਨੇ ਇੱਕ ਜ਼ਬਾਨ ਹੋ ਕਰ ਬਾਦਸ਼ਾਹ ਪਾਸ ਜਦ ਬੰਦੇ ਦਾ ਜ਼ਿਕਰ ਹੋ ਰਿਹਾ ਸੀ, ਓਸ ਵੇਲੇ ਐਉਂ ਅਰਜ਼ ਕੀਤੀ, "ਜਹਾਂ ਪਨਾਹ! ਜਿਸ ਰੋਜ਼ ਸੇ ਇਨ ਕਾਫਰ ਸਿੱਖੋਂ ਕਾ ਫਿਰਕਾ ਨਿੱਕਲਾ ਹੈ, ਉਸੀ ਦਿਨ ਸੇ ਐਸਾ ਖੋਟਾ ਫਤੂਰ ਉੱਠ ਕਰ ਗਦਰ ਮਚ ਰਹਾ ਹੈ, ਜਿਸ ਕਾ ਕੁਛ ਬਿਆਨ ਨਹੀਂ ਹੋ ਸਕਤਾ। ਸੈਂਕੜੋਂ ਸਰਦਾਰ ਫ਼ੌਜਦਾਰ ਅਮੀਰ ਔਰ ਹਜ਼ਾਰਾਂ ਸ਼ਾਹੀ ਸਿਪਾਹੀ ਬਹਾਦੁਰ ਮਰ ਚੁੱਕੇ ਹੈਂ ਔਰ ਪਰਜਾ ਐਸੀ ਵੈਰਾਨ ਹੋ ਰਹੀ ਹੈ ਕਿ ਲੁਟੇਰਿਆਂ ਨੇ ਕਿਸੀ ਕੇ ਘਰ ਮੈਂ ਕੁਝ ਨਹੀਂ ਛੱਡਿਆ। ਫੌਜਾਂ ਨੇ ਔਰ ਫੌਜਦਾਰੋਂ ਨੇ ਖ਼ੂਨ ਬਹਾਉਣੇ ਵਿੱਚ ਕੋਈ ਕਸਰ ਨਹੀਂ ਰੱਖੀ, ਉਲਟਾ ਗਦਰ ਹਮੇਸ਼ ਬਢਤਾ ਜਾ ਰਹਾ ਹੈ। ਇਸ ਲੀਏ ਏਸ ਗਦਰ ਨੂੰ ਮੇਟਣ ਵਾਸਤੇ ਹਮਾਰੀ ਸਭ ਦੀ ਏਹੋ ਰਾਇ ਹੈ ਕਿ ਜੋ ਹਾਥ ਸੇ ਗਾਠ ਖੁੱਲ੍ਹ ਜਾਏ, ਉਸ ਕੋ ਦੰਦ ਲਾਉਣੇ ਨ ਚਾਹੀਏ। ਅਬ ਇੱਕ ਸਹਿਜ ਜੈਸੀ ਚਾਲ ਹੈ। ਪਸਿੰਦ ਆਵੇ, ਤਾਂ ਮਾਨ ਲੇਨਾ। ਵੋਹ ਯੇਹ ਹੈ, ਕਿ ਖਾਲਸੇ ਦੇ ਨਾਲ ਮੇਲ ਕਰ ਲੈਣਾ ਚਾਹੀਦਾ ਹੈ।

## ੬੫. ਮਾਤਾ ਸੁੰਦਰੀ ਜੀ ਦਾ ਹੁਕਮਨਾਮਾ

ਬੰਦੇ ਦੇ ਸਿੱਖ ਅਸੂਲਾਂ ਦੇ ਵਿਰੁੱਧ ਕੰਮ ਕਰਨ ਦੀਆਂ ਖ਼ਬਰਾਂ ਦਿੱਲੀ ਪੁੱਜੀਆਂ ਤੇ ਮਾਤਾ ਸੁੰਦਰੀ ਤੇ ਸਾਹਿਬ ਦੇਵੀ ਜੀ ਨੇ ਬੰਦੇ ਨੂੰ ਗੁਰਸਿੱਖੀ ਤੋਂ ਉਲਟ ਰਹੁ ਰੀਤ ਚਲਾਣ ਤੇ ਸਿੱਖਾਂ ਨੂੰ ਗੁਰਮਤ ਤੋਂ ਉਲਟੇ ਰਾਹ ਪਾਣ ਤੋਂ ਵਰਜਿਆ। ਕਿੰਤੂ ਜਦ ਬੰਦਾ ਕਿਸੇ ਕੁਲੀਤੇ ਨਾ ਆਇਆ, ਤਦ ਮਾਤਾ ਜੀ ਨੇ ਹੁਕਮਨਾਮਾ ਪੰਥ ਖਾਲਸੇ ਵੱਲ ਐਉਂ ਲਿਖ ਭੇਜਿਆ ਕਿ ਤੁਸੀਂ ਸਿੱਖ ਪੁੱਤ੍ਰ ਗੁਰੂ ਕੇ ਲਾਲ ਹਮਾਰੇ ਏਸ ਬੰਦੇ ਗੰਦੇ, ਅਕਲ ਦੇ ਅੰਧੇ, ਮਨਮਤੀਏ ਨੇ ਗੁਰੂ ਜੀ ਦਾ ਹੁਕਮ ਨਹੀਂ ਮੰਨਿਆ ਗੁਰੂ ਕੀ ਸਿੱਖੀ ਤੋਂ ਉਲਟੀ ਚਾਲ ਚਲਾਣ ਲਗਾ ਹੈ, ਹੁਣ ਤੁਸੀਂ ਇਸ ਦਾ ਸੰਗ ਛੱਡ ਦੇਵੋਂ ਤੁਹਾਡਾ ਰਾਖਾ ਤੇ ਮਦਦਗਾਰ ਅਕਾਲ ਪੁਰਖ ਰਹੇਗਾ। ਤੁਸੀਂ ਹਮੇਸ਼ ਫਲਦੇ ਫੁਲਦੇ ਫੈਲਦੇ ਰਹੋਗੇ। ਏਸ ਦਾ ਤੇਜ ਪਰਤਾਪ ਘਟ ਜਾਏਗਾ ਕਿਉਂਕਿ ਏਸ ਨੇ ਗੁਰੂ ਜੀ ਦੇ ਹੁਕਮ ਭੰਗ ਕੀਤੇ ਹਨ:

(੧) ਲੰਗੋਟੇ ਦਾ ਜਤੀ ਨਹੀਂ ਰਿਹਾ, (੨) ਪੰਥ ਅਪਨਾ ਚਲਾਇਆ, (੩) ਚਰਨ ਪਾਹੁਲ ਦੇਣ ਲਗ ਪਿਆ, (੪) ਫਤੇ ਵਾਹਿਗੁਰੂ ਜੀ ਦੀ ਜਗ੍ਹਾ ਬਾਬੇ ਬੰਦੇ ਦੀ ਦਰਸ਼ਨੀ ਫਤੇ ਬੁਲਾਉਂਦਾ ਹੈ। ਗੁਰੂ ਦੇ ਸਿੱਖਾਂ ਦੀ ਥਾਂ ਬੰਦਈ ਸਿੱਖ ਕਰ ਲਏ ਹਨ। ਜਿਗਾ ਕਲਗੀ ਪਹਿਨ ਕੇ ਗਦੀ ਉੱਤੇ ਬੈਠ ਕੇ ਚੌਰ ਕਰਾਉਂਦਾ ਹੈ, ਆਪ ਨੂੰ ਗਜਾਰਵਾਂ ਗੁਰੂ ਸਦਾਉਂਦਾ ਹੈ, ਗੁਰੂ ਕੇ ਸਿੱਖਾਂ ਉੱਤੇ ਸਖ਼ਤ ਹਕੂਮਤ ਕਰਦਾ ਹੈ, ਵਡਾ ਹੰਕਾਰੀ ਹੋ ਗਿਆ ਹੈ।

ਗੁਰੂ ਕੇ ਸਿੰਘ ਤਾਂ ਪਹਿਲੇ ਹੀ ਬੰਦੇ ਤੋਂ ਜੁਦਾ ਹੋਣਾ ਚਾਹੁੰਦੇ ਸਨ ਕਿਉਂਕਿ ਓਹ ਸਿੰਘਾਂ ਦੇ ਦਰਬਾਰ ਵਿੱਚ ਤੇ ਗੁਰੂ ਅਸਥਾਨਾਂ ਵਿੱਚ ਗਦੇਲਾ ਬਿਛਾ ਕੇ ਬੈਠ ਕਰ ਚੌਰ ਸਾਫ੍ਹਾ ਕਰਾਉਂਦਾ ਤੇ ਦਰਸ਼ਨੀ ਫਤੇ ਬੁਲਾਉਂਦਾ ਸੀ। ਏਨ੍ਹਾਂ ਬਾਤਾਂ ਤੋਂ ਸਿੰਘਾਂ ਨੂੰ ਨਹੀਂ ਭਾਉਂਦਾ ਸੀ। ਏਸ ਕਰ ਕੇ ਸਿੰਘ ਤਾਂ ਪਹਿਲੇ ਹੀ ਓਸ ਨਾਲ ਵਿਟਰੇ ਹੋਏ ਸਨ। ਹੁਣ ਮਾਤਾ ਜੀ ਦੇ ਹੁਕਮਨਾਮੇ ਦੇ ਆ ਜਾਣ ਤੋਂ ਵਧੇਰੇ ਵਿਰੋਧੀ ਹੋ ਗਏ।

## ੬੬. ਪੰਥ ਨੇ ਹੁਕਮਨਾਮਾ ਮਾਤਾ ਜੀ ਦਾ ਮੰਨਣਾ

ਏਸੇ ਸਾਲ ਸੰ. ੧੭੭੪ ਬਿ. ਨੂੰ ਵਸਾਖੀ ਦੇ ਮੇਲੇ ਪਰ ਜਦ ਬਾਬਾ ਬੰਦਾ ਪਹਿਲੇ ਵਾਂਗੂੰ ਹੰਕਾਰ ਨਾਲ ਅੰਮ੍ਰਿਤਸਰ ਹਰਿਮੰਦਰ ਵਿੱਚ ਗੱਦੀ ਲਾ ਕੇ ਬੈਠਾ ਤੇ ਚੌਰ ਕਰਾਉਣ ਲਗਾ ਤੇ ਬੰਦਈ ਸਿੱਖ ਅਰਦਾਸਾਂ ਕਰਾਉਣ ਲੱਗੇ ਤਾਂ ਬਾਵਾ ਕਾਹਨ ਸਿੰਘ ਭੱਲਾ, ਬਾਵਾ ਬਿਨੋਦ ਸਿੰਘ ਤੇਹਣ, ਫਤੇ ਸਿੰਘ, ਗੁਰਬਖ਼ਸ਼ ਸਿੰਘ ਭਾਈ ਭਗਤੂ ਕੇ, ਪਰਮ ਸਿੰਘ ਧਰਮ ਸਿੰਘ ਭਾਈ ਰੂਪੇ ਕੇ, ਰਾਮ ਸਿੰਘ ਤਿਲੋਕਾ ਫੂਲ ਕੇ, ਦੀਵਾਨ ਦਰਬਾਰਾ ਸਿੰਘ, ਬਹਾਦਰ ਸਿੰਘ, ਬੁੱਢਾ ਸਿੰਘ ਦੇਸੀ, ਸ਼ਾਮ ਸਿੰਘ ਨਾਰੋਵਾਲੀਆ, ਭੋਜਾ ਸਿੰਘ, ਕੇਸਰਾ ਸਿੰਘ, ਬਾਘ ਸਿੰਘ ਕਲਾਲ, ਤੇਜਾ ਸਿੰਘ ਜੀਊਣ ਸਿੰਘ ਰੰਧਾਵੇ, ਨਗਾਹੀਆ ਸਿੰਘ, ਚੂਹੜ ਸਿੰਘ ਦੁਲਟ, ਤਾਰਾ ਸਿੰਘ, ਭੋਮਾ ਸਿੰਘ, ਹਰਾ ਸਿੰਘ ਬਰਾੜ ਇਤਯਾਦਿਕ ਨਾਮੀ ਨਾਮੀ ਬੈਰਾੜ ਸਿੰਘ ਸ੍ਰਦਾਰਾਂ ਨੇ ਸਲਾਹ ਕਰ ਕੇ ਬਾਬੇ ਬੰਦੇ ਨੂੰ ਦਰਬਾਰ ਵਿੱਚੋਂ ਉਠਾ ਦਿੱਤਾ ਅਤੇ ਅਕਾਲ ਤਖ਼ਤ ਸਾਹਿਬ ਦੀਵਾਨ ਲਗਾ ਕਰ ਪਹਿਲੇ ਤਾਂ ਬੰਦੇ ਦਾ ਚਾਲ ਚਲਨ ਬਿਪਰਜਜ ਹੋਣਾ ਬਤਾਇਆ। ਫਿਰ ਮਾਤਾ ਸਾਹਿਬ ਦਾ ਹੁਕਮਨਾਮਾ ਸੰਗਤਾਂ ਨੂੰ ਸੁਣਾ ਕਰ ਕੇ ਅਰਦਾਸ ਕਰਾ ਦਿੱਤੀ, ਜੋ ਕੋਈ ਗੁਰੂ ਕਾ ਸਿੱਖ ਹੈ ਬੰਦੇ ਨੂੰ ਨਾ ਮੰਨੇ ਅਤੇ ਅੱਜ ਤੋਂ ਗੁਰੂ ਕੇ ਦਲ ਵਿੱਚ ਆ ਜਾਵੇ। ਜੋ ਬੰਦੇ ਦਾ ਸਿੱਖ ਹੈ, ਸੋ ਉਸ ਦੀ ਤਰਫ ਚਲਿਆ ਜਾਵੇ। ਐਸੇ ਕਹਿ ਕਰ ਬਿਬੇਕਸਰ ਦੇ ਕਿਨਾਰੇ ਤੇ ਖਾਲਸੇ ਨੇ ਆਪਣਾ ਝੰਡਾ ਜਾ ਲਾਇਆ। ਦੁਹਾਂ ਦੇ ਨਾਮ ਭੀ ਵੱਖਰੇ ਵੱਖਰੇ ਹੋਏ, ਇਕ ਤਤ ਖਾਲਸਾ ਦੂਸਰਾ ਬੰਦਈ ਖਾਲਸਾ।

Humble service provided by Bhai Baljinder Singh (Rara Sahib)

## ੬੭. ਸਿੰਘਾਂ ਨੇ ਬੰਦੇ ਨਾਲ ਵਿਗੜਨਾ

ਫੇਰ ਤਾਂ ਆਪਸ ਵਿੱਚ ਵਿਰੋਧ ਹੋ ਗਿਆ। ਬੰਦੇ ਦੀ ਇਸ ਕੁਚਾਲ ਨੇ ਦੁਸ਼ਮਨਾਂ ਦੇ ਹੌਸਲੇ ਵਧਾ ਦਿੱਤੇ ਤੇ ਖਾਲਸੇ ਦੀ ਏਹ ਦਸ਼ਾ (ਫੁਟ) ਦੇਖ ਕੇ ਮੁਸਲਮਾਨਾਂ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਘਿਉ ਦੇ ਦੀਵੇ ਮਚ ਪਏ।

ਤਤ ਖਾਲਸੇ ਤੇ ਬੰਦੇਈ ਖਾਲਸੇ ਵਿੱਚ ਇਹ ਮਤ ਭੇਦ ਦਿਨ-ਬ-ਦਿਨ ਵਧਦਾ ਤੇ ਖਤਰਨਾਕ ਸੂਰਤ ਫੜਦਾ ਗਿਆ। ਇੱਕ ਦਿਨ ਸ੍ਰੀ ਅੰਮ੍ਰਿਤਸਰ ਸ੍ਰੋਵਰ ਕਿਨਾਰੇ ਦਰਸ਼ਨੀ ਦਰਵਾਜ਼ੇ ਅੱਗੇ ਆਪੋ ਵਿੱਚ ਲੜਾਈ ਹੋ ਪਈ, ਜਿਸ ਵਿੱਚ ਕਈ ਆਦਮੀ ਦੁਹਾਂ ਪਾਸਿਆਂ ਦੇ ਫਟੜ ਹੋ ਗਏ। ਬਾਬੇ ਬੰਦੇ ਨੇ ਗੁਰਦਾਸਪੁਰ ਦੀ ਤਰਫ ਕੂਚ ਕਰ ਦਿੱਤਾ।

## ੬੮. ਬਾਦਸ਼ਾਹ ਨੇ ਪੰਥ ਨਾਲ ਮੇਲ ਕਰਨਾ

ਫਰੁਖਸੀਯਰ ਨੇ ਆਪਣੇ ਮਾਤਬਰ ਤੱਤ ਖਾਲਸੇ ਪਾਸ ਭੇਜ ਕਰ ਨਾਮੀ ਸਿੰਘਾਂ ਨੂੰ ਦੁਸ਼ਾਲੇ ਸ਼ਸਤਰ ਭੇਜੇ। ੫੧੦੦੦ ਇਕਵੰਜਾ ਹਜ਼ਾਰ ਖ਼ਰਚ ਤੇ ਜਾਗੀਰਾਂ ਦੇਣ ਦਾ ਹੁਕਮ ਸੂਬੇ ਲਾਹੌਰ ਦੇ ਨਾਮ ਹੋਇਆ, ਸਿੰਘਾਂ ਦੀ ਤਾਰੀਫ਼ ਕਰ ਕੇ ਆਖਿਆ, "ਹੇ ਖਾਲਸਾ ਜੀ! ਅਸੀਂ ਤਾਂ ਤੁਹਾਡੇ ਗੁਰੂ ਨਾਨਕ ਸਾਹਿਬ ਦੀ ਬਖ਼ਸ਼ੀ ਹੋਈ ਬਾਦਸ਼ਾਹੀ ਕਰਦੇ ਹਾਂ, ਜੋ ਸਾਡੇ ਬਾਬਰ ਸ਼ਾਹ ਨੂੰ ਓਨ੍ਹਾਂ ਨੇ ਬਖ਼ਸ਼ੀ ਸੀ। ਅਸੀਂ ਹੁਣ ਤੁਹਾਡੇ ਵਿਰੁੱਧ ਕੋਈ ਕੰਮ ਨਹੀਂ ਕਰਾਂਗੇ। ਤੁਸੀਂ ਵੀ ਸਾਡੇ ਨਾਲ ਲੜਾਈ ਦਾ ਖ਼ਿਆਲ ਛੱਡ ਦੇਵੋ।"

## ੬੯. ਜਾਗੀਰ ਤੇ ਵਜ਼ੀਫਾ ਮਿਲਣਾ

ਓੜਕ ਪੰਜ ਸੌ ਸਵਾਰ ਤਾਂ ਲਾਹੌਰ ਰਹਿਣ ਲੱਗੇ। ਏਹਨਾਂ ਵਿੱਚ ਬਾਬਾ ਕਾਨ੍ਹ ਸਿੰਘ, ਮੀਰੀ ਸਿੰਘ, ਭੱਲੇ ਸਾਹਿਬਜ਼ਾਦੇ ਤੇ ਫਤੇ ਸਿੰਘ, ਭਾਈ ਭਗਤੂ ਕਾ ਸਯਾਮ ਸਿੰਘ ਨਾਰੰਗੀ ਵਾਲਾ ਸਰਦਾਰ ਬਣਾਏ ਗਏ। ਬਾਕੀ ਖਾਲਸਾ ਜੋ ਅੰਮ੍ਰਿਤਸਰ ਰਿਹਾ, ਓਹਨਾਂ ਨੂੰ ਪੰਜ ਹਜ਼ਾਰ ਰੁਪਯਾ ਨਕਦ ਖ਼ਰਚ ਮਹੀਨੇ ਦਾ ਤੇ ਪ੍ਰਗਣਾ ਝੁਬਾਲ ਜੋ ਪਹਿਲੇ ਅਕਬਰ ਬਾਦਸ਼ਾਹ ਦੇ ਵਕਤ ਵਿੱਚ ਗੁਰੂ ਸਾਹਿਬਾਂ ਦੇ ਨਾਮ ਮਾਫ਼ੀ ਸੀ, ਓਹ ਘੋੜਿਆਂ ਦੇ ਦਾਣੇ ਘਾਸ ਲੰਗਰ ਵਾਸਤੇ ਵੱਖਰਾ ਦੇ ਕਰ ਅਹਿਦ ਪੈਮਾਨ ਵਿੱਚ ਏਹ ਸ਼ਰਤਾਂ ਲਿਖ ਦਿੱਤੀਆਂ:

## ੭੦. ਅਕਰਾਰਨਾਮਾ

(੧) ਪੰਥ ਖਾਲਸਾ ਬਾਦਸ਼ਾਹ ਦੇ ਕਿਸੇ ਮੁਲਕ ਪਰ ਹੱਥ ਨਾ ਪਾਵੇਗਾ।

(੨) ਜਦ ਕਦੇ ਕੋਈ ਗਨੀਮ ਪੰਜਾਬ ਦੀ ਤਰਫ਼ ਆਵੇ ਤਾਂ ਤਤ ਖਾਲਸਾ ਪੰਜਾਬ ਦੇ ਸੂਬੇ ਦੀ ਸਹਾਇਤਾ ਕਰ ਕੇ ਪਰਜਾ ਦੀ ਰੱਖਿਆ ਵਾਸਤੇ ਮੱਦਦ ਦੇਵੇਗਾ।

(੩) ਜੋ ਜਾਗੀਰ ਤੇ (ਬਸਤਾ) ਵਜ਼ੀਫਾ ਖਾਲਸੇ ਦਾ ਮੁਕੱਰਰ ਹੋਇਆ ਹੈ, ਇਸ ਵਿੱਚ ਕਮੀ ਪੇਸ਼ੀ ਨਾ ਹੋਵੇਗੀ।

(੪) ਅੱਗੇ ਨੂੰ ਮੁਲਕ ਪੰਜਾਬ ਵਿੱਚ ਕਿਸੇ ਹਿੰਦੂ ਨੂੰ ਮੱਲੋਮਲੀ ਮੁਸਲਮਾਨ ਨਾ ਕੀਤਾ ਜਾਵੇਗਾ।

(੫) ਕਿਸੇ ਨੂੰ ਆਪਣੇ ਮਜ਼੍ਹਬ ਦੇ ਮੰਦਰ, ਮੂਰਤਾਂ, ਪੂਜਾ ਕਰਮ, ਧਰਮ, ਕਰਣੇ ਤੋਂ ਰੋਕਿਆ ਨਾ ਜਾਵੇਗਾ।

(੬) ਪੰਜਾਬ ਦੇ ਹਿੰਦੂਆਂ ਤੋਂ ਜੇਜ਼ੀਆਂ ਮਾਮੂਲਾ ਅੱਗੇ ਨੂੰ ਨਾ ਲੀਤਾ ਜਾਵੇਗਾ।

(੭) ਜੋ ਕੋਈ ਸਿੰਘ ਖੇਤੀ ਕਰੇਗਾ ਓਸ ਤੋਂ ਅੱਧਾ ਮਾਮਲਾ ਲੀਤਾ ਜਾਵੇਗਾ।

(੮) ਪੰਜਾਬ ਦੇ ਮੁਲਕ ਵਿੱਚ ਗਊ ਬਧ ਨਾ ਹੋਵੇਗਾ।

(੯) ਕਿਸੇ ਦੀ ਬਹੂ ਬੇਟੀ ਨੂੰ ਕੋਈ ਮੁਸਲਮਾਨ ਜਬਰਨ ਹੱਥ ਨਾ ਪਾਵੇਗਾ।

ਇਸ ਤਰ੍ਹਾਂ ਦਾ ਪਰਜਾ ਦੀ ਭਲਾਈ ਤੇ ਹਿੰਦੂਆਂ ਦੀ ਰੱਖਿਆ ਮਨੋਰਥ ਮੁੱਖ ਰੱਖ ਕੇ ਖ਼ਾਲਸੇ ਨੇ ਪੰਜਾਬ ਦੇ ਹਾਕਮਾਂ ਤੋਂ ਇਕਰਾਰਨਾਮਾ ਲਿਖਵਾ ਲਿਆ।

## ੭੧. ਕਲਾਨੌਰ ਮਾਰਨੀ

ਏਧਰ ਬਾਬੇ ਬੰਦੇ ਨੇ ਤੱਤ ਖਾਲਸੇ ਦੇ ਮਿਲਣ ਵਾਸਤੇ ਵਕੀਲ ਭੇਜ ਕੇ ਮੇਲ ਦੇ ਫਾਇਦੇ ਤੇ ਬੇਮੇਲ ਦੇ ਨੁਕਸਾਨ ਬਹੁਤ ਸਮਝਾਏ ਬੁਝਾਏ, ਪਰ ਬੰਦੇ ਦੀ ਮਨਮਤ ਦੀ ਚਾਲ ਤੇ ਖਾਲਸੇ ਨੂੰ ਗੁਰਮਤ ਵੱਲੋਂ ਗੁਮਰਾਹ ਕਰਨ ਵਾਲੇ ਕਾਰਿਆਂ ਨੇ ਤਤ ਤੇ ਬੰਦਈ ਸਿੰਘਾਂ ਦਾ ਮੇਲ ਨਾ ਹੋਣ ਦਿੱਤਾ। ਜੱਦਯਪਿ ਬੰਦਾ ਬਹਾਦਰ ਤੱਤ ਖਾਲਸੇ ਤੋਂ ਜੁਦਾ ਹੋ ਜਾਣੇ ਕਰ ਬਹੁਤ ਕਮਜ਼ੋਰ ਹੋ ਗਿਆ ਸੀ, ਪਰ ਓਸ ਨੇ ਹਿੰਮਤ ਨਾ ਹਾਰੀ। ਅਠ ਦਸ ਹਜ਼ਾਰ ਅਸਵਾਰ ਪਿਆਦੇ ਦੀ ਭੀੜ ਭਾੜ ਨਾਲ ਲੈ ਕੇ ਸੰ. ੧੭੭੫ ਬਿ. ਵਿੱਚ ਕਲਾਨੌਰ ਦੇ ਹਾਕਮ ਫਤੇ ਦੀਨ ਨੂੰ ਜਾ ਘੇਰਿਆ। ਓਸ ਨੇ ਸੂਬੇ ਲਾਹੌਰ ਤੋਂ ਮਦਦ ਮੰਗੀ। ਸੂਬੇ ਨੇ ਸਿੰਘਾਂ ਨੂੰ ਭੇਜਣਾ ਚਾਹਿਆ ਤਾਂ ਸਿੰਘਾਂ ਨੇ ਜਵਾਬ ਦਿੱਤਾ ਕਿ ਬਾਹਰ ਤੋਂ ਆਏ ਗਨੀਮ ਦੇ ਮੁਕਾਬਲੇ ਪਰ ਜਾਣੇ ਦਾ ਸਾਡਾ ਕੰਮ ਹੈ ਪੰਜਾਬ ਦੇ ਵਿਚਲੇ ਝਗੜੇ ਮੇਟਣ ਦਾ ਸਾਡਾ ਕੰਮ ਨਹੀਂ। ਬਾਕੀ, ਸਿੰਘਾਂ ਨਾਲ ਭੀ ਅਸੀਂ ਨਹੀਂ ਲੜਾਂਗੇ। ਏਹ ਜਵਾਬ ਸੁਣ ਕੇ ਸੂਬਾ ਚੁੱਪ ਹੋ ਗਿਆ। ਖਾਲਸੇ ਦੇ ਇਸ ਉੱਤਰ ਤੋਂ ਬੰਦੇ ਦੀਆਂ ਅੱਖਾਂ ਖੁਲ੍ਹ ਜਾਣੀਆਂ ਚਾਹੀਦੀਆਂ ਸਨ, ਕਿ ਖਾਲਸਾ ਕਿਸੇ ਦੀ ਚਾਲ ਤੇ ਮਾਇਆ ਦੇ ਜਾਲ ਵਿੱਚ ਨਹੀਂ ਫਸਦਾ, ਉਹਦੇ ਨਾਲ ਮੇਲ ਕਰ ਲੈਣਾ ਚਾਹੀਦਾ ਹੈ। ਪਰੰਤੂ ਬੰਦੇ ਦੀ ਅਕਲ ਤੇ ਜੋ ਪਰਦਾ ਪਿਆ ਸੀ ਸੋ ਨਾ ਉੱਠਿਆ। ਓਧਰ ਫਤੇ ਦੀਨ ਨੇ ਬਾਬੇ ਬੰਦੇ ਨੂੰ ਕੁਛ ਨਕਦ, ਸ਼ਸਤਰ, ਘੋੜੇ ਨਜ਼ਰ ਦੇ ਕੇ ਆਪਣੀ ਜਾਨ ਛੁਡਾਈ। ਤਦ ਬੰਦੇ ਬਹਾਦਰ ਨੇ ਰਾਵੀ ਪਾਰ ਹੋ ਕੇ ਦੜਪ ਦੇਸ ਵੱਡੇ ਵੱਡੇ ਪਿੰਡ ਮੁਸਲਮਾਨਾਂ ਦੇ ਬਹੁਤ ਹੀ ਲੁੱਟੇ ਮਾਰੇ। ਗੁਜਰਾਂਵਾਲਾ, ਵਜ਼ੀਰਾਬਾਦ, ਸਿਆਲਕੋਟ ਆਦਿਕ ਹਾਕਮਾਂ ਤੋਂ ਮਨ ਭਾਏ ਨਜ਼ਰਾਨੇ ਪਾਏ ਤੇ ਵਜ਼ੀਰਾਬਾਦੀਏ ਸ਼ਿਵ ਚੰਦ ਕਪੂਰ ਖੱਤ੍ਰੀ ਦੀ ਬੇਟੀ ਸਾਹਿਬ ਕੌਰ ਜੋ ਅਤੀ ਸੁੰਦਰ ਸੀ, ਪਸੰਦ ਕਰ ਕੇ ਵਿਆਹ ਲਈ। ਏਸ ਵਿੱਚੋਂ ਸੰ. ੧੭੭੭ ਬਿ. ਨੂੰ ਅਜੀਤ ਸਿੰਘ ਪੈਦਾ ਹੋਇਆ, ਜਿਸ ਦੀ ਸੰਤਾਨ ਹੁਣ ਦਯਾ ਸਿੰਘ ਆਦਿਕ ਵਜ਼ੀਰਾਬਾਦ ਵਿੱਚ ਸੋਢੀ ਖੱਤ੍ਰੀ ਮਸ਼ਹੂਰ ਹਨ।

## ੭੨. ਬੰਦੇ ਦਾ ਦੌਰਾ ਸਿੰਧ ਤੱਕ

ਬੰਦਾ ਦੜਪ, ਧਨੀ, ਪੋਠੋਹਾਰ, ਥਲ, ਸਿੰਧ ਆਦਿਕ ਦੇਸਾਂ ਵਿੱਚ ਦਰਯਾ ਅਟਕ ਤਕ ਫਿਰ ਨਿੱਕਲਿਆ। ਮੁਸਲਮਾਨਾਂ ਨੂੰ ਕਯਾਮਤ ਦਿਖਾ ਛਡੀ, ਬੇਸ਼ੁਮਾਰ ਹਿੰਦੂ ਬੰਦਈ ਸਿੱਖ ਬਣ ਗਏ, ਜੋ ਹੁਣ ਤਕ ਸਿਵਾਇ ਬੰਦੇ ਦੇ ਹੋਰ ਕਿਸੇ ਨੂੰ ਨਹੀਂ ਮੰਨਦੇ। ਜਿੱਥੇ ਜਿੱਥੇ ਬੰਦਾ ਗਿਆ ਸੀ, ਓਥੇ ਓਥੇ ਓਸ ਦੇ ਸੇਵਕਾਂ ਨੇ ਉਸ ਦੇ ਨਾਮ ਧਰਮਸਾਲਾ ਬਣਾ ਰਖੀਆਂ ਹਨ। (ਦੇਖੋ ਪੰਜਵਾਂ ਹਿੱਸਾ) ਏਸੇ ਤਰਾਂ ਪੰਦ੍ਹਾਂ ਚੌਦਾਂ ਮਹੀਨੇ ਓਸ ਦੇਸ ਦਾ ਦੌਰਾ ਕਰ ਕੇ ਕਟਾਸ ਤੀਰਥ ਦਾ ਮੇਲਾ ਦੇਖਿਆ ਤੇ ਫੇਰ ਗੁਰਦਾਸਪੁਰ ਵਿੱਚ ਆ ਠਹਿਰਿਆ। ਏਸ ਦੀਰਘ ਦੌਰੇ ਵਿੱਚ ਬਹੁਤ ਦੌਲਤ ਬੰਦਈ ਸਿੱਖਾਂ ਦੇ ਹੱਥ ਆਈ, ਜਿਸ ਤੋਂ ਓਹਨਾਂ ਨੂੰ ਬਹੁਤ ਹੰਕਾਰ ਹੋ ਗਿਆ ਸੀ।

ਏਧਰ ਏਸ ਦੇ ਇੰਤਜ਼ਾਮ ਨਾ ਹੋਣੇ ਦੇ ਕਾਰਨ ਅਸਲਮ ਖਾਂ ਨੂੰ ਨਾਯਬ ਸੂਬਾ ਤੇ ਅਬਦੁਲ ਸਮੁੱਦ ਖਾਂ ਨੂੰ ਏਸ ਦੀ ਜਗ੍ਹਾ ਪੂਰਾ ਸੂਬਾ ਲਾਹੌਰ ਦਾ ਮੁਕੱਰਰ ਕੀਤਾ ਗਿਆ। ਸੰਮਤ ੧੭੭੬ ਬਿ. ਨੂੰ ਰਾਜਾ ਮੰਡੀ ਵਾਲਾ ਸੁੱਧ੍ਰ ਸੈਣ; ਜੋ ਬੰਦੇ ਦਾ ਸਿਦਕੀ ਸਿੱਖ ਬਣ ਰਿਹਾ ਸੀ, ਗੁਰਦਾਸ ਪੁਰ ਬੰਦੇ ਪਾਸ ਆਇਆ ਤੇ ਕੁਛ ਦਿਨ ਰਹਿ ਕੇ ਬੰਦੇ ਨੂੰ ਭੀ ਆਪਣੇ ਨਾਲ ਹੀ ਮੰਡੀ ਵਿੱਚ ਲੈ ਗਿਆ।

## ੭੩. ਪੋਥੀ ਦੀ ਮਹਿਮਾ

ਬਾਬੇ ਬੰਦੇ ਪਾਸ ਇੱਕ ਪੋਥੀ ਲੂਣੀਏ ਸਿਧ ਦੀ ਬਖ਼ਸ਼ੀ ਹੋਈ ਸੀ, ਜਿਸ ਵਿੱਚ ਚੌਹਟ ਵਿੱਦਿਆ ਪ੍ਰਸਿੱਧ ਸਨ। ਓਸ ਵਿੱਚ ਓਹ ਮੰਤ੍ਰ ਜੰਤ੍ਰ ਤੰਤ੍ਰ ਭੀ ਸਨ ਜਿਨ੍ਹਾਂ ਦੇ ਜ਼ੋਰ ਨਾਲ ਸਚੀ ਹਜ਼ਰਾਤ ਕਰਨੇ ਸੇ ਦੇਵਤਾ ਪਰੀਆਂ, ਮੁਵੱਕਲ, ਭੂਤ ਪ੍ਰੇਤ ਸਭ ਹਾਜ਼ਰ ਹੋ ਜਾਂਦੇ ਸਨ। ਮਨ ਭਾਏ ਕੰਮ ਉਨ੍ਹਾਂ ਤੋਂ ਕਰਾ ਲੈਂਦਾ ਸੀ। ਸਭ ਤਰ੍ਹਾਂ ਦੇ ਜਾਦੂ, ਰਸਾਇਣ ਤੇ ਪਾਰਸ ਕਰ ਕੇ ਦਿਖਾ ਦੇਂਦਾ ਸੀ। ਰਾਜਾ ਸੁਧ੍ਰਸੈਣ ਨੇ ਭੇਤ ਪਾ ਕੇ ਓਸ ਪੋਥੀ ਤੇ ਇੱਕ ਗੁਟਕਾ ਜਿਸ ਦੇ ਨਾਲ ਬੰਦਾ ਉਡ ਸਕਦਾ ਸੀ,

ਦੋਵੇਂ ਚੀਜ਼ਾਂ ਗੁੰਮ ਕਰ ਲਈਆਂ। ਫੇਰ ਓਸੇ ਪੋਥੀ ਦੇ ਬਲ ਨਾਲ ਰਾਜਾ ਸੁਧ੍ਰਸੈਨ ਨੇ ਅਪਣੀ ਕਾਯਾਂ ਭੀ ਸੌ ਬਰਸ ਤਕ ਰਖੀ ਤੇ ਕਰਾਮਾਤਾਂ ਭੀ ਬੇਸ਼ੁਮਾਰ ਲੋਕਾਂ ਨੂੰ ਦਿਖਾਉਂਦਾ ਰਿਹਾ ਜੋ ਹੁਣ ਤੱਕ ਸਾਰੇ ਪਹਾੜ ਵਿੱਚ ਮਸ਼ਹੂਰ ਹਨ। ਆਖ਼ਰ ਮਰਨ ਲਗਾ ਓਹ ਦੋਵੇਂ ਚੀਜ਼ਾਂ ਦਰਿਆ ਵਿੱਚ ਸੁੱਟ ਗਿਆ। ਏਹ ਹਾਲ ਰਜਾਸਤ ਮੰਡੀ ਦੀ ਤਵਾਰੀਖ ਵਿੱਚ ਸਰ ਲੈਪਲ ਗ੍ਰੀਫਨ ਸਾਹਿਬ ਨੇ ਲਿਖਿਆ ਹੈ।

## ੭੪. ਲਾਹੌਰ ਪਰ ਚੜ੍ਹਾਈ

ਭਾਵੇਂ ਬਾਬਾ ਬੰਦਾ ਤਾਂ ਆਪਣੀ ਜਿੰਦ ਤੇ ਸ਼ਕਤੀ ਜਿਸ ਦੇ ਬਲ ਨਾਲ ਓਹ ਹਮੇਸ਼ ਫਤੇ ਪਾਉਂਦਾ ਤੇ ਲੋਕਾਂ ਨੂੰ ਦਬਾਉਂਦਾ ਰਹਿੰਦਾ ਸੀ, ਗਵਾ ਕੇ ਗੁਰਦਾਸਪੁਰ ਵਿੱਚ ਚਲਾ ਆਇਆ, ਪਰ ਫੇਰ ਭੀ ਅਸੂ ਮਹੀਨੇ ਸੰ. ੧੭੭੭ ਬਿ. ਨੂੰ ਬਾਬੇ ਬੰਦੇ ਨੇ ਆਪਣੀ ਹਿੰਮਤ ਤੇ ਕਿਸਮਤ ਅਜ਼ਮਾਉਣ ਵਾਸਤੇ ਬਹੁਤ ਫੌਜ ਕੱਠੀ ਕਰ ਮੁਸਲਮਾਨਾਂ ਤੋਂ ਲਾਹੌਰ ਛੁਡਾਉਣ ਵਾਸਤੇ ਚੜ੍ਹਾਈ ਕੀਤੀ। ਸ਼ਾਲਾਮਾਰ ਬਾਗ਼ ਪਾਸ ਜਾ ਉੱਤਰਿਆ। ਭਗਵਾਨਪੁਰੇ ਪਾਸ ਦੋ ਦਿਨ ਭਾਰੀ ਲੜਾਈ ਫੇਰ ਸ਼ੁਰੂ ਕਰ ਦਿੱਤੀ ਤਾਂ ਬੰਦੇ ਨੇ ਲੜਾਈ ਕਰਨੀ ਮੁਨਾਸਿਬ ਨਾ ਸਮਝ ਕੇ ਵਟਾਲੇ ਦੀ ਤਰਫ ਵਾਗ ਮੋੜ ਲੀਤੀ।

## ੭੫. ਬੰਦੇ ਦਾ ਦੀਪਮਾਲਾ ਪਰ ਆਉਣਾ

ਏਸ ਸਾਲ ਜਦ ਅੰਮ੍ਰਿਤਸਰ ਦੀਪਮਾਲਾ ਪਰ ਪੰਥ ਖਾਲਸਾ ਇਕੱਠਾ ਹੋਇਆ ਤਾਂ ਬਾਬੇ ਬੰਦੇ ਨੇ ਅਰਦਾਸ ਦੇ ਕੇ ਆਪਣੇ ਵਕੀਲ ਤਤ ਖਾਲਸੇ ਪਾਸ ਭੇਜ ਕੇ ਆਖਿਆ ਕਿ ਸਾਨੂੰ ਆਪਸ ਵਿੱਚ ਮੇਲ ਕਰ ਲੈਣਾ ਚਾਹੀਦਾ ਹੈ। ਮਿਲ ਕੇ ਰਹਿਣ ਦੇ ਬਹੁਤ ਸਾਰੇ ਫ਼ਾਇਦੇ ਹਨ। ਮੈਂ ਦਾਇਆ ਬਣ ਕੇ ਜੰਗ ਵਿੱਚ ਤੁਹਾਡੇ ਨਾਲ ਰਿਹਾ ਹਾਂ।

ਏਹ ਉਕਤ ਕਥਨ ਬੰਦੇ ਬਹਾਦਰ ਦਾ ਅਕਾਲ ਤਖ਼ਤ ਅੱਗੇ ਦੀਵਾਨ ਵਿੱਚ ਜਦ ਸਾਰੇ ਪੰਥ ਨੂੰ ਸੁਣਾਇਆ ਗਿਆ ਤਾਂ ਭਾਵੇਂ ਪੰਥ ਵਿੱਚ ਹੋਰ ਭੀ ਬਹੁਤ ਦਾਨੇ ਸਿਆਣੇ ਸਿੰਘ ਸਨ, ਪਰ ਜੇਹੜੇ ਨਿਹੰਗ ਸਿੰਘ ਸਨ ਓਹ ਬੋਲ ਉੱਠੇ ਕਿ ਜੇਕਰ ਬੰਦਾ ਤਤ੍ਵ ਖਾਲਸੇ ਨਾਲ ਮੇਲ ਰੱਖਣਾ ਚਾਹੁੰਦਾ ਹੈ ਤਾਂ ਆਪਣੇ ਸਾਰੇ ਬੰਦਈ ਸਿੱਖਾਂ ਸਮੇਤ ਗਲ ਵਿੱਚ ਪੱਲਾ ਪਾ ਕੇ ਹੱਥ ਜੋੜ ਕਰ ਪੰਥ ਦੇ ਦੀਵਾਨ ਅੱਗੇ ਆ ਖੜੋਵੇ, ਪਹਿਲੇ ਸਭ ਦੇ ਜੋੜੇ ਝਾੜੇ, ਫੇਰ ਤਨਖਾਹ ਬਖ਼ਸ਼ਾਵੇ, ਜੋ ਗੁਰਮਤਾ ਕਰ ਕੇ ਖਾਲਸਾ ਦੰਡ ਲਾਵੇ ਓਹ ਦੇਵੇ, ਵਾਹਿਗੁਰੂ ਜੀ ਕੀ ਫਤੇ ਬੁਲਾਵੇ, ਪਿਛਲੀ ਬੋਲ ਚਾਲ ਦੇ ਕੱਚੇ ਬੋਲੇ ਛੱਡ ਕੇ ਖਾਲਸੇ ਵਾਲੇ ਪੱਕੇ ਬੋਲੇ ਸਿੱਖੇ, ਸਭਾ ਵਿੱਚ ਗੱਦੀ ਨਾ ਬਿਛਵਾਏ, ਗੁਰੂ ਨਾ ਸਦਾਏ, ਪੰਥ ਨਾ ਚਲਾਏ। ਹੋਰ ਜੋ ਬੰਦੇ ਨੇ ਆਪ ਨੂੰ ਪੰਥ ਦਾ ਦਾਯਾ ਬਤਾਯਾ ਹੈ ਸੋ ਉਂਜ ਹੀ ਸਹੀ ਹੈ ਪਰ ਦਾਯਾ ਬਾਲਕ ਦੀ ਟਹਿਲ ਕਰਦਾ ਹੋਇਆ ਪਾਲਦਾ ਪੋਸਦਾ ਤੇ ਓਸ ਦਾ ਬਿਸਟਾ ਮੂਤ੍ਰ ਥੁਕ ਲਾਲ ਧੋਂਦਾ ਹੈ। ਉਸ ਨੂੰ ਬੱਚੇ ਦੀ ਜਾਨ ਲੈਣ ਦਾ ਹੱਕ ਨਹੀਂ ਹੁੰਦਾ। ਹੁਣ ਗੁਰੂ ਦੇ ਪੁੱਤ੍ਰ ਪੰਥ ਨੇ ਜਵਾਨ ਹੋ ਕੇ ਆਪਣਾ ਆਪ ਸੰਭਾਲ ਲੀਤਾ ਹੈ। ਧਰਮ ਦੇ ਮਾਮਲੇ ਵਿੱਚ ਉਸ ਦਾ ਦਖ਼ਲ ਨਹੀਂ ਸਹਾਰਿਆ ਜਾ ਸਕਦਾ। ਦਾਯਾ ਜਹਾਂ ਜਾਯਾ ਚਾਹੇ ਜਾਏ। ਹੋਰ ਜੋ ਬੰਦੇ ਨੇ ਬਾਂਹ ਸਾਥ ਰਹਿਣ ਦੀ ਲਾਜ ਪਾਲਣੀ ਆਖਿਆ ਹੈ, ਸੋ ਬੜੀ ਖ਼ੁਸ਼ੀ ਦੀ ਬਾਤ ਹੈ ਆਓ ਸਗੋਂ ਮੁਖੀਆ ਬਣ ਕੇ ਪੰਥ ਦਾ ਸਰੂਪ ਬਣੇ ਰਹੋ ਜੋ ਜੋ ਮ੍ਰਯਾਦਾ ਖਾਨ ਪਾਨ ਪਹਿਰਾਨ ਖ਼ਾਲਸੇ ਦੀ ਹੈ, ਸੋ ਧਾਰਣ ਕਰੋ।

ਏਹੋ ਜੇਹੇ ਜਵਾਬ ਸੁਣ ਕੇ ਬੰਦੇ ਦੇ ਵਕੀਲਾਂ ਨੇ ਬਿਨਾਂ ਢਿਲ ਜਦ ਜਾ ਕੇ ਬੰਦੇ ਦੇ ਪਾਸ ਏਹ ਸਾਰਾ ਹਾਲ ਦੱਸਿਆ। ਬੰਦੇ ਲਈ ਆਪਣਾ ਮਾਨ ਤੇ ਗੌਰਵਤਾ ਛੱਡਣੀ ਅਸੰਭਵ ਹੋ ਰਹੀ ਸੀ ਤਾਂ ਬੰਦਾ ਬੋਲਿਆ, "ਏਸ ਪੰਥ ਦੇ ਅਗਵਾਨੀ ਜਦੋਂ ਤੱਕ ਨਿਹੰਗ ਤੇ ਗੁਰਦਵਾਰੀਏ ਪੁਜਾਰੀ ਹਨ, ਓਤਨਾ ਚਿਰ ਏਹ ਪੰਥ ਕਦੇ ਉੱਨਤੀ ਨਹੀਂ ਕਰੇਗਾ।"

ਏਸ ਭਾਂਤ ਦੇ ਉਤ੍ਰ ਪ੍ਰਸ਼ਨ ਕਰ ਕੇ ਬੰਦਾ ਤਾਂ ਪੰਜ ਛੀ ਹਜ਼ਾਰ ਸਿੰਘ ਨਾਲ ਨੈਣੇ ਦੇ ਕੋਟ ਵੰਨੀ ਤੁਰ ਕੇ ਪਹਾੜਾਂ ਦੀ ਤਲੀ ਕੰਢੀ ਦੇ ਮੁਲਕ ਨੂੰ ਜੋ ਬਹੁਤ ਮਾਲਦਾਰ ਸੀ, ਲੁਟਣ ਖਸੋਟਨ ਲਗ ਪਿਆ।

ਓਸ ਰਾਜ ਰੌਲੇ ਵਿੱਚ ਹੋਰ ਭੀ ਬੇਅੰਤ ਲੁਟੇਰੇ ਬੰਦਈ ਦਲ ਨਾਲ ਰਲ ਪਏ ਜੋ ਬਾਰਾਂ ਪੰਦ੍ਰਾਂ ਹਜ਼ਾਰ ਨੇ 'ਕੱਠੇ ਹੋ ਕੇ ਧੂਮ ਮਚਾ ਦਿੱਤੀ।

## ੭੬. ਜੰਗ ਨੈਣੇ ਦੇ ਕੋਟ

ਜਦ ਉਕਤ ਹਾਲ ਦੀਆਂ ਬੇਸ਼ੁਮਾਰ ਅਰਜ਼ੀਆਂ ਨਾਜ਼ਮ ਲਾਹੌਰ ਦੇ ਪਾਸ ਭਾਵੇਂ ਲੋਗਾਂ ਨੇ ਦਿੱਤੀਆਂ, ਪਰ ਓਸ ਨੂੰ ਬੰਦੇ ਦੇ ਸਾਹਮਣੇ ਜਾਣਾ ਮਨਜ਼ੂਰ ਨਹੀਂ ਸੀ ਕਿਉਂਕਿ ਓਸ ਨੇ ਪੱਕਾ ਭਰੋਸਾ ਕਰ ਰੱਖਿਆ ਸੀ ਕਿ ਜਦ ਮੈਂ ਓਸ ਨੂੰ ਮਾਰਨੇ ਫੜਨੇ ਦੀ ਨੀਤ ਕਰਾਂਗਾ, ਓਹ ਅੱਗੇ ਹੀ ਪ੍ਰਤੀਤ ਕਰ ਕੇ ਮੈਨੂੰ ਹੀ ਮਾਰ ਦੇਵੇਗਾ। ਜਦ ਸੂਬੇਦਾਰ ਅਬਦੁਲ ਸੁਮੰਦ ਖਾਂ ਲਾਹੌਰੀ ਦਾ ਏਹ ਹਾਲ ਸੀ, ਤਾਂ ਓਸ ਦੇ ਮਾਤਹਿਤ ਫੌਜਦਾਰ ਕਦੋਂ ਖੜੇ ਹੁੰਦੇ ਸੇ? ਏਸੇ ਵਾਸਤੇ ਲੋਕਾਂ ਨੇ ਬਾਦਸ਼ਾਹ ਫਰੁਖਸੀਅਰ ਪਾਸ ਬੇਅੰਤ ਅਰਜ਼ੀਆਂ ਸ਼ਕਾਇਤੀ ਦੇ ਰਖੀਆਂ ਸਨ, ਜਿਨ੍ਹਾਂ ਤੋਂ ਖਿਝ ਕੇ ਬਾਦਸ਼ਾਹ ਨੇ ਜਲਾਲਦੀਨ ਜੰਗ ਦਲੇਰ ਬੁਲੰਦ ਖਾਂ ਵਗੈਰਾ ਨੂੰ ਦਸ ਹਜ਼ਾਰ ਫੌਜ ਸਮੇਤ ਭੇਜ ਕੇ ਸਾਰੇ ਫੌਜਦਾਰਾਂ ਦੇ ਨਾਮ ਫੁਰਮਾਨ ਜਾਰੀ ਕਰ ਦਿੱਤੇ ਕਿ ਤੁਸੀਂ ਸਭ ਆਪਣੀ ਆਪਣੀ ਫੌਜ ਲੈ ਕੇ ਨਾਜ਼ਮ ਲਾਹੌਰ ਦੇ ਨਾਲ ਰਲ ਕਰ ਬੰਦੇ ਨੂੰ ਮਾਰੋ ਯਾ ਫੜ ਕੇ ਮੇਰੇ ਪਾਸ ਭੇਜੋ। ਨਹੀਂ ਤਾਂ ਆਪ ਨੂੰ ਸ਼ਾਹੀ ਨੌਕਰ ਨਾ ਸਮਝਣਾ। ਹੁਣ ਐਸੇ ਕਰੜੇ ਸ਼ਾਹੀ ਹੁਕਮ ਦੀ ਤਾਮੀਲ ਸਭ ਨੂੰ ਕਰਨੀ ਪਈ। ਆਪਣੀ ਆਪਣੀ ਫੌਜ ਨੂੰ ਸਜਾ ਧਜਾ ਕੇ ਆ 'ਕੱਠੇ ਹੋਏ। ਤਦੋਂ ਨੂੰ ਏਧਰੋਂ ਬੰਦਈ ਸਿੰਘ ਅਠ ਕੁ ਹਜ਼ਾਰ ਜੁੜ ਕੇ ਬੰਦੇ ਬਹਾਦੁਰ ਦੇ ਸਾਥ ਹੋ ਲੀਤਾ। ਮਘਰ ਸੰ. ੧੭੭੨ ਬਿ. ਨੂੰ ਨੈਣੇ ਦੇ ਕੋਟ ਪਾਸ ਦੋਹਾਂ ਦਲਾਂ ਦਾ ਮੁਕਾਬਲਾ ਹੋ ਪਿਆ। ਬੜੇ ਜ਼ੋਰ ਸ਼ੋਰ ਨਾਲ ਦੋਹਾਂ ਪਾਸਿਆਂ ਦੇ ਬਹਾਦੁਰਾਂ ਨੇ ਜੰਗ ਕੀਤਾ। ਬੰਦਈ ਸਿੰਘ ਤਾਂ ਜਾਨਾਂ ਤੋੜ ਤੋੜ ਵਧ ਵਧ ਕੇ ਲੜਦੇ ਸਨ ਤੇ ਸ਼ਾਹੀ ਫੌਜ ਜਾਨ ਬਚਾ ਬਚਾ ਕੇ ਲੜਦੀ ਹੋਈ (ਛਜ ਓਲੇ ਯਾਰ ਪਿਟਦੀ ਸੀ) ਤਾਂ ਭੀ ਸਿੱਖਾਂ ਨਾਲੋਂ ਅੱਠ ਦਸ ਗੁਣੀ ਅਧਕ ਹੋਣੇ ਕਰ ਕਦੋਂ ਓਹ ਸਿੱਖਾਂ ਨੂੰ ਧਕੇਲ ਕੇ ਪਿੱਛੇ ਹਟਾ ਦਿੰਦੇ, ਕਦੀ ਸਿੱਖ ਓਨ੍ਹਾਂ ਨੂੰ ਪਛਾੜਦੇ ਹੋਏ ਦਬਾ ਕੇ ਲੈ ਜਾਂਦੇ ਸਨ। ਪੰਜ ਛੀ ਕੋਹ ਵਿੱਚ ਬੜਾ ਭਾਰੀ ਰਣ ਪਿਆ। ਲੋਥ ਪਰ ਲੋਥ ਚੜ੍ਹ ਗਈ। ਸੈਂਕੜੇ ਜ਼ਖ਼ਮੀ ਤੜਫਦੇ ਹੋਏ ਪਾਣੀ ਪਾਣੀ ਪੁਕਾਰ ਰਹੇ ਸਨ। ਸੂਰਬੀਰ ਮਾਰੋਮਾਰ ਉਚਾਰ ਕਰ ਸ਼ਸਤ੍ਰ ਵਾਹ ਰਹੇ ਸਨ। ਏਸੇ ਭਾਂਤ ਤੁਲਵੀਂ ਲੜਾਈ ਹੁੰਦੀ ਰਹੀ। ਹਾਰ ਜਿੱਤ ਓਸ ਦਿਨ ਕਿਸੇ ਦੀ ਨਾ ਹੋਈ ਤਦੋਂ ਨੂੰ ਸੰਝ ਹੋ ਗਈ ਤੇ ਲੜਾਈ ਠਹਿਰ ਗਈ। ਅੱਧੀ ਕੁ ਰਾਤ ਹੋਈ ਤਾਂ ਚਾਰ ਕੁ ਸੌ ਬੰਦਈ ਸਿੰਘ ਬੰਦੇ ਦਾ ਸਹਾਇਕ ਦੜਪ ਦੇਸ਼ ਵਿੱਚੋਂ ਆ ਪੁੱਜਾ। ਓਹਨਾਂ ਨੇ ਗੱਜ ਕੇ 'ਸਤਿ ਸ੍ਰੀ ਅਕਾਲ' ਬੁਲਾਇਆ ਤਾਂ ਅਕਾਸ਼ ਗੂੰਜ ਉੱਠਿਆ। ਸ਼ਾਹੀ ਸੈਨਾ ਏਹ ਅਵਾਜ਼ ਸੁਣ ਕੇ ਘਬਰਾ ਗਈ। ਓਨ੍ਹਾਂ ਨੇ ਏਹ ਜਾਣਿਆ ਕਿ ਤਤ੍ਵ ਖਾਲਸਾ ਆ ਗਜਿਆ, ਹੁਣ ਸਾਡੀ ਪੇਸ਼ ਨਹੀਂ ਜਾਣੀ। ਐਸਾ ਨਾ ਹੋਵੇ ਕਿਤੇ ਹੁਣੇ ਹੱਲਾ ਕਰ ਕੇ ਸਿੰਘ ਆ ਪੈਣ ਤੇ ਘਾਸ ਫੂਸ ਵਾਂਗੂੰ ਵੱਢ ਕੇ ਚਲੇ ਜਾਣ। ਹਾਲ ਆਪਣੀ ਜਾਨ ਬਚਾਓ। ਏਹ ਸੋਚ ਕੇ ਸ਼ਾਹੀ ਲਸ਼ਕਰ ਵਿੱਚ ਹਲਚਲੀ ਪੈਣੇ ਕਰ ਭਾਂਜ ਪੈ ਪਈ। ਸਿੱਖਾਂ ਦਾ ਪਾਸਾ ਬਚਾ ਕੇ ਭੱਜ ਤੁਰੇ ਅਫਸਰਾਂ ਨੂੰ ਭੀ ਫੌਜ ਦੇ ਨਾਲ ਹੀ ਭੱਜਣਾ ਪਿਆ। ਏਸ ਕਰ ਕੇ ਅਚਨਚੇਤ ਫਤੇ ਸਿੰਘਾਂ ਦੇ ਹੱਥ ਆ ਗਈ।

## ੭੭. ਬੰਦੇ ਨੇ ਕਿਲ੍ਹਾ ਬਨੌਣਾ

ਉਕਤ ਜੰਗ ਨੈਣੇ ਦੇ ਕੋਟ ਗਿਰਦੇ ਜੋ ਬੜਾ ਭਾਰੀ ਹੋਇਆ, ਏਥੋਂ ਜਿੱਤ ਪਾ ਕੇ ਬੰਦਾ ਭਾਰੀ ਹੰਕਾਰੀ ਹੋ ਗਿਆ। ਪਹਾੜ ਦੀ ਕੰਡੀ ਦਾ ਪਰਗਨਾ ਵਸਾਇਆ। ਰਾਵੀ ਦੇ ਵਿਚਕਾਰ ਦੂਰ ਦੂਰ ਤੱਕ ਬੰਦਈ ਸਿੰਘਾਂ ਦੇ ਸ਼ਰਰੇ ਲੁੱਟ ਖਸੋਟ ਕਰਦੇ ਹੋਏ ਫਿਰ ਨਿੱਕਲੇ। ਸਾਮਾਨ ਤੇ ਨਕਦ ਬਹੁਤ ਹੱਥ ਆਇਆ, ਜੋ ਬੰਦੇ ਨੇ ਆਪਣੇ ਰਾਜ ਦੀ ਕਾਇਮੀ ਕਰਨ ਵਾਸਤੇ ਕੋਟ ਮਿਰਜ਼ਾ ਜਾਨ ਦੇ ਪਾਸ ਜੋ ਕਿਲ੍ਹਾ ਬਣਾਉਣਾ ਆਰੰਭਿਆ ਹੋਇਆ ਸੀ ਓਸ ਦੀ ਪੁਖਤਾਈ ਕਰਨ ਵਾਸਤੇ ਬਹੁਤ ਰਾਜ ਮਜੂਰ ਲਾ ਦਿੱਤੇ। ਨਾਲ ਬੰਦਈ ਸਿੱਖ ਆਪ ਵੀ ਹਰ ਪ੍ਰਕਾਰ ਦੀ ਸੇਵਾ ਬੜੀ ਸ਼ਰਧਾ ਸਾਥ ਕਰ ਰਹੇ ਸਨ ਕਿਉਂਕਿ ਓਨ੍ਹਾਂ ਨੂੰ ਭਰੋਸਾ ਸੀ ਹੁਣ ਬਾਬਾ ਬੰਦਾ ਕੋਈ ਦਿਨ ਨੂੰ ਮਾਝੇ ਦੇਸ ਦਾ

ਮਾਲਕ ਸੁਤੰਤ੍ਰ ਰਾਜਾ ਬਣ ਜਾਏਗਾ। ਅਸੀਂ ਸਭ ਲੋਕ ਜਾਗੀਰਦਾਰ ਹੋਵਾਂਗੇ। ਏਹੋ ਜੇਹੇ ਖਯਾਲੀ ਪਲਾਉ ਪਕਾਉਂਦੇ ਹੋਏ ਮਨੋਂ ਤਨੋਂ ਕੰਮ ਵਿੱਚ ਲੱਗ ਰਹੇ ਸਨ। ਏਹ ਕਿਲ੍ਹਾ ਬਾਬੇ ਬੰਦੇ ਨੇ ਕਲਾਨੌਰ ਤੇ ਬਟਾਲੇ ਨੂੰ ਮਾਰ ਕੇ ਏਸ ਖ਼ਿਆਲ ਨਾਲ ਕੱਸੀ ਨਦੀ ਦੇ ਕਿਨਾਰੇ ਬਹੁਤ ਚੰਗੀ ਜਗ੍ਹਾ ਦੇਖ ਕੇ ਆਰੰਭਿਆ ਸੀ, ਕਿਉਂਕਿ ਏਥੋਂ ਇੱਕ ਪਾਸੇ ਬੜਾ ਲੰਬਾ ਚੌੜਾ ਹਰਾ ਭਰਾ ਸੰਘਣਾ ਜੰਗਲ ਸੀ, ਜੇ ਹਾਰੇ ਤਾਂ ਏਸ ਬਣ ਥਾਣੀ ਪਹਾੜਾਂ ਵਿੱਚ ਜਾ ਵੜਾਂਗੇ। ਦੂਜੇ ਪਾਸੇ ਮੈਦਾਨ ਤੇ ਪਾਣੀ ਦੀ ਬਹੁਲਤਾ ਦੇਖ ਲੀਤੀ ਸੀ। ਤਾਹੀਂ ਏਸੇ ਕਿਲ੍ਹੇ ਵਿੱਚ ਜੰਗ ਦਾ ਸਾਮਾਨ ਜਮ੍ਹਾਂ ਕਰ ਰਿਹਾ ਸੀ।

## ੭੮. ਫਰੁਖਸੀਅਰ ਨੂੰ ਖ਼ਬਰ ਹੋਣੀ

ਖਾਫ਼ੀ ਖਾਂ ੧੦੯ ਸਫੇ ਪਰ ਲਿਖਦਾ ਹੈ ਕਿ ਜਦ ਬਾਦਸ਼ਾਹ ਨੇ ਸਿੱਖਾਂ ਦੇ ਦੋ ਧੜੇ ਆਪਸ ਵਿੱਚ ਵਿਰੋਧੀ ਹੋਏ ਸੁਣੇ ਤਾਂ ਬੜੀ ਖ਼ੁਸ਼ੀ ਮਨਾਈ। ਤਤ੍ਰ ਖਾਲਸੇ ਨੂੰ ਬਹੁਤ ਖਿਲਤ ਇਨਾਮ ਦੇ ਕੇ ਵਡਿਆ ਕਰ ਬਡੇ ਪ੍ਰੇਮ ਨਾਲ ਧਿਜਾ ਧਿਜਾ ਕੇ ਸਿੱਖਾਂ ਨੂੰ ਮਸਾਂ ਮਸਾਂ ਆਪਣੇ ਕੀਤਾ ਸੀ। ਫੇਰ ਜਦ ਏਧਰੋਂ ਜੰਗ ਕੋਟ ਨੈਣੇ ਦੀ ਤੇ ਬੰਦੇ ਦੇ ਕਿਲ੍ਹਾ ਬਣਾਉਣ ਦੀ ਖ਼ਬਰ ਫੁਰਖਸੀਅਰ* ਬਾਦਸ਼ਾਹ ਨੂੰ ਪਹੁੰਚੀ, ਤਾਂ ਉਸ ਨੇ ਦਲੇਰ ਜੰਗ ਨਾਜ਼ਮ ਲਾਹੌਰ ਨੂੰ ਲਿਖ ਭੇਜਿਆ ਕਿ ਬੰਦੇ ਨੂੰ ਫੜ ਕੇ ਮੇਰੇ ਪਾਸ ਭੇਜ ਦਿਓ। ਸਾਥ ਹੀ ਗੁਜਰਾਤ ਦੇ ਫੌਜਦਾਰ ਮੀਰ ਅਹਿਮਦ ਖਾਂ ਨੂੰ ਤੇ ਅਰਾਦਤ ਖਾਂ ਏਮਨਾਬਾਦੀ ਤੇ ਨੂਰਮੁਹੰਮਦ ਖਾਂ ਨੁਰੰਗਾਬਾਦ ਦੇ ਫੌਜਦਾਰ ਨੂੰ, ਸ਼ੇਖ ਮੁਹੰਮਦ ਦਾਇਮ ਪਸਰੂਰੀ ਨੂੰ, ਸੁਹਰਾਬ ਖਾਂ ਕਲਾਨੌਰੀ ਨੂੰ, ਅਬਦੁਲ ਸਮੁੰਦ ਫੌਜਦਾਰ ਵਗੈਰਾ ਕਈ ਫੌਜਦਾਰ ਭੇਜੇ। ਬਾਕੀ ਦਿੱਲੀ ਤੋਂ ਫੌਜ ਰਵਾਨਾ ਕੀਤੀ।

## ੭੯. ਜੰਗ ਗੁਰਦਾਸਪੁਰ

ਏਹ ਖ਼ਬਰ ਸੁਣ ਕੇ ਬੰਦੇ ਨੇ ਕਿਲ੍ਹੇ ਦਾ ਬਣਾਉ ਤਨਾਉ ਛੱਡ ਕੇ ਸਤ ਅਠ ਹਜ਼ਾਰ ਸਿੱਖਾਂ ਨੂੰ ਲੈ ਕੇ ਮੁੜ ਗੁਰਦਾਸਪੁਰ ਦੁਨੀ ਚੰਦ ਦੀ ਹਵੇਲੀ; ਜੋ ਕਿਲ੍ਹੇ ਵਰਗੀ ਬਹੁਤ ਪੁਖਤਾ ਸੀ, ਜ਼ੋਰੇ ਜ਼ੋਰੀ ਮੱਲ ਕੇ ਲੜਨੇ ਦੀ ਤਿਆਰੀ ਕਰ ਲੀਤੀ। ਓਧਰੋਂ ਸ਼ਾਹੀ ਫੌਜ ਪੰਦ੍ਰਾਂ ਕੁ ਹਜ਼ਾਰ ਸਵਾਰ ਪਿਆਦਾ ਲੈ ਕੇ ਜਲਾਲਦੀਨ ਤੂਰਾਨੀ ਜੰਗ ਦਲੇਰ ਤੇ ਮੁਹੰਮਦ ਅਕਬਰ ਖਾਂ ਵਗੈਰਾ ਫੌਜਦਾਰ ਬੇਸ਼ੁਮਾਰ ਢੋਲ ਨਗਾਰੇ ਵਜਾਉਂਦੇ ਹੋਏ ਆ ਪੁਜੇ। ਲੜਾਈ ਸ਼ੁਰੂ ਹੋ ਗਈ। ਪਰ ਬੰਦੇ ਦੇ ਜਾਦੂ ਦਾ ਡਰ ਤੁਰਕਾਂ ਦੇ ਮਨ ਪਰ ਐਸਾ ਅਸਰ ਕਰ ਚੁੱਕਾ ਸੀ, ਜੈਸਾ ਹਊਏ ਦਾ ਡਰ ਤਿੰਨ ਚਾਰ ਬਰਸ ਦੇ ਬਾਲਕ

---

*ਫਰੁਖਸੀਅਰ ਬਹਾਦਰ ਸ਼ਾਹ ਬਾਦਸ਼ਾਹ ਦਾ ਪੋਤਾ ਔਰੰਗਜ਼ੇਬ ਦਾ ਪੜੋਤਾ ਸੀ। ਨੌਰੰਗੇ ਦੇ ਤਿੰਨ ਪੁਤ ਸਨ। ਮੁਅੱਜਮਸ਼ਾਹ ਵੱਡਾ ਸੀ ਜੋ ਤਖ਼ਤ 'ਤੇ ਬੈਠ ਕੇ ਬਹਾਦਰ ਸ਼ਾਹ ਮਸ਼ਹੂਰ ਹੋਇਆ। ਏਹੋ ਬੰਦਈ ਦਲ ਨਾਲ ਲੋਹਗੜ੍ਹ ਦੇ ਕਿਲ੍ਹੇ ਪਰ ਕਈ ਮਹੀਨੇ ਲੜਦਾ ਰਿਹਾ। ਫੇਰ ਲਾਹੌਰ ਜਾ ਕੇ ਪਗਲਾ ਹੋ ਗਿਆ। ਪਹਿਲੇ ਪਰਗਣੇ ਦੇ ਕੁੱਤੇ ਮਰਵਾਏ। ਫੇਰ ਮੁਲਾਣਿਆਂ ਦੇ ਕੰਨ ਭਰ ਦਿੱਤੇ ਕਿ ਕੁਫਰ ਬਹੁਤ ਵਧ ਗਿਆ ਹੈ। ਬਹਾਦਰ ਸ਼ਾਹ ਨੇ ਬੇ ਸ਼ੁਮਾਰ ਹਿੰਦੂ ਬੇਗੁਨਾਹ ਮਰਵਾ ਸੁੱਟੇ। ਜਿਨ੍ਹਾਂ ਵੰਨੀ ਮੁਲਾਣਿਆਂ ਕਾਜ਼ੀਆਂ ਨੇ ਉਂਗਲ ਕੀਤੀ, ਓਨ੍ਹਾਂ ਦੇ ਹੀ ਸਿਰ ਕਲਮ ਹੋ ਗਏ। ਓਸ ਸਮੇਂ ਰਾਵੀ ਕਨਾਰੇ ਬੈਰਾਗੀ ਜੋਗੀ ਫ਼ਕੀਰ ਬਹੁਤ ਰਿਹਾ ਕਰਦੇ ਸਨ। ਸੰਖ ਦੇ ਵੱਜਨ ਦੀ ਸ਼ਕਾਇਤ ਕਰ ਕੇ ਮੁਲਾਣਿਆਂ ਨੇ ਓਹ ਸਾਧੂ ਬਹੁਤੇ ਮਰਵਾ ਸੁੱਟੇ। ਬਾਕੀ ਭੱਜ ਗਏ। ਫੇਰ ਕਿਤੇ ਗਧਾ ਹੀਂਗਦਾ ਸੁਣ ਕੇ ਬਾਦਸ਼ਾਹ ਨੇ ਗਧੇ ਮਰਵਾਏ। ਓੜਕ ਫਗਨ ਸੰਮਤ ੧੭੬੯ ਨੂੰ ਮਰ ਗਿਆ।

ਪਿੱਛੋਂ ਓਸ ਦੇ ਪੁੱਤਰਾਂ ਵਿੱਚ ਝਗੜਾ ਅੱਠ ਮਹੀਨੇ ਰਿਹਾ। ਤਦੋਂ ਸਿੰਘਾਂ ਨੇ ਚੰਗੀ ਤਰ੍ਹਾਂ ਸੋਧ ਕੀਤੀ। ਓਸ ਦੇ ਚਾਰ ਬੇਟੇ ਸਨ, ਅਜੀਮਸ਼ਾਹ, ਜਹਾਨਸ਼ਾਹ, ਰਫੀਉਲਸਾਂਨ, ਜਹਾਂਦਾਰ ਸ਼ਾਹ। ਅੰਤ ਨੂੰ ਦਗ਼ੇ ਫਰੇਬ ਜੰਗ ਕਰ ਕਰ ਜਹਾਂਦਾਰ ਸ਼ਾਹ ਓਨ੍ਹਾਂ ਤਿੰਨਾਂ ਨੂੰ ਮਾਰ ਕੇ ਤਖ਼ਤ ਪਰ ਬੈਠਾ। ਏਹ ਬਹੁਤ ਹੋਛਾ ਦਿਲ ਚਲਾ ਤਮਾਸ਼ਬੀਨ ਸੀ, ਜਿਤਨੇ ਅਮੀਰ ਇਸ ਦੇ ਭਾਈਆਂ ਦੇ ਸਾਥ ਸਨ, ਏਸ ਨੇ ਸਭ ਮਰਵਾ ਸਿੱਟੇ। ਨਾਈ, ਧੋਬੀ, ਡੂੰਮ, ਭੰਡ, ਕੰਜਰ ਏਸ ਦੇ ਅਹਿਲਕਾਰ ਸਨ। ਹਰ ਵੇਲੇ ਤਬਲਾ ਸਰੰਗੀ ਵਜਦੇ, ਮੁਜਰੇ ਹੁੰਦੇ ਰਹਿੰਦੇ ਸਨ। ਸੰਮਤ ੧੭੭੦ ਬਿਕ੍ਰਮੀ ਨੂੰ ਏਸੇ ਦੇ ਵੇਲੇ ਐਸਾ ਕਾਲ ਪਿਆ ਚਾਰ ਸੇਰ ਕੱਚਾ ਅਨਾਜ ਨਾ ਲਭਿਆ। ਸੈਂਕੜੇ ਮੁੰਡੇ ਕੁੜੀਆਂ ਇੱਕ ਇੱਕ ਰੁਪਏ ਨੂੰ ਵਿਕੇ ਅਰ ਭੁੱਖ ਦੇ ਦੁੱਖ ਨਾਲ ਬੇਅੰਤ ਬੱਚੇ ਖਾਧੇ ਗਏ। ਬੇਅੰਤ ਖਲਕਤ ਭੁੱਖੀ ਮਰ ਗਈ। ਬਾਦਸ਼ਾਹ ਤੋਂ ਕੋਈ ਇੰਤਜ਼ਾਮ ਨਾ ਹੋਇਆ ਤੇ ਬੰਦੇ ਨੇ ਬਹੁਤ ਲੁੱਟ ਖਸੋਟ ਰੱਖੀ। ਓੜਕ ਫਰੁਖਸੀਅਰ ਜਹਾਂਦਾਰ ਦੇ ਭਤੀਜੇ ਨੇ ਜੋ ਬੰਗਾਲੇ ਦਾ ਸੂਬਾ ਸੀ, ਆਪਣੇ ਬਾਪ ਦਾ ਵੈਰ ਲੈਣ ਵਾਸਤੇ ਬੜੀ ਭਾਰੀ ਲੜਾਈ ਮਾਰੀ। ਸੱਯਦਾਂ ਵਜ਼ੀਰਾਂ ਦੀ ਸਹਾਇਤਾ ਨਾਲ ਫਤੇ ਪਾ ਕਰ ਜਹਾਂਦਾਰ ਸ਼ਾਹ ਨੂੰ ਮਾਰ ਕੇ ਬਾਦਸ਼ਾਹ ਬਣ ਗਿਆ। ਜਹਾਂਦਾਰ ਸ਼ਾਹ ਨੇ ਤੇਰਾਂ ਮਹੀਨੇ ਬਾਦਸ਼ਾਹੀ ਭੋਗੀ। ਫਰੁਖਸੀਅਰ ਬੜਾ ਭਾਰੀ ਮੁਤੱਸਬ ਨਿਰਦਈ, ਛਲੀਆ, ਦਗੇਦਾਰ, ਸੁਖਨ ਦਾ ਝੂਠਾ ਤੇ ਫਰੇਬੀ ਸੀ। ਭਾਵੇਂ ਕਈ ਬਰਸ ਬੰਦੇ ਨਾਲ ਲੜਦਾ ਭਿੜਦਾ ਰਿਹਾ, ਪਰ ਸਿੰਘਾਂ ਨੇ ਭੀ ਓਸ ਨੂੰ ਸੌਣ ਨਹੀਂ ਦਿੱਤਾ।

Humble service provided by Bhai Baljinder Singh (Rara Sahib)

ਨੂੰ ਹੁੰਦਾ ਹੈ। ਬੰਦੇ ਪਾਸ ਕਾਹਲ ਦੇ ਸਬੱਬ ਦਾਣਾ ਘਾਸ ਬਹੁਤ ਥੋੜਾ ਜਮ੍ਹਾਂ ਹੋਣਾ ਪਾਇਆ ਸੀ। ਸ਼ਹਿਰ ਦੀ ਚੀਜ਼ ਉਠਾਣ ਤੋਂ ਬੰਦੇ ਨੇ ਸਿੱਖਾਂ ਨੂੰ ਪਹਿਲੇ ਹੀ ਕਸਮ ਦੇ ਰਖੀ ਸੀ ਕਿਉਂਕਿ ਓਹ ਜਾਣਦਾ ਸੀ ਕਿ ਜੇ ਸ਼ਹਿਰ ਦੀ ਕੋਈ ਚੀਜ਼ ਸਿੱਖ ਚੁੱਕਣਗੇ ਤਾਂ ਸ਼ਹਿਰੀ ਲੋਕ ਵੈਰੀ ਬਣ ਕੇ ਗੜੀ ਵਿੱਚ ਨਾ ਰਹਿਣ ਦੇਣਗੇ। ਦੋਹਾਂ ਪਾਸਿਆਂ ਦੀ ਮਾਰ ਤੋਂ ਬਚਣਾ ਮੁਹਾਲ ਹੋ ਜਾਊ।

## ੮੦. ਕਹੀ ਕਰਨ ਗਿਆਂ ਜੰਗ ਹੋਣਾ

ਦਸ ਕੁ ਦਿਨ ਤਾਂ ਸਿੱਖ ਅੰਦ੍ਰੋਂ ਲੜਦੇ ਰਹੇ। ਤਦੋਂ ਨੂੰ ਦਾਣਾ ਘਾਸ ਮੁੱਕ ਜਾਣੇ ਕਰ ਇੱਕ ਦਿਨ ਚਾਰ ਕੁ ਹਜ਼ਾਰ ਸਿੱਖ ਬੰਦਈ ਕਹੀ ਕਰਨ ਵਾਸਤੇ ਬਾਹਰ ਚਲੇ ਗਏ। ਦਾਣੇ ਘਾਸ ਦੇ ਘੋੜੇ ਖੱਚਰਾਂ ਲੱਦ ਕੇ ਮੁੜੇ ਤਾਂ ਤੁਰਕੀ ਫੌਜਦਾਰਾਂ ਨੇ ਪੰਜ ਕੁ ਹਜ਼ਾਰ ਸਵਾਰ ਪਿਆਦਾ ਲੈ ਜਾ ਕੇ ਸਿੱਖ ਘੇਰ ਲਏ। ਬਹੁਤ ਕਟਾ ਵੱਢ ਹੋਈ, ਅਚਨਚੇਤ ਬੰਦਈ ਸਿੰਘ ਪੰਜ ਕੁ ਸੌ ਮਝੈਲ ਆ ਪੁੱਜਾ। ਓਹ ਬਿਸਮੇ ਹੋਏ ਐਸੇ ਜ਼ੋਰੋ ਜ਼ੋਰ ਲੜੇ ਤੁਰਕਾਂ ਦੇ ਪੈਰ ਹਿਲਾ ਦਿੱਤੇ। ਆਪ ਸਾਥੀਆਂ ਸਮੇਤ ਦਾਣਾ ਘਾਸ ਰਸਤਾਂ ਲੈ ਕੇ ਗੜੀ ਵਿੱਚ ਆ ਵੜੇ। ਏਹ ਸਹਿਲ ਜਹੀ ਫਤੇ ਤੋਂ ਸਿੰਘਾਂ ਦੇ ਦਿਲ ਬਹੁਤ ਵਧ ਗਏ।

ਓਸ ਵੇਲੇ ਪਹਾੜੀ ਰਾਜੇ ਭੀ, ਧ੍ਰੂਵ ਦੇਵ ਕਟੋਚੀਆ, ਰਾਜਾ ਭੀਮ ਦੇਵ ਜੰਮੂਵਾਲਾ ਵਗ਼ੈਰਾ ਆ ਪੁਜੇ, ਚੁਫੇਰੇ ਘੇਰੇ ਘਤ ਬੈਠੇ, ਪਰ ਬੰਦੇ ਦੇ ਜਾਦੂ ਤੋਂ ਡਰਦਾ ਕੋਈ ਨੇੜੇ ਨਾ ਆਵੇ। ਬੰਦੇ ਦੇ ਲਸ਼ਕਰ ਨੂੰ ਬਾਹਰ ਜਾਣੋਂ ਭਾਵੇਂ ਬੰਦ ਬਥੇਰਾ ਕੀਤਾ, ਪਰ ਤਾਂ ਭੀ ਬੰਦਈ ਹਟੇ ਨਾ ਤਾਂ ਐਸਾ ਸਖ਼ਤ ਬੰਦੋਬਸਤ ਸ਼ਾਹੀ ਅਫਸਰਾਂ ਨੇ ਕੀਤਾ ਇੱਕ ਭੀ ਸਿਪਾਹੀ ਬਾਹਰ ਨਾ ਹੋਣਾ ਪਾਵੇ। ਚਾਰ ਕੁ ਮਹੀਨੇ ਲੜਾਈ ਹੁੰਦੀ ਰਹੀ। ਬਹੁਤੇ ਤਾਂ ਭੁੱਖੇ ਮਰ ਗਏ। ਕੁਛ ਬਾਹਰ ਨਿੱਕਲ ਕੇ ਲੜ ਲੜ ਕੇ ਮਰ ਗਏ। ਘੋੜੇ ਖੱਚਰ ਭੀ ਕੱਟ ਕੇ ਖਾ ਲੀਤੇ। ਜੇ ਕਦੇ ਬੰਦਾ ਕਿਲ੍ਹੇ ਵਿੱਚ ਨਾ ਘਿਰਦਾ, ਮੈਦਾਨ ਵਿੱਚ ਲੜਦਾ ਤਾਂ ਸਿੰਘ ਕਦੇ ਨਾ ਹਾਰਦੇ। ਭਾਵੀ ਨੇ ਐਸੀ ਪੁਠੀ ਭਵਾਲੀ ਦਿੱਤੀ ਫੇਰ ਭੀ ਕਿਲ੍ਹੇ ਤੋਂ ਬਾਹਰ ਨਾ ਹੋਇਆ। ਜੇ ਕਦੇ ਸਾਰੇ ਸਿੱਖਾਂ ਸਮੇਤ ਹੱਲਾ ਕਰ ਕੇ ਵੈਰੀਆਂ ਉੱਤੇ ਬਾਹਰ ਟੁੱਟ ਪੈਂਦਾ ਤਾਂ ਜ਼ਰੂਰ ਸ਼ਾਹੀ ਫੌਜ ਭੱਜਣ ਨੂੰ ਤਿਆਰ ਬੈਠੀ ਸੀ। ਪਰ ਹੋਣੀ ਨੂੰ ਕੌਣ ਮੋੜੇ? ਕੁਝ ਨਾ ਸੁਝਿਆ। ਚਾਰ ਮਹੀਨੇ ਲੜਾਈ ਹੁੰਦੀ ਰਹੀ। ਓੜਕ ਕਮਰਦੀਨ ਖਾਂ ਨੇ ਜੋ ਦਿੱਲੀ ਤੋਂ ਫੌਜ ਲੈ ਕੇ ਆਇਆ ਸੀ, ਇਸ਼ਤਿਹਾਰ ਦੇ ਕੇ ਰਹਿਮਾਨੀ ਨਾਮ ਝੰਡਾ ਖੜਾ ਕਰ ਕੇ ਹੁਕਮ ਦਿੱਤਾ ਕਿ ਜੋ ਸਿਪਾਹੀ ਨੇ ਜਾਨ ਅਮਾਨ ਲੈ ਕੇ ਘਰ ਜਾਣਾ ਹੋਵੇ, ਸ਼ਸਤ੍ਰ ਸਿੱਟ ਕੇ ਏਸ ਝੰਡੇ ਹੇਠ ਆ ਜਾਵੇ। ਖ਼ਰਚ ਦੇ ਕੇ ਘਰ ਪੁਚਾਯਾ ਜਾਵੇਗਾ। ਏਹ ਹੁਕਮ ਸੁਣ ਕੇ ਬਹੁਤੇ ਹਿੰਦੂ ਅਧਮੋਏ ਜੇਹੇ ਮਜਨੂੰ ਦੀ ਸ਼ਕਲ ਭੁੱਖ ਦੇ ਮਾਰੇ ਡਿਗਦੇ ਢਹਿੰਦੇ ਓਸ ਝੰਡੇ ਹੇਠ ਜਾ ਪਏ। ਜਦ ਤਿੰਨ ਕੁ ਸੌ ਆਦਮੀ ਕੱਠਾ ਹੋ ਗਿਆ ਪਹਿਲੇ ਤਾਂ ਓਨ੍ਹਾਂ ਨੂੰ ਹਿੰਦੂਆਂ ਤੋਂ ਚਾਵਲ ਖਿਚੜੀ ਬਨਵਾ ਕੇ ਖਵਾਉਂਦੇ ਰਹੇ। ਬਾਕੀ ਜਦ ਸੱਚੇ ਸਿਦਕੀਆਂ ਨੇ ਮਰਣਾ ਕਬੂਲ ਕਰ ਬਾਹਰ ਆਉਂਣਾ ਛੱਡ ਦਿੱਤਾ ਤਾਂ ਮੁਸਲਮਾਨਾਂ ਨੇ ਆਪਣੀ ਜ਼ੁਬਾਨ ਨੂੰ ਆਪੇ ਐਡੀ ਬੇਈਮਾਨੀ ਬਦਨੀਤੀ ਕੀਤੀ ਜਿਤਨੇ ਆਦਮੀ ਬਾਹਰ ਆਏ ਸਨ ਸਭ ਨੂੰ ਪਹਿਲੇ ਦੀਨ ਮੰਨਾਉਣਾ ਚਾਹਿਆ ਜਦ ਇੱਕ ਨੇ ਭੀ ਨਾ ਮੰਨਿਆ ਤਾਂ ਸਭ ਕਤਲ ਕਰਵਾ ਸੁੱਟੇ। ਏਸ ਮਹਾਂ ਹਤਜਾ ਨੂੰ ਦੇਖ ਸੁਣ ਕੇ ਸਾਰੇ ਦੇਸ ਦੇ ਲੋਗ ਫੌਜਦਾਰਾਂ ਨੂੰ ਲਾਨ੍ਹਤ ਦੀ ਪਦਵੀ ਦੇਂਦੇ ਹੋਏ ਰਹਿਮਾਨੀ ਝੰਡੇ ਨੂੰ ਕਹਿਰਾਨੀ ਕਹਿ ਰਹੇ ਸਨ। ਭਾਵੇਂ ਏਸ ਭਾਂਤ ਤੁਰਕਾਂ ਨੇ ਆਪਣੇ ਇਮਾਨ ਪੈਮਾਨੇ ਨੂੰ ਬੇਜਾਨ ਕਰ ਕੇ ਅਪਜਸ ਬਹੁਤ ਲੀਤਾ ਤੇ ਸਿੰਘ ਬੀ ਬੰਦੇ ਪਾਸ ਥੋੜ੍ਹੇ ਹੀ ਰਹਿ ਗਏ ਸਨ, ਪਰ ਗੜੀ ਉੱਤੇ ਹੱਲਾ ਕਰ ਕੇ ਅੰਦਰ ਵੜਨੋਂ ਐਉਂ ਡਰਦੇ ਰਹੇ ਜਿਕੂੰ ਬਿੱਲੀ ਤੋਂ ਮੂਸਾ। ਗੜੀ ਹਿਮਾਲ ਦਿਸਦੀ ਸੀ, ਅੱਗੇ ਕੌਣ ਵਧੇ? ਕੇਵਲ ਘੇਰਾ ਹੀ ਘੱਤ ਕੇ ਬੈਠੇ ਫੋਕੇ ਤੜਾਕੇ ਛੱਡਦੇ ਰਹੇ।

Humble service provided by Bhai Baljinder Singh (Rara Sahib)

## ੮੧. ਬਾਬੇ ਬੰਦੇ ਨੇ ਫੜੇ ਜਾਣਾ

ਅੰਦਰ ਬੰਦੇ ਨੂੰ ਬੜੀ ਉਮੈਦ ਸੀ ਕਿ ਤਤ੍ਵ ਖਾਲਸੇ ਵੱਲੋਂ ਸ਼ਾਇਦ ਕੁਝ ਮਦਦ ਮਿਲ ਜਾਏ, ਐਸ ਵੇਲੇ ਔਕੜ ਦੀ ਬਣੀ ਨੂੰ ਓਹ ਜ਼ਰੂਰ ਮੇਰੀ ਸਹਾਇਤਾ ਕਰਨਗੇ, ਪਰ ਮੁਸਲਮਾਨ ਹਾਕਮਾਂ ਵੱਲੋਂ ਹਾਲਤ ਕੁਝ ਅਜਿਹੀ ਪੇਚੀਦਾ ਬਣਾ ਦਿੱਤੀ ਗਈ ਸੀ ਕਿ ਖਾਲਸਾ ਨਾ ਅਪੜ ਸਕਿਆ। ਬਾਬੇ ਬੰਦੇ ਨੂੰ ਵੀ ਓਸ ਦੀ ਬਹਾਦਰੀ ਨੇ ਬੈਠਣ ਨਾ ਦਿੱਤਾ। ਚਾਰ ਕੁ ਹਜ਼ਾਰ ਸਿੱਖ ਜੋ ਕਿਲ੍ਹੇ ਅੰਦਰ ਭੁੱਖੇ ਪਿਆਸੇ ਸੀ, ਸਭ ਨੂੰ ਨਾਲ ਲੈ ਕੇ ਬਾਹਰ ਆ ਗਿਆ। ਸਿੰਘ ਭੀ ਮਰਨਾ ਮੰਡ ਕੇ ਕਮਰ ਤੇ ਪੇਟ ਕਸ ਕਸ ਕੇ ਤੇਗਾਂ ਸੂਤ ਸੂਤ ਮੁਸਲਮਾਨਾਂ ਦੇ ਲਸ਼ਕਰ ਵਿੱਚ ਜੋ ਕਾਲੀ ਘਟਾਂ ਦੀ ਤਰ੍ਹਾਂ ਉਮਡ ਰਿਹਾ ਸੀ, ਬਿਜਲੀ ਵਾਂਗੂੰ ਧਸ ਗਏ। ਆਪ ਤੋਂ ਚੌਗੁਣਿਆਂ ਨੂੰ ਮਾਰ ਕੇ ਭੁੱਖ ਦੇ ਮਾਰੇ ਕਮਜ਼ੋਰ, ਬੇਹੋਸ਼ ਹੋ ਹੋ ਕਰ ਗਿਰ ਗਿਰ ਸ਼ਹੀਦ ਹੋ ਗਏ। ਕੁਝ ਫੜ ਲੀਤੇ। ਲਿਖਿਆ ਹੈ ਕਿ ਜਦ ਬੰਦਾ ਬਹਾਦਰ ਤੁਰਕੀ ਫੌਜ ਦੇ ਘੇਰੇ ਵਿੱਚ ਆ ਗਿਆ, ਤਾਂ ਫੜਨ ਵਾਸਤੇ ਓਸ ਦੇ ਸਾਹਮਣੇ ਕੋਈ ਨਾ ਜਾਵੇ। ਓੜਕ ਕਦਮ ਕਦਮ ਚੁਫੇਰੇ ਤੋਂ ਵਧ ਕੇ ਜਦ ਨੇੜੇ ਢੁਕੇ ਤਾਂ ਇੱਕ ਤਰਫ ਨੂੰ ਬੰਦਾ ਝੁਕਿਆ, ਜਿਸ ਨਾਲ ਅਨੇਕ ਦਹਿਸ਼ਤ ਖਾ ਕੇ ਗਿਰ ਗਏ। ਪੰਜਾਹ ਆਦਮੀ ਕਤਲ ਹੋਏ ਤਾਂ ਬੰਦਾ ਫੜਿਆ ਗਿਆ, ਸ਼ਾਹੀ ਫੌਜ ਨੇ ਗੜ੍ਹੀ ਅੰਦਰ ਵੜ ਕੇ ਬੰਦੇ ਦਾ ਖ਼ਜ਼ਾਨਾ ਸਭ ਲੁੱਟ ਲਿਆ। ਬਲਕਿ ਲੋਭ ਦੇ ਵੱਸ ਹੋ ਕੇ ਸਾਰੀ ਗੜੀ ਪੁੱਟ ਕੇ ਪੋਲੀ ਕਰ ਛੱਡੀ।

ਹੁਣ ਏਥੇ ਤਵਾਰੀਖਾਂ ਵਾਲੇ ਕੋਈ ਮੁਸਲਮਾਨ ਜੰਬੂਰਾਂ ਨਾਲ ਬੰਦੇ ਦਾ ਮਾਸ ਤੋੜ ਤੋੜ ਮਾਰਿਆ ਲਿਖਦੇ ਹਨ, ਕੋਈ ਟੁਕੜੇ ੨ ਕਰ ਕੁੱਤੇ ਚੀਲਾਂ ਨੂੰ ਖੁਲਾਇਆ ਕਹਿੰਦੇ ਹਨ, ਕੋਈ ਦੱਸਦਾ ਹੈ ਪਹਿਲੇ ਅੰਨ੍ਹਾ ਕਰ ਕੇ ਫੇਰ ਜਮਨਾ ਕਨਾਰੇ ਕਤਲ ਕਰਾ ਸੁੱਟਿਆ। ਏਸੇ ਤਰ੍ਹਾਂ ਅੰਗ੍ਰੇਜ਼ੀ ਹਿਸਟਰੀਆਂ ਦੀ ਭੀ ਇੱਕ ਰਾਇ ਨਹੀਂ। ਬੰਦਈ ਸਿੰਘ ਕੁਛ ਹੋਰ ਹੀ ਬਤਾਉਂਦੇ ਹਨ। ਹੁਣ ਅਸੀਂ ਸਾਰੀਆਂ ਤਵਾਰੀਖਾਂ ਤੇ ਲੋਕਾਂ ਦੀਆਂ ਜ਼ੁਬਾਨਾਂ ਦਾ ਸਹੀ ਸਹੀ ਸਾਰ ਦਸਦੇ ਹਾਂ।

## ੮੨. ਬੰਦੇ ਦੀ ਕੈਦ ਦਾ ਹਾਲ

ਜਦ ਮਾਘ ਫਗਣ ਦੇ ਦਿਨਾਂ ਵਿੱਚ ਸੰ. ੧੭੭੮ ਬਿ. ਨੂੰ ਪੰਜ ਕੁ ਸੌ ਸਿੰਘ ਤੇ ਬਾਬਾ ਬੰਦਾ ਇੱਕ ਬੇਟੇ ਤੇ ਇਸਤ੍ਰੀ ਸਮੇਤ ਮੁਸਲਮਾਨਾਂ ਦੇ ਕਾਬੂ ਵਿੱਚ ਆ ਗਿਆ, ਤਾਂ ਸਭ ਨੂੰ ਖਿਚੜੀ ਖਵਾ ਖਵਾ ਗੱਡੀਆਂ ਉੱਤੇ ਲਦ ਲੀਤਾ। ਲਾਹੌਰ ਪੁੱਜੇ ਤਾਂ ਨਾਹਰ ਸਿੰਘ ਨੇ ਵਜ਼ੀਰ ਖਾਨ ਫੌਜਦਾਰ ਨੂੰ ਨਿਮਾਜ਼ ਵਿੱਚ ਮਾਰਿਆ ਸੀ, ਉਸ ਦੀ ਮਾਈ ਨੇ ਇੱਕ ਦੁਕਾਨ ਦੀ ਛਤ ਉੱਤੋਂ ਐਸਾ ਇੱਕ ਪਥਰ ਨਾਹਰ ਸਿੰਘ ਦੇ ਮਾਰਿਆ ਓਸ ਦੀ ਜਾਨ ਲੈ ਗਿਆ। ਉਸ ਨੂੰ ਦੇਖ ਕੇ ਜਦ ਹੋਰ ਲੋਗ ਭੀ ਰੌਲਾ ਪਾਉਣ ਲੱਗੇ ਤਾਂ ਜ਼ਕਰੀਆ ਖ਼ਾਂ ਸੂਬੇਦਾਰ ਲਾਹੌਰ ਨੇ ਬਹੁਤ ਛੇਤੀ ਸਿੰਘਾਂ ਦੇ ਹਥਕੜੀਆਂ ਲਾ ਕੇ ਬੇੜੀਆਂ ਪਾ ਕੇ ਸਿਰਾਂ ਉੱਤੇ ਕਾਗ਼ਜ਼ਾਂ ਦੀਆਂ ਟੋਪੀਆਂ ਚੜ੍ਹਾ ਕੇ ਤੇ ਗਡਿਆਂ ਵਿੱਚ ਪਾ ਕੇ ਦਿੱਲੀ ਵੰਨੀ ਤੋਰ ਦਿੱਤਾ। ਨਾਲ ਜ਼ਕਰੀਆ ਖ਼ਾਂ, ਮੁਹੰਮਦ ਜਾਫ਼ਰ ਆਦਿਕ ਫੌਜਦਾਰ ਮੁਸਲਮਾਨ ਅਫ਼ਸਰ ਹੋ ਲੀਤੇ। ਸਿੰਘ ਗੱਡਿਆਂ ਉੱਤੇ ਬੈਠੇ ਸ਼ਬਦ ਪੜ੍ਹ ਕੇ ਤੇ ਸ਼ਹੀਦ ਹੋਣ ਦੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਜਾ ਰਹੇ ਸਨ ਪ੍ਰੰਤੂ ਰਾਹਾਂ ਦੇ ਪਿੰਡਈ ਲੋਕ ਓਨ੍ਹਾਂ ਨੂੰ ਵੇਖ ਅਸਚਰਜ ਹੁੰਦੇ ਸਨ। ਜਦ ਸਰਹੰਦ ਵਿੱਚੋਂ ਲੰਘੇ ਤਾਂ ਮੁਸਲਮਾਨ ਵਸੋਂ ਦੇ ਆਦਮੀ ਗਾਲੀਆਂ ਦੇਣ ਤੇ ਇੱਟਾਂ ਮਾਰਨ ਲੱਗੇ ਤਾਂ ਸਿੰਘ ਉੱਛਲ ਉੱਛਲ ਕੇ ਉਨ੍ਹਾਂ ਨੂੰ ਆਖਦੇ ਸਨ ਕਿ ਹੁਣ ਅਸੀਂ ਕਦ ਟਲਦੇ ਹਾਂ। ਸਾਡੇ ਭਾਈ ਤੁਹਾਡੀਆਂ ਕਸਰਾਂ ਕੱਢ ਕੇ ਜੜ੍ਹਾਂ ਪੁੱਟ ਕੇ ਸਤਲੁਜ ਵਿੱਚ ਸਿਟਣਗੇ।

ਸਾਰਿਆਂ ਨੂੰ ਸਿੱਧੀਆਂ ਸੁਣਾ ਕੇ ਮਾਰਨ ਨੂੰ ਉੱਛਲਦੇ ਸਨ। ਜ਼ਕਰੀਏ ਖ਼ਾਂ ਸੂਬੇਦਾਰ ਲਾਹੌਰ ਆਦਿ ਮੁਸਲਮਾਨ ਹਾਕਮਾਂ ਨੇ ਓਸ ਵੇਲੇ ਐਡੇ ਜ਼ੁਲਮ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਕੀਤੇ ਕਿ ਜਿਸ ਪਿੰਡ ਵਿੱਚ ਕੋਈ ਸਿੰਘ ਸੁਣਿਆ ਓਹੋ ਫੜ ਲੀਤਾ। ਪ੍ਰੰਤੂ ਬਹੁਤ ਸਾਰੇ ਹਿੰਦੂ ਭੀ ਕੇਸ ਦਾੜੀ ਵਾਲੇ ਫੜ ਕੇ ਕੈਦੀਆਂ ਦੀ ਗਿਣਤੀ ਆਪਣੀ ਬਹਾਦਰੀ ਚਲਾਕੀ ਵਿਖਾਉਣ ਲਈ ਵਧਾ ਲਈ। ਪਹਿਲੇ ਪੰਜ ਛੀ ਸੌ ਸਿੰਘ ਸੀ। ਓਨ੍ਹਾਂ ਜ਼ਾਲਮਾਂ ਨੇ ਹਜ਼ਾਰ ਬਾਰਾਂ ਸੌ ਕਠਾ ਕਰ ਲੀਤਾ। ਦਿੱਲੀ

ਗਏ ਤਾਂ ਬਾਦਸ਼ਾਹ ਫਰੁਖਸੀਅਰ ਨੇ ਸੁਣ ਕੇ ਏਤਮਾਦੁਲ ਦੌਲਾ ਵਜ਼ੀਰ ਨੂੰ ਤੇ ਮੁਹੰਮਦ ਅਮੀਨ ਖਾਂ ਨੂੰ ਅੱਗੇ ਭੇਜ ਕੇ ਹੁਕਮ ਦਿੱਤਾ ਕਿ ਇਨ੍ਹਾਂ ਕਾਫਰਾਂ ਨੂੰ ਅਜੇਹੇ ਢੰਗ ਨਾਲ ਲਿਆਓ ਜੋ ਸਭ ਤੇ ਡਰ ਬੈਠ ਜਾਵੇ। ਓਨ੍ਹਾਂ ਨੇ ਤਿੰਨ ਕੁ ਹਜ਼ਾਰ ਸਿੰਘਾਂ ਦਾ ਤੇ ਹੋਰ ਨਵੇਂ ਪੁਰਾਣੇ ਹਿੰਦੂਆਂ ਦੇ ਸਿਰ ਜੋ ਆਪਣੇ ਆਪਣੇ ਇਲਾਕੇ ਵਿੱਚੋਂ ਫੌਜਦਾਰ ਬਾਦਸ਼ਾਹ ਨੂੰ ਵਿਖਾਉਣ ਲਈ ਲਿਆਏ ਸਨ, ਬਰਛੀਆਂ ਸੇਲਿਆਂ ਉੱਤੇ ਟੰਗ ਕੇ ਅੱਗੇ ਅੱਗੇ ਸਿੰਘਾਂ ਦੇ ਕਤਾਰ ਬੰਨ੍ਹ ਕੇ ਤੋਰੇ। ਪਿੱਛੇ ਪਿੱਛੇ ਸਾਰੇ ਸਿੰਘਾਂ ਦੇ ਮੂੰਹ ਕਾਲੇ ਕਰਾ ਕੇ ਟੋਪੀਆਂ ਚੜ੍ਹਾ ਕੇ ਗਡੇ ਤੁਰਾਏ। ਓਦੂੰ ਪਿੱਛੇ ਬਾਜ਼ ਸਿੰਘ ਬਾਘ ਸਿੰਘ ਬਿਨੋਦ ਸਿੰਘ ਆਦਿਕ ਸਿੱਖ ਸਰਦਾਰ ਉਲਾਣੇ ਉਠਾਂ ਉੱਤੇ ਬੈਠਾਏ ਸਾਰਿਆਂ ਦੇ ਪਿੱਛੇ ਬੰਦੇ ਦਾ ਅਤੇ ਉਸ ਦੀ ਤੀਮੀਂ ਤੇ ਪੁੱਤਰ ਦੇ ਪਿੰਜਰੇ ਟੋਰੇ। ਇੱਕ ਦਿੱਲੀ ਤੋਂ ਦਸ ਦਿਲੀਆਂ ਤਮਾਸ਼ਾ ਵੇਖਣ ਵਾਲਿਆਂ ਦੀਆਂ ਹੋ ਗਈਆਂ। ਬਜ਼ਾਰਾਂ ਕੋਠਿਆਂ ਤੇ ਖਲਕਤ ਸਮਾਉਂਦੀ ਨਹੀਂ ਸੀ ਅਤੇ ਸਿੰਘਾਂ ਦੇ ਸਰੂਪ ਵੇਖ ਵੇਖ ਲੋਕੀਂ ਕੁਰਬਾਨ ਹੋ ਰਹੇ ਸਨ। ਬਾਦਸ਼ਾਹ ਅਤੇ ਵਜ਼ੀਰ ਨੂੰ ਧ੍ਰਿਕਾਰ ਰਹੇ ਸਨ। ਲਾਹੌਰੀ ਦਰਵਾਜ਼ੇ ਤੋਂ ਵੜ ਕੇ ਸ਼ਹਿਰ ਵਿੱਚ ਫੇਰਦੇ ਹੋਏ ਕਤਾਰ ਦੀ ਕਤਾਰ ਚਾਂਦਨੀ ਚੌਂਕ ਕੁਤਵਾਲੀ ਅੱਗੇ ਉਤਾਰ ਕੇ ਹਵੇਲੀ ਵਿੱਚ ਕੈਦ ਕਰ ਦਿੱਤੇ। ਹੋਰ ਬੰਦੇ ਦਾ ਪਿੰਜਰਾ ਤੇ ਸਰਦਾਰ ਕਿਲ੍ਹੇ ਵਿੱਚ ਕੈਦ ਰਖੇ।

ਬਾਦਸ਼ਾਹ ਨੇ ਜੋ ਸੁਣਿਆ ਹੋਇਆ ਸੀ ਕਿ ਸਿੰਘ ਕੌਮ ਸਚਮੁਚ ਸ਼ੇਰ ਹੈ, ਇੱਕ ਇੱਕ ਦਸ ਦਸ ਵੀਹ ਵੀਹ ਨੂੰ ਜਿੱਤ ਲੈਂਦਾ ਹੈ। ਇੱਕ ਦਿਨ ਕਤਾਰ ਬੰਨ੍ਹਾ ਕੇ ਖੜ੍ਹੇ ਕਰ ਅਨੇਕ ਅਮੀਰਾਂ ਸਣੇ ਦੇਖਿਆ ਤਾਂ ਸਿੰਘਾਂ ਨੇ ਉਸ ਹਾਲਤ ਵਿੱਚ ਵੀ ਗੱਜ ਕੇ ਫਤੇ ਬੁਲਾਈ। 'ਸਤਿ ਸ੍ਰੀ ਅਕਾਲ' ਗਜਾਇਆ ਜਿਸ ਤੋਂ ਰੰਜ ਮੰਨ ਕੇ ਬਾਦਸ਼ਾਹ ਨੇ ਹੁਕਮ ਦਿੱਤਾ, ਜੋ ਦੀਨ ਮੰਨੇ ਕਲਮਾ ਪੜ੍ਹੇ, ਉਸ ਨੂੰ ਛੱਡ ਦਿਓ। ਹੋਰ ਸਭ ਨੂੰ ਕਤਲ ਕਰ ਦਿਓ। ਏਸ ਹੁਕਮ ਦੇ ਅਨੁਸਾਰ ਹਰ ਰੋਜ਼ ਬਜ਼ਾਰਾਂ ਦੇ ਚੌਂਕਾਂ ਵਿੱਚ ਬਿਠਾ ਕੇ ਪਹਿਲੇ ਦੀਨ ਮਨਾਉਣ ਲਈ ਸ਼ਾਹੀ ਚਾਰ ਅਮੀਰ ਆ ਕੇ ਬਹੁਤ ਸਮਝਾ ਬੁਝਾ ਦਮ ਦਿਲਾਸੇ ਦੇਂਦੇ ਲਾਲਚ ਵਿਖਾ ਵਿਖਾ ਮੁਸਲਮਾਨ ਕਰਨ ਲਈ ਬਹੁਤ ਜ਼ੋਰ ਲਾਉਂਦੇ। ਪਰ ਜਦ ਉੱਕਾ ਹੀ ਮੁਸਲਮਾਨ ਹੋਣਾ ਕੋਈ ਵੀ ਨਾ ਮੰਨਦਾ, ਤਾਂ ਕਤਲ ਕੀਤੇ ਜਾਂਦੇ।

ਖਾਫੀ ਖਾਂ ਅਤੇ ਇਬਰਤਨਾਮੇ ਵਿੱਚ ਲਿਖਿਆ ਹੈ ਕਿ ਉਨ੍ਹਾਂ ਸਿੰਘਾਂ ਦੇ ਸਿਦਕ ਭਰੋਸੇ ਹਠ ਵੇਖ ਵੇਖ ਖਲਕਤ ਕੁਰਬਾਨ ਹੁੰਦੀ ਤੇ ਕਹਿ ਰਹੀ ਸੀ ਵੇਖੋ ਜੀ ਏਨ੍ਹਾਂ ਸੂਰਬੀਰ ਸਿੱਖਾਂ ਨੂੰ ਅਮੀਰ ਵਜ਼ੀਰ ਜਗੀਰਾਂ ਅਤੇ ਨਾਤੇ ਦੇਣ ਲਈ ਸੌਂਹਾਂ ਖਾਂਦੇ ਹਨ, ਪਰ ਏਹ ਅਜੇਹੇ ਹਠੀਏ ਹਨ ਜਾਨਾਂ ਦਿੰਦੇ ਹਨ ਕਸ਼ਟ ਪਾਉਂਦੇ ਹਨ, ਪਰ ਮੁਸਲਮਾਨ ਹੋ ਕੇ ਅਰਾਮ ਦੇ ਦਿਨ ਨਹੀਂ ਕਟਦੇ ਸਗੋਂ ਕਤਲ ਦੀ ਤਲਵਾਰ ਮਸ਼ਾਲ ਵਾਂਙੂੰ ਚਮਕਦੀ ਅੱਗੇ ਪਤੰਗੇ ਬਣ ਰਹੇ ਹਨ। ਵੱਡੀ ਖ਼ੁਸ਼ੀ ਨਾਲ ਇੱਕ ਤੋਂ ਅੱਗੇ ਇੱਕ ਇੱਕ ਵਧ ਵਧ ਕੇ ਗੁਰਬਾਣੀ ਪੜ੍ਹਦੇ ਹੋਏ ਸ਼ਹੀਦੀ ਲੈਂਦੇ ਹਨ। ਬੇਸ਼ੁਮਾਰ ਖਲਕਤ ਖੜ੍ਹੀ ਤ੍ਰਾਹਿ ਤ੍ਰਾਹਿ ਕਰਦੀ ਨੇਤ੍ਰਾਂ ਤੋਂ ਜਲ ਵਹਾ ਰਹੀ ਹੈ। ਕੋਈ ਏਨ੍ਹਾਂ ਨੂੰ ਸ਼ੁਦਾਈ ਕਹਿੰਦਾ ਹੈ। ਕੋਈ ਹਕੀਕੀ ਇਸ਼ਕ ਦੇ ਸਮੁੰਦਰ ਵਿੱਚ ਮੌਜਾਂ ਲੈਂਦੇ ਦੱਸਦਾ ਹੈ, ਕੋਈ ਮੂਰਖ ਬਤਾਉਂਦੇ ਹੈਨ। ਕਹਿੰਦੇ ਸਨ, ਦੇਖੋ! ਜੀ ਜਾਨ ਜਹਾਨ ਮਾਯਾ ਮਾਨ ਏਨ੍ਹਾਂ ਨੂੰ ਮਿਲਦਾ ਹੈ, ਪਰ ਏਹਨਾਂ ਨੇ ਭੁਲ ਦੀ ਭੰਗ ਪੀ ਕੇ ਮਰਨਾ ਹੀ ਚੰਗਾ ਮੰਨ ਰੱਖਿਆ ਹੈ।

ਓਸ ਵੇਲੇ ਦੀ ਇੱਕ ਹੋਰ ਸੁਵਾਦਲੀ ਕਹਾਣੀ ਖਾਫੀ ਖ਼ਾਂ ਲਿਖਦਾ ਹੈ ਕਿ ਓਹਨਾਂ ਸਿੱਖਾਂ ਵਿੱਚ ਇੱਕ ਮੁਛਭੇਉ ਸੁੰਦਰ ਜੁਵਾਨ ਲੜਕਾ ਰੰਡੀ ਦਾ ਪੁੱਤ੍ਰ ਫੜਿਆ ਹੋਇਆ ਆਇਆ ਤਾਂ ਓਸ ਦੀ ਮਾਂ ਵਹੁਟੀ ਨੂੰ ਲੈ ਕੇ ਦਿੱਲੀ ਆ ਪੁਜੀ। ਅਨੇਕ ਅਰਜ਼ੀਆਂ ਦਿੱਤੀਆਂ ਪਰ ਕੌਣ ਸੁਣੇ?

ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥

(ਗਉੜੀ ਵਾਰ–੧, ਮਃ ੩ – ੩੧੩)

ਇੱਕ ਦਿਨ ਓਹ ਬੁੱਢੀ ਦੌੜ ਕੇ ਬਾਦਸ਼ਾਹ ਦੀ ਅਸਵਾਰੀ ਦੇ ਹਾਥੀ ਅੱਗੇ ਢਹਿ ਪਈ। ਬਾਦਸ਼ਾਹ ਦੇ ਪੁੱਛਣੇ ਪਰ ਓਸ ਨੇ ਆਖਿਆ, "ਮੇਰਾ ਰੰਡੀ ਦਾ ਇੱਕੋ ਪੁੱਤ੍ਰ ਹੈ, ਸਿੱਖ ਨਹੀਂ। ਧੋਖੇ ਵਿੱਚ ਫੜਿਆ ਗਿਆ ਹੈ। ਹੁਣੇ ਵਜਾਹ ਕੇ ਲਿਆਂਦਾ ਹੈ ਅਜੇ ਤੀਕ ਗਾਨਾ ਨਹੀਂ ਖੋਲ੍ਹਿਆ ਵਹੁਟੀ ਮੈਂਦੜੀ ਰੰਗੇ ਹੱਥੀਂ ਹੈ। ਬੇਗ਼ੁਨਾਹ ਅੱਜ ਕਤਲ ਹੋ ਜਾਵੇਗਾ। ਮੈਂ ਚਾਹੁੰਦੀ ਹਾਂ ਪੁੱਤਰ ਦੇ ਕਤਲ ਹੋਣ ਤੋਂ ਪਹਿਲੇ ਮੈਂ ਮਰ ਜਾਵਾਂ, ਤਾਂ ਓਸ ਦਾ ਕਤਲ ਹੋਣਾ ਨਾ ਦੇਖਾਂ।" ਬਾਦਸ਼ਾਹ ਨੇ ਓਸ ਦੇ ਛੱਡਣ ਦਾ ਹੁਕਮ ਦੇ ਦਿੱਤਾ। ਜਦ ਓਹ ਹੁਕਮ ਖਲਾਸੀ ਦਾ ਲੈ ਕੇ ਗਈ, ਅੱਗੇ ਲਹੂ ਲਿਬੜੀ ਤਲਵਾਰ ਜਲਾਦ ਖਿਚ ਕੇ ਓਸ ਮੁੰਡੇ ਦੀ ਗਰਦਨ ਪਰ ਵਾਹੁਣ ਲੱਗਾ ਸੀ, ਮਾਈ ਦੇ ਪੁੱਤਰ ਨੇ ਰੌਲਾ ਪਾ ਦਿੱਤਾ ਕਿ ਮੇਰੀ ਮਾਂ ਝੂਠ ਬੋਲਦੀ ਹੈ ਮੈਂ ਸਚ ਮੁਚ ਸਿੰਘ ਗੁਰੂ ਦਾ ਹਾਂ ਮੈਨੂੰ ਝਬਦੇ ਮੇਰੇ ਭਾਈਆਂ ਨਾਲ ਰਲਾਉ, ਏਹ ਮੇਰੀ ਮਾਤਾ ਨਹੀਂ ਸਗੋਂ ਵੈਰਨ ਹੈ ਜਿਸ ਨੇ ਮੈਨੂੰ ਬੈਕੁੰਠ ਦੇ ਜਹਾਜ਼ ਪਰ ਚੜ੍ਹਦੇ ਨੂੰ ਹਟਾ ਲਿਆ। ਵਾਸਤੇ ਰੱਬ ਦੇ, ਜਲਾਦ! ਮੈਨੂੰ ਛੇਤੀ ਕਤਲ ਕਰ। ਮੇਰੇ ਪਿਆਰੇ ਗੁਰ ਭਾਈ ਸੰਸਾਰ ਸਾਗਰ ਤੋਂ ਪਾਰ ਜਾ ਰਹੇ ਹਨ। ਮੈਂ ਮੰਦਭਾਗਾ ਉਰਾਰ ਹੀ ਬੈਠਾ ਹਾਂ। ਮੈਂ ਏਸ ਅਸਾਰ ਬਿਕਾਰ ਭਰੇ ਸੰਸਾਰ ਵਿੱਚ ਨਹੀਂ ਰਹਿਣਾ ਚਾਹੁੰਦਾ। ਮੈਂ ਆਪਣੇ ਸਤਗੁਰਾਂ ਪਾਸ ਸਚਖੰਡ ਵਿੱਚ ਜਾਣਾ ਚਾਹੁੰਦਾ ਹਾਂ। ਏਹ ਬਚਨ ਸੁਣ ਕੇ ਓਸ ਦੇ ਚੰਦ ਜੇਹੇ ਸੁੰਦਰ ਮੁਖੜੇ ਨੂੰ ਦੇਖਦੀ ਹੋਈ ਖਲਕਤ ਜ਼ਾਰ ਜ਼ਾਰ ਰੋ ਰਹੀ ਸੀ ਤੇ ਹਰ ਤਰਫੋਂ ਵਾਹ! ਵਾਹ! ਦੀ ਧੁਨੀ ਧਰਮ ਦੀ ਰਸ ਭਰੀ ਆ ਰਹੀ ਸੀ। ਏਹ ਬ੍ਰਿਤਾਂਤ ਸੁਣ ਬਾਦਸ਼ਾਹ ਨੇ ਭੀ ਅੱਖੀਆਂ ਭਰ ਕੇ ਹੁਕਮ ਦੇ ਦਿੱਤਾ ਕਿ ਏਹੋ ਜੇਹੇ ਸਿਦਕੀ ਬਹਾਦਰ ਸਿੰਘਾਂ ਨੂੰ ਮਾਰਨਾ ਚੰਗਾ ਨਹੀਂ। ਜਿਤਨੇ ਬਾਕੀ ਹਨ ਸਭ ਨੂੰ ਛੱਡ ਦਿਓ। ਉਸ ਸੱਚੇ ਸਿਦਕੀ ਭੁਜੰਗੀ ਪਿੱਛੇ ਬਹੁਤੇ ਛੁਟ ਗਏ। ਸਚ ਹੈ:

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

(ਸਲੋਕੁ, ਜਪੁ, ਮ: ੧ - ੮)

ਏਹ ਕਹਾਣੀ ਖਾਫੀ ਖਾਂ, ਮੁਹੰਮਦ ਸ਼ਾਹੀ ਤੇ ਅੰਗਰੇਜ਼ੀ ਵਕੀਲ ਅੱਖੀਂ ਦੇਖੀ ਸਹੀ ਸਹੀ ਸਮਝ ਕੇ ਲਿਖਦੇ ਹਨ। ਤਵਾਰੀਖ ਮੁਹੰਮਦ ਸ਼ਾਹੀ ਵਾਲਾ ਜ਼ਰਾ ਕੁ ਏਸ ਬਾਤ ਨੂੰ ਲਿਖਦਾ ਹੈ ਕਿ ਜਦ ਜ਼ਕਰੀਏ ਖਾਂ ਸੂਬਾ ਲਾਹੌਰ ਮਸ਼ਹੂਰ ਖਾਂ ਬਹਾਦਰ ਕੈਦੀ ਸਿੰਘਾਂ ਦੀ ਗਿਣਤੀ ਵਧਾ ਕੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਪਿੰਡਾਂ ਵਿੱਚੋਂ ਬੇਗ਼ੁਨਾਹ ਵਿਚਾਰੇ ਸਿੰਘਾਂ ਨੂੰ ਫੜਦਾ ਫਿਰਦਾ ਸੀ, ਓਦੋਂ ਹੀ ਏਹ ਭੁਜੰਗੀ ਵਜਾਹ ਕੇ ਜਦ ਘਰ ਆਇਆ, ਅਜੇ ਡੋਲੇ ਵਿੱਚੋਂ ਵਹੁਟੀ ਉੱਤਰੀ ਭੀ ਨਹੀਂ ਸੀ ਕਿ ਸੂਬੇ ਦੇ ਸਿਪਾਹੀ ਜਮਦੂਤ ਪਹੁੰਚ ਗਏ। ਫੜ ਕੇ ਜ਼ੋਰੇ ਜ਼ੋਰੀ ਲੈ ਆਏ। ਪਿਤਾ ਮਰ ਚੁੱਕਾ ਸੀ, ਮਾਤਾ ਨੇ ਬਹੁਤ ਬੇਨਤੀਆਂ ਦੁਸ਼ਟਾਂ ਅੱਗੇ ਕੀਤੀਆਂ ਰੋਈ ਪਿਟੀ, ਪਰ ਉਹ ਪਥਰ ਦਿਲ ਜ਼ਰਾ ਨਾ ਨਰਮ ਹੋਏ। ਕੈਦੀਆਂ ਵਿੱਚ ਮਿਲਾ ਕੇ ਦਿੱਲੀ ਨੂੰ ਲੈ ਤੁਰੇ। ਰੰਡੀ ਬੁੱਢੀ ਮਾਈ ਭੀ ਵਿਧਵਾ ਹੁੰਦੀ ਨੂੰਹ ਨੂੰ ਨਾਲ ਲੈ ਰੋਂਦੀ ਕੁਰਲਾਉਂਦੀ ਦਿੱਲੀ ਵੰਨੀ ਵਗ ਤੁਰੀ। ਵਾਹੋਵਾਹ ਮੰਜ਼ਲਾਂ ਮੁਕਾ ਕੇ ਸ਼ਾਹੀ ਕਚਹਿਰੀ ਵਿੱਚ ਜਾ ਕੁਰਲਾਹਟ ਪਾਇਆ। ਬੁਢੀ ਦੇ ਵਿਰਲਾਪ ਨੇ ਪੱਥਰ ਦਿਲ ਹਾਕਮ ਮੋਮ ਕਰ ਦਿੱਤੇ। ਸੱਚ ਬੋਲਿਆਂ ਛੁਟਕਾਰਾ ਨਾ ਹੁੰਦਾ ਦੇਖ ਕੇ ਬੁੱਢੀ ਨੇ ਏਹ ਅਰਜ਼ ਗੁਜ਼ਾਰੀ ਕਿ ਇੱਕ ਦਿਨ ਸਿੱਖ ਸਾਡੇ ਪਿੰਡ ਨੂੰ ਲੁਟਣ ਆਏ ਸੇ। ਮੇਰੇ ਪੁੱਤ੍ਰ ਨੂੰ ਫੜ ਕੇ ਲੈ ਗਏ ਸੇ, ਮੇਰਾ ਪੁੱਤ੍ਰ ਸਿੱਖ ਨਹੀਂ। ਏਹ ਬਾਤ ਸੁਣ ਕੇ ਬਾਦਸ਼ਾਹ ਨੇ ਮੁੰਡੇ ਦੇ ਛੱਡਣ ਦਾ ਹੁਕਮ ਦਿੱਤਾ। ਭੁਜੰਗੀ ਨੇ ਆਖਿਆ, "ਮੈਂ ਨਹੀਂ ਪਛਾਣਦਾ ਏਹ ਬੁਢੀ ਕੌਣ ਹੈ ਤੇ ਏਸ ਵਹੁਟੀ ਨੂੰ ਕਿਥੋਂ ਲਿਆਈ ਹੈ? ਮੈਨੂੰ ਢਿਲ ਨਾ ਲਾਓ। ਤੁਹਾਨੂੰ ਕਲਮੇ ਦੀ ਕਸਮ ਹੈ, ਦੇਹ ਦੇ ਪਿੰਜਰੇ ਵਿੱਚੋਂ ਛੁਡਾਓ। ਮੈਂ ਸ਼ੀਘ੍ਰ ਹੀ ਜਾਵਾਂ, ਵਕਤ ਬੀਤ ਰਿਹਾ ਹੈ। ਕਸਮ ਦੇਣ ਪਰ ਜਲਾਦ ਨੇ ਸ਼ਹੀਦ ਕਰ ਦਿੱਤਾ (ਇਹ ਲੇਖ ਮੁਹੰਮਦ ਸ਼ਾਹ ਦਾ ਹੈ) ਏਸ ਭਾਂਤ ਸੱਤਾਂ ਅੱਠਾਂ ਦਿਨਾਂ ਵਿੱਚ ਸਭ ਸਿੰਘ ਮੁਕਾ ਛਡੇ। ਓਨ੍ਹਾਂ ਦੇ ਸਿਰ ਕਿਤੇ, ਹੱਥ ਪੈਰ ਕਿਧਰੇ, ਧੜ ਨਿਆਰੇ ਦਰਖਤਾਂ ਨਾਲ ਲਟਕਾਏ ਗਏ। ਬਲਕਿ ਸੋਹਣੇ ਜਵਾਨ ਦਾੜ੍ਹੇ ਕੇਸਾਂ ਵਾਲੇ ਸਿੰਘਾਂ ਦੇ ਸਿਰ ਬਰਛੀਆਂ ਵਿੱਚ ਪਰੋ ਕੇ ਠਿਕਾਨੇ ਠਿਕਾਨੇ ਖਲਕਤ ਨੂੰ ਦੇਖਣ ਵਾਸਤੇ ਮਹੀਨਾ ਟੰਗ ਰਖੇ, ਜਿਨ੍ਹਾਂ ਨੂੰ ਦੇਖ ਦੇਖ ਖਲਕਤ ਹਟਕੋੜੇ

ਲੈ ਲੈ ਪਈ ਰੋਂਦੀ ਸੀ। ਏਹ ਬ੍ਰਿਤਾਂਤ ਫੱਗਣ ਦੀ ਪਹਿਲੀ ਸੰ. ੧੭ ਬਿ. ਨੂੰ ਹੋਇਆ। ਬ੍ਰਿਧ ਸਿੱਖ ਦਸਦੇ ਹਨ, ਅਜੇਹੇ ਖ਼ੂਨ ਕਰ ਕੇ ਭੀ ਜ਼ੁਲਮ ਦੀ ਹੱਦ ਨਹੀਂ ਹੋਈ ਸੀ। ਪਾਪੀ ਬੇਕਿਰਕ ਸਿੰਘਾਂ ਦਾ ਨਾਮ ਨਿਸ਼ਾਨ ਖੋਹਣ ਨੂੰ ਬਥੇਰੇ ਜ਼ੋਰ ਜ਼ੁਲਮ ਕਰ ਰਹੇ ਸਨ, ਪਰ ਅਕਾਲ ਪੁਰਖ ਨੇ ਜਿਕੂੰ ਪ੍ਰਹਿਲਾਦ ਵੇਲੇ ਬਿੱਲੀ ਦੇ ਬੱਚੇ ਅੱਗ ਵਿੱਚੋਂ ਰਖੇ ਸਨ, ਐਉਂ ਪੰਥ ਖਾਲਸੇ ਨੂੰ ਰੱਖ ਲੀਤਾ।

ਜੇਹੜੇ ਸਰਦਾਰ ਬੰਦੇ ਨਾਲ ਕਿਲ੍ਹੇ ਵਿੱਚ ਕੈਦ ਸਨ ਓਨ੍ਹਾਂ ਨੂੰ ਸਿੰਘਾਂ ਦੇ ਜੱਥੇ ਨਾਲ ਏਸ ਵਾਸਤੇ ਨਹੀਂ ਮਾਰਿਆ ਸੀ ਕਿ ਉਨ੍ਹਾਂ ਨੂੰ ਪੁੱਛਿਆ ਜਾਵੇ, ਜੋ ਏਨ੍ਹਾਂ ਨੇ ਸਰਹੰਦ ਤੇ ਸਮਾਣੇ ਵਰਗੇ ਵੱਡੇ ਵੱਡੇ ਦੌਲਤ ਵਾਲੇ ਸ਼ਹਿਰ ਲੁੱਟ ਕੇ ਖ਼ਜ਼ਾਨੇ ਜੰਗਲਾਂ ਵਿੱਚ ਕਿੱਥੇ ਦਬੇ ਹਨ। ਸੋ ਕਢਾਏ ਜਾਣ। ਏਸੇ ਵਾਸਤੇ ਚਾਰ-ਪੰਜ ਹਿੰਦੂ ਮੁਸਲਮਾਨ ਅਮੀਰ ਹਰ ਰੋਜ਼ ਬੰਦਈ ਸਰਦਾਰਾਂ ਪਾਸ ਆ ਕੇ ਬੜੇ ਪ੍ਰੇਮ ਨਾਲ ਬਾਤਾਂ ਦੇ ਹੇਰ ਫੇਰ ਪਾ ਕੇ ਖ਼ਜ਼ਾਨਿਆਂ ਦਾ ਭੇਤ ਪੁੱਛਦੇ ਰਹਿੰਦੇ। ਪਰ ਇਹ ਕੱਚੇ ਨਹੀਂ ਸਨ। ਜਦ ਓਨ੍ਹਾਂ ਦੀ ਏਹ ਇਛਿਆ ਨਾ ਪੂਰੀ ਹੋਈ ਤਾਂ ਬਾਜ਼ ਸਿੰਘ, ਸ਼ਾਮ ਸਿੰਘ, ਰਾਮ ਸਿੰਘ ਆਦਕ ਸਭ ਸਰਦਾਰ ਚਾਂਦਨੀ ਚੌਂਕ ਵਿੱਚ ਲੈ ਜਾ ਕੇ ਬੜੇ ਬੁਰੇ ਕਸ਼ਟ ਦੇ ਦੇ ਕੇ[*] ਕਤਲ ਕੀਤੇ ਗਏ।

ਹੁਣ ਵਾਰੀ ਆਈ ਬੰਦੇ ਦੀ। ਓਸ ਨੂੰ ਉਸ ਦੇ ਪੁੱਤ੍ਰ ਇਸਤ੍ਰੀ ਸਮੇਤ ਅਜਮੇਰੀ ਦਰਵਾਜ਼ੇ ਪੀਰ ਕੁਤਬਦੀਨ ਕਾਕੀ ਦੀ ਦਰਗਾਹ ਅੱਗੇ ਲੈ ਜਾ ਕੇ ਖੜ੍ਹੇ ਕਰ ਦਿੱਤਾ। ਖ਼ਲਕਤ ਦੇਖਣ ਲਈ ਕੁਛ ਸ਼ਾਹੀ ਹੁਕਮ ਸੁਣ ਕੇ ਢੋਲ ਬਜਵਾਂਦੀ ਹੋਈ ਬੇਅੰਤ ਜੁੜ ਗਈ। ਪਹਿਲੇ ਬੰਦੇ ਦੇ ਪੁੱਤ੍ਰ ਨੂੰ ਮੁਸਲਮਾਨ ਕਰਨੇ ਪਰ ਬਹੁਤ ਕੁਛ ਲਾਲਚ ਸੁਖ ਦਿਖਾਏ। ਫੇਰ ਭੈਅ ਐਸੇ ਸਖ਼ਤ ਦਿੱਤੇ ਮਾਰ ਪਈ ਜੋ ਗਭਰੂ ਭੀ ਨਾ ਸਹਾਰ ਸਕੇ, ਪਰ ਓਸ ਨੇ ਮਰਨਾ ਹੀ ਮੰਨਿਆ ਦੀਨ ਨਾ ਮੰਨਿਆ। ਫੇਰ ਬੰਦੇ ਦੇ ਹੱਥੋਂ ਉਸ ਨੂੰ ਮਰਵਾ ਕੇ ਉਸ ਦੀ ਕਲੇਜੀ ਦੰਪਤਿ ਦੇ ਮੂੰਹਾਂ ਵਿੱਚ ਤੁੰਨੀ ਗਈ। ਫੇਰ ਬੰਦੇ ਦੇ ਪਟਾਂ ਦਾ ਤੇ ਪਿੰਨੀਆਂ ਦਾ ਮਾਸ ਜਦ ਜੰਬੂਰ ਤਪਾ ਤਪਾ ਤੋੜਨ ਲੱਗੇ ਤੇ ਓਸ ਦੀ ਤੀਮੀ ਨੂੰ ਕੁੱਤਿਆਂ ਤੋਂ ਤੁੜਾਉਨ ਵਾਸਤੇ ਧਰਤੀ ਵਿੱਚ ਗੱਡਣ ਲੱਗੇ ਤਾਂ ਓਨ ਅਤਿਅੰਤ ਭੈਭੀਤ ਹੋ ਕੇ ਮੁਸਲਮਾਨੀ ਹੋਣਾ ਮੰਨ ਲਿਆ। ਓਸ ਨੂੰ ਤੁਰਕਨੀ ਕਰ ਕੇ ਦੱਖਣੀ ਬੇਗ਼ਮ ਪਾਸ ਭੇਜਿਆ ਗਿਆ। ਉਸ ਨੇ ਕਾਫਲੇ ਨਾਲ ਹਜ ਨੂੰ ਤੋਰ ਦਿੱਤੀ।

## ੯੩. ਬੰਦੇ ਤੋਂ ਕਸ਼ਟ ਦੀ ਦਸ਼ਾ ਵਿੱਚ ਵਜ਼ੀਰ ਨੇ ਮੌਤ ਪੁੱਛਣੀ

ਹੁਣ ਅੰਤ ਨੂੰ ਬਾਦਸ਼ਾਹ ਨੇ ਜਦ ਬੰਦੇ ਨੂੰ ਪੁੱਛ ਭੇਜਿਆ ਕਿ ਤੈਨੂੰ ਕੇਹੜੀ ਮੌਤ ਮਾਰੀਏ? ਓਨ ਜਵਾਬ ਦਿੱਤਾ, "ਜਿਸ ਮੌਤੇ ਬਾਦਸ਼ਾਹ ਨੇ ਮਰਨਾ ਹੈ ਓਸੇ ਮੌਤ ਮੈਨੂੰ ਮਾਰ ਦਿਓ।" ਏਹ ਬੇਅਦਬੀ ਦਾ ਜਵਾਬ ਸੁਣ ਕੇ ਬਾਦਸ਼ਾਹ ਨੇ ਜੰਬੂਰਾਂ ਨਾਲ ਰੋਜ਼ ਥੋੜ੍ਹਾ ਥੋੜ੍ਹਾ ਮਾਸ ਤੋੜਨ ਦਾ ਹੁਕਮ ਦੇ ਦਿੱਤਾ। ਜਦ ਦੋ ਦਿਨ ਪਿੰਨੀਆਂ ਪੱਟਾਂ ਦਾ ਮਾਸ ਤੋੜਿਆ ਤੇ ਬੰਦੇ ਨੇ ਜ਼ਰਾ ਪੀੜ ਨਾ ਮੰਨੀ ਤੇ ਅਡੋਲ ਬੈਠਾ ਰਿਹਾ ਤਾਂ ਏਹ ਹਾਲ ਨਜਬੁਲ ਦੌਲਾ ਵਜ਼ੀਰ ਆਜ਼ਮ ਦੇਖ ਕੇ ਹੈਰਾਨ ਹੋ ਕਰ ਬੰਦੇ ਨੂੰ ਪੁੱਛਣ ਲੱਗਾ, "ਤੂੰ ਪੀੜ ਕਿਉਂ ਨਹੀਂ ਮੰਨਦਾ? ਜੋ ਕਿਸੇ ਨੂੰ ਇੱਕ ਕੰਡਾ ਚੁਭਦਾ ਹੈ ਯਾ ਜ਼ਰਾ ਕੁ ਜ਼ਖ਼ਮ ਲੱਗਦਾ ਹੈ, ਤਾਂ ਪੀੜ ਸਹਾਰੀ ਨਹੀਂ ਜਾਂਦੀ। ਆਦਮੀ ਬਤਾਕੁਲ ਹੋ ਜਾਂਦਾ ਹੈ। ਜਦ ਚੂੰਢੀ ਵੱਢੀ ਸਹਾਰਨੀ ਔਖੀ ਹੈ ਤੇਰਾ ਮਾਸ ਨੋਚਿਆ ਜਾਂਦਾ ਹੈ ਫੇਰ ਤੂੰ ਐਡੇ ਧੀਰਜ ਨਾਲ ਪ੍ਰਸੰਨ ਬਦਨ ਬੈਠਾ ਮਾਸ ਤੁੜਾ ਰਿਹਾ ਹੈਂ। ਚਿਹਰੇ ਪਰ ਭੀ ਪਰਸੀਨਾ ਨਹੀਂ ਆਇਆ ਤੇ ਨਾ ਤੈਂ ਨੱਕ ਵਟਿਆ, ਨਾ ਤੈਂ ਸੀ ਕੀਤੀ। ਏਹ ਕੀ ਕਾਰਨ ਹੈ। ਸਚ ਕਹੁ ਤੈਨੂੰ ਪੀੜਾ ਕਿਉਂ ਨਹੀਂ ਬਜਾਪੀ?" ਬੰਦੇ ਨੇ ਆਖਿਆ, "ਏਹ ਸੱਚੇ ਬ੍ਰਹਮ ਗਿਆਨ ਤੇ ਸੂਰਬੀਰ ਬਣਨੇ ਦਾ ਫ਼ਲ ਹੈ। ਦੁਖ ਸੁਖ ਮੰਨਣਾ ਮਨ ਦਾ ਧਰਮ ਹੈ। ਸੋ ਮੈਂ ਆਪਣੇ ਮਨ ਨੂੰ ਮਾਰ ਛੱਡਿਆ ਹੈ ਕਿਉਂਕਿ ਮੈਂ ਜੀਉਂਦਾ ਹੀ ਮਰ ਰਿਹਾ ਹਾਂ। ਏਸ ਦੇਹ ਤੇ ਮਨ ਤੋਂ ਰੂਹ ਆਤਮਾ ਵੱਖਰਾ ਹੋ ਕੇ ਇਨ੍ਹਾਂ ਤੋਂ ਬਾਂਛਤ ਕੰਮ ਲੈਂਦਾ ਹੈ। ਜਿਕੂੰ ਕੋਠੇ ਨੂੰ ਕੋਈ ਖੁਣਦਾ ਹੋਵੇ ਤਾਂ ਕੋਠੇ ਵਿੱਚ ਬੈਠਣ ਵਾਲਾ

[*]ਏਹ ਸਾਰੀਆਂ ਕਥਾਵਾਂ ਦੇਖੋ ਤਵਾਰੀਖ ਮੁਨਤਖਿਬ ਅਤੇ ਖਾਫੀ ਖ਼ਾਂ ਮੁਹੰਮਦ ਸ਼ਾਹੀ।

Humble service provided by Bhai Baljinder Singh (Rara Sahib)

ਰਖਵਾਲੀ ਤਾਂ ਕਰਦਾ ਹੈ, ਪਰ ਪੀੜਾ ਨਹੀਂ ਹੁੰਦੀ। ਜਦ ਕੋਠੇ ਵਾਲਾ ਬਚਾ ਨਹੀਂ ਸਕਦਾ ਤੇ ਛੱਡ ਕੇ ਕਨਾਰੇ ਹੋ ਜਾਂਦਾ ਹੈ। ਏਸੇ ਭਾਂਤ ਮੈਂ ਹੁਣ ਏਸ ਦੇਹ ਕੋਠੇ ਨੂੰ ਰੱਖ ਨਹੀਂ ਸਕਦਾ. ਛੱਡਣੇ ਨੂੰ ਤਿਆਰ ਹਾਂ। ਮਮਤਾ ਨੂੰ ਦੁਖ ਹੈ। ਹੁਣ ਮੈਂ ਏਸੇ ਕੋਠੇ ਦੀ ਮਮਤਾ ਮੇਰ ਛੱਡ ਰਖੀ ਹੈ। ਏਸ ਕਰ ਕੇ ਮੈਨੂੰ ਕਸ਼ਟ ਨਹੀਂ।"

ਪ੍ਰਸ਼ਨ, "ਵਜ਼ੀਰ ਬੋਲਿਆ ਜਦ ਤੂੰ ਐਸਾ ਸੱਚਾ ਬ੍ਰਹਮ ਗਿਆਨੀ ਸਮਦਰਸੀ ਹੈਂ, ਫੇਰ ਤੈਂ ਐਡੇ ਵੱਡੇ ਜੰਗ ਕਿਉਂ ਕੀਤੇ ਕਰਾਏ ਤੇ ਮੁਸਲਮਾਨਾਂ ਨੂੰ ਕਿਉਂ ਦੁਖ ਦਿੱਤੇ? ਪੀਰਾਂ ਫ਼ਕੀਰਾਂ ਦੀਆਂ ਕਬਰਾਂ ਪੁੱਟਾ ਕੇ ਹੱਡੀਆਂ ਸਾੜੀਆਂ, ਐਡਾ ਵੱਡਾ ਤਅੱਸਬ ਕਿਉਂ ਕੀਤਾ? ਅਨੇਕਾਂ ਮੋਮਨ ਜੀਉਂਦੇ ਜਲਾਏ, ਬੱਚੇ ਮਾਸੂਮ ਮਰਵਾਏ, ਐਡੀ ਜ਼ਿਦ ਰੱਖੀ। ਰੋਜ਼ ਇੱਕ ਦੋ ਮੋਮਨਾਂ ਨੂੰ ਕਤਲ ਕਰ ਕੇ ਓਨ੍ਹਾਂ ਦੀ ਛਾਤੀ ਪਰ ਪੈਰ ਧਰ ਕੇ ਅਸਵਾਰ ਹੁੰਦਾ ਰਿਹਾ ਹੈਂ, ਏਹੋ ਜੇਹੇ ਬੁਰੇ ਕੰਮ ਜ਼ੁਲਮ ਦੇ ਜ਼ਾਲਮਾਂ ਮੂਰਖਾਂ ਵਾਲੇ ਕਿਉਂ ਕੀਤੇ?"

ਉੱਤਰ, "ਏਹ ਨਟ ਦੀਆਂ ਪੁਤਲੀਆਂ ਵਾਂਗੂੰ ਜੋ ਕੁਛ ਰੱਬ ਕਰਾਉਂਦਾ ਹੈ ਓਹੋ ਜੀਵ ਕਰਦੇ ਹਨ। ਹੋਰ ਜੋ ਤੈਂ ਮੈਨੂੰ ਜ਼ਾਲਮ ਦੱਸਿਆ ਹੈ ਏਹ ਭੀ ਓਸੇ ਦੀ ਮਰਜ਼ੀ ਨਾਲ ਹੋਇਆ ਹੈ। ਜਦ ਮੁਸਲਮਾਨਾਂ ਨੇ ਵੱਡੇ ਵੱਡੇ ਭਾਰੇ ਅਸਹਿ ਦੁਖਦਾਈ ਜ਼ੁਲਮ ਹਿੰਦੂਆਂ ਉੱਤੇ ਕੀਤੇ, ਤਾਂ ਓਨ੍ਹਾਂ ਦਾ ਫ਼ਲ ਭੋਗਾਉਣ ਲਈ ਓਸ ਸਾਹਿਬ ਨੇ ਮੈਨੂੰ ਜ਼ਾਲਮ ਬਣਾ ਦਿੱਤਾ।"

ਪ੍ਰਸ਼ਨ, "ਤੂੰ ਐਡਾ ਵਡਾ ਕਰਾਮਾਤੀ ਹੋ ਕੇ ਸਾਡੀ ਕੈਦ ਵਿੱਚ ਕਿਉਂ ਆ ਗਿਆ?"

ਉੱਤਰ, "ਏਹ ਮੇਰੀ ਗ਼ਫ਼ਲਤ ਭੁੱਲ ਦਾ ਨਤੀਜਾ ਹੈ। ਜੇਕਰ ਮੈਂ ਆਪਣੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਵਿੱਚ ਕਾਇਮ ਰਹਿੰਦਾ ਤਾਂ ਤੁਸਾਡੀ ਕੀ ਮਜਾਲ ਸੀ ਜੋ ਮੈਨੂੰ ਫੜ ਸਕਦੇ?"

ਪ੍ਰਸ਼ਨ, "ਤੂੰ ਅਜੇਹਾ ਗਿਆਨੀ ਤੇ ਅਜ਼ਮਤੀ ਹੋ ਕੇ ਅਜੇਹੇ ਕਸ਼ਟ ਕਿਉਂ ਸਹਾਰਦਾ ਹੈਂ? ਗ਼ਾਇਬ ਹੋ ਜਾ।"

ਉੱਤਰ, "ਗਾਇਬ ਹੋਣਾ ਕੁਝ ਔਖਾ ਨਹੀਂ। ਪਰ ਜੋ ਮੈਂ ਆਪਣੇ ਗੁਰੂ ਦੇ ਹੁਕਮ ਤੋਂ ਵਧ ਕੇ ਕੰਮ ਕੀਤੇ ਹਨ, ਓਨ੍ਹਾਂ ਦਾ ਫ਼ਲ ਫੇਰ ਦੇਹ ਧਾਰ ਕੇ ਭੋਗਣ ਨਾਲੋਂ ਹੁਣੇ ਭੋਗ ਲੈਣਾ ਚੰਗਾ ਸਮਝਦਾ ਹਾਂ। ਏਸ ਕਰ ਕੇ ਖ਼ੁਸ਼ੀ ਨਾਲ ਭੁਗਤਦਾ ਹਾਂ। ਕਿਸੇ ਦੇ ਭੋਗਾਏ ਕਸ਼ਟ ਨਹੀਂ ਭੋਗਦਾ। ਜੇ ਮੈਂ ਐਸ ਵੇਲੇ ਚੀਕਾਂ ਮਾਰਾਂ ਬਿਆਕੁਲ ਹੋ ਪਵਾਂ, ਤਾਂ ਕੀ ਤੁਸੀਂ ਜਲਾਦ ਤਰਸ ਖਾ ਕੇ ਮੈਨੂੰ ਛੱਡ ਦਿਓਗੇ? ਜਦ ਏਸੇ ਭਾਂਤ ਵਰਤਾਓ ਵਰਤਣਾ ਹੈ, ਤਾਂ ਧੀਰਜ ਵੀਚਾਰ ਨਾਲ ਪ੍ਰਭੂ ਦਾ ਭਾਣਾ ਮਿੱਠਾ ਮੰਨ ਕੇ ਕਿਉਂ ਨਾ ਭੋਗੀਏ? ਆਪਣੇ ਗੁਰੂ ਦਾ ਬਚਨ ਕਿਉਂ ਨਾ ਕਮਾਈਏ?"

ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥

(ਗਉੜੀ ਸੁਖਮਨੀ, ਮਃ ੫ - ੨੭੫)

ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥

(ਗਉੜੀ ਸੁਖਮਨੀ, ਮਃ ੫ - ੨੭੨)

ਏਹੋ ਜੇਹੇ ਬਚਨ ਸੁਣ ਕੇ ਅਤੇ ਬੰਦੇ ਦਾ ਸਾਰਾ ਹਾਲ ਵੇਖ ਕੇ ਜਦ ਵਜ਼ੀਰ ਨੇ ਜਾ ਕੇ ਬਾਦਸ਼ਾਹ ਪਾਸ ਤਾਰੀਫ਼ ਨਾਲ, ਤਰਸ ਖਾ ਕੇ ਦੱਸਿਆ ਤਾਂ ਬਾਦਸ਼ਾਹ ਨੇ ਨਰਮ ਹੋ ਕੇ ਆਖਿਆ, "ਜੇ ਅਜੇਹਾ ਕਾਮਲ ਸ਼ਖਸ ਦੀਨ ਮੰਨੇ, ਤਾਂ ਕਿਉਂ ਮਾਰਨਾ ਹੈ? ਤੁਸੀਂ ਫੇਰ ਜਾਓ ਦੀਨ ਮਨਾਓ।" ਏਸ ਹੁਕਮ ਅਨੁਸਾਰ ਚਾਰ ਕੁ ਹੋਰ ਅਮੀਰਾਂ ਸਮੇਤ ਵਜ਼ੀਰ ਨੇ ਜਾ ਕੇ ਬੰਦੇ ਨੂੰ ਦੀਨ ਮੰਨਣ ਲਈ ਆਖਿਆ ਤਾਂ ਬੰਦੇ ਨੇ ਦੀਨ ਮੁਹੰਮਦੀ ਪਰ ਅਤੇ ਦੀਨ ਮੰਨਣ ਵਾਲੇ ਉੱਤੇ ਹਜ਼ਾਰ ਹਜ਼ਾਰ ਗਾਲ੍ਹਾਂ ਤੇ ਲਾਨ੍ਹਤ ਦੇ ਕੇ ਆਖਿਆ, "ਮੈਂ ਸੱਚਾ ਦੀਨ ਗੁਰੂ ਜੀ ਦਾ ਛੱਡ ਕੇ ਦੀਨ ਮੰਨਾਂ ਜੋ ਕਪਟ ਛਲ ਦੀ ਖਾਣ, ਧੋਖੇ ਦੀ ਟੱਟੀ ਹੈ।" ਏਹ ਗੱਲਾਂ ਸੁਣ ਕੇ ਬਾਦਸ਼ਾਹ ਨੇ ਬੰਦੇ ਨੂੰ ਪੁੱਛ ਭੇਜਿਆ ਕਿ

ਜਿਸ ਮੌਤ ਨਾਲ ਤੂੰ ਮਰਨਾ ਚਾਹੁੰਦਾ ਹੈਂ, ਤੂੰ ਕਹੁ। ਤੈਨੂੰ ਓਸੇ ਮੌਤ ਮਾਰਿਆ ਜਾਵੇ। ਬੰਦੇ ਨੇ ਆਖਿਆ, "ਜਿਸ ਮੌਤ ਬਾਦਸ਼ਾਹ* ਮਰਨਾ ਚਾਹੁੰਦਾ ਹੈ ਓਸੇ ਮੌਤ ਮੈਨੂੰ ਮਾਰ ਦੇਵੋ।"

## ੯੪. ਬੰਦੇ ਦਾ ਮਰ ਕੇ ਜੀਉਣਾ

ਏਹ ਜਵਾਬ ਸੁਣ ਕੇ ਬਾਦਸ਼ਾਹ ਨੇ ਖਫਾ ਹੋ ਕੇ ਹੁਕਮ ਦਿੱਤਾ, ਏਸ ਕਾਫਰ ਨੂੰ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਘਸੀਟ ਵਿੱਚ ਮਾਰ ਕੇ ਜਮਨਾ ਕਨਾਰੇ ਸੁਟਵਾ ਦਿਉ। ਗਿੱਦੜ ਕੁੱਤੇ ਖਾ ਜਾਣਗੇ। ਏਸ ਹੁਕਮ ਨਾਲ ਜਦ ਬੰਦੇ ਦੀਆਂ ਲੱਤਾਂ ਹਾਥੀ ਦੀ ਲੱਤ ਨਾਲ ਬੰਨ੍ਹ ਕੇ ਥੋੜ੍ਹੀ ਜਿੰਨੀ ਖਿਚ ਘਸੀਟ ਕਰਾਈ, ਤਾਂ ਬੰਦੇ ਨੇ ਆਪਣੇ ਪਰਾਣ ਦਸੇਂ ਦੁਆਰ ਚੜ੍ਹਾ ਲੀਤੇ। ਓਨ੍ਹਾਂ ਨੇ ਮਰ ਗਿਆ ਸਮਝ ਕੇ ਜਮਨਾ ਕਨਾਰੇ ਲੋਥ ਸਿੱਟ ਦਿੱਤੀ।

ਬੰਦਈ ਸਿੰਘ ਜੋ ਮਾਈ ਰਾਮ ਦੇਈ ਬੰਦੇ ਦੀ ਇਸਤ੍ਰੀ ਦੇ ਭੇਜੇ ਹੋਏ ਮੁਸਲਮਾਨੀ ਲਿਬਾਸ ਦਿੱਲੀ ਫਿਰ ਰਹੇ ਸਨ, ਓਨ੍ਹਾਂ ਨੇ ਮਾਈ ਦੇ ਹੁਕਮ ਅਨੁਸਾਰ ਰਾਤ ਪਈ ਬੰਦੇ ਦੀ ਲੋਥ ਚੁੱਕ ਕੇ ਪੰਜਾਬ ਦੇਸ ਲਾਹੌਰ ਦੇ ਜ਼ਿਲ੍ਹੇ ਪਰਗਣੇ ਸਰਕ ਪੁਰ ਭੁਚੋ ਕੇ ਠੱਕਰ ਪਿੰਡ ਮਾਈ ਪਾਸ ਲੈ ਆਂਦਾ। ਓਸ ਨੂੰ ਪ੍ਰਾਣ ਉਤਾਰਨ ਦਾ ਢੰਗ ਯਾਦ ਸੀ। ਬੰਦੇ ਦੇ ਪ੍ਰਾਣ ਉਤਾਰ ਕੇ ਬਹੁਤ ਸੇਵਾ ਕੀਤੀ। ਜ਼ਖ਼ਮ ਤਾਂ ਰਾਜ਼ੀ ਹੋ ਗਏ, ਪਰ ਕੈਦ ਤੇ ਜੰਬੂਰਾਂ ਆਦਿਕਾਂ ਦੀਆਂ ਮਾਰਾਂ ਤੇ ਤਕਲੀਫਾਂ ਨੇ ਸਰੀਰ ਜਰਜਰਾ ਕਰ ਦਿੱਤਾ ਸੀ।

## ੯੫. ਬੰਦੇ ਦੇ ਸੇਵਕ ਮਿਲੇ

ਓਸ ਸਮੇਂ ਜ਼ਿਲ੍ਹੇ ਝੰਗ ਤਸੀਲ ਸ਼ੇਰਕੋਟ ਦੇ ਰਹਿਣੇ ਵਾਲਾ ਮੇਹਰ ਸਿੰਘ ਦਸਮ ਗੁਰੂ ਜੀ ਦਾ ਮਾਸ਼ਕੀ, ਦੂਜਾ ਅਰੋੜਾ ਬੁਲਾਕੀ ਮਸੰਦ ਡੱਬ ਪਿੰਡ ਦੇ ਰਹਿਣ ਵਾਲਾ, ਤੀਜਾ ਰਾਮ ਸਿੰਘ, ਅਰੋੜਾ ਸਿੰਘ ਵਗ਼ੈਰਾ ਪੰਜ ਛੀ ਸਿੱਖ ਸੇਵਕ ਬੰਦੇ ਦੇ ਪਾਸ ਆ 'ਕੱਠੇ ਹੋਏ। ਓਹਨਾਂ ਨੇ ਬਹੁਤ ਚਾਹਿਆ ਕਿ ਇੱਕ ਵਾਰ ਬਾਬੇ ਬੰਦੇ ਨੂੰ ਪੰਥ ਖਾਲਸੇ ਦੇ ਦਲ ਦਾ ਮੁਰੈਲੀ ਬਣਾ ਕੇ ਫੇਰ ਕਿਸਮਤ ਅਜ਼ਮਾਈ ਕਰੀਏ। ਮੁਸਲਮਾਨਾਂ ਤੋਂ ਓਹਨਾਂ ਦੇ ਜ਼ੋਰ ਜ਼ੁਲਮਾਂ ਦੇ ਬਦਲੇ ਲਈਏ ਜੋ ਓਨ੍ਹਾਂ ਨੇ ਕੀਤੇ ਹਨ, ਪਰ ਓਸ ਵੇਲੇ ਤਾਂ ਬੰਦੇ ਵਿੱਚ ਓਹ ਪਹਿਲੀ ਤਾਕਤ ਤੇ ਹੌਸਲਾ ਰਿਹਾ ਨਹੀਂ ਸੀ। ਇਸ ਕਰ ਕੇ ਬੰਦੇ ਨੇ ਗੁਪਤ ਰਹਿਣਾ ਹੀ ਚੰਗਾ ਸਮਝ ਕੇ ਜੰਮੂ ਦੇ ਪਹਾੜਾਂ ਵੰਨੀ ਤੁਰ ਗਿਆ। ਰਿਆਸੀ ਦੇ ਕਿਲ੍ਹੇ ਪਾਸ ਭਬਰ ਪਿੰਡ ਇੱਕ ਬੋਹੜ ਹੇਠ ਜਾ ਬੈਠਾ, ਜੋ ਹੁਣ ਤੱਕ ਪੂਜਯ ਹੈ।

ਦਸ ਕੁ ਮਹੀਨੇ ਪਿੱਛੋਂ ਓਥੋਂ ਅੱਗੇ ਚੰਦਰ ਭਾਗਾ ਨਦੀ ਕੰਢੇ ਇੱਕ ਪਰਬਤੀ ਕੰਦ੍ਰਾ ਵਿੱਚ ਜਾ ਬੈਠੇ। ਸਿਫ਼ਕ ਮਨ ਓਹਨਾਂ ਦੇ ਤਨ ਨੂੰ ਬਿਹਬਲ ਨਹੀਂ ਹੋਣ ਦਿੰਦਾ ਸੀ। ਸਬਰ ਸੰਤੋਖ ਤੋਂ ਪੂਰਾ ਕੰਮ ਲੈ ਰਿਹਾ ਸੀ। ਓਸ ਦੇ ਨੇੜੇ ਇੱਕ ਲੁਬਾਣਿਆਂ ਦਾ ਪਿੰਡ ਟਾਂਡਾ ਨਾਮ ਸੀ। ਓਥੋਂ ਦੇ ਢੋਟਾ ਨਾਮੇ ਪੈਂਚ ਗੁਰੂ ਘਰ ਦੇ ਮਸੰਦ ਨੇ ਬੰਦੇ ਨੂੰ ਸਿਞਾਣ ਲਿਆ। ਓਹ ਚੰਗੀ ਸੇਵਾ ਕਰਦਾ ਕਰਾਉਂਦਾ ਰਿਹਾ। ਇੱਕ ਸਾਲ ਪਿੱਛੋਂ ਮੇਹਰ ਸਿੰਘ ਡਬ ਪਿੰਡ ਵਾਲੇ ਨੂੰ ਜੋ ਓਸ ਦਾ ਗੂੜ੍ਹਾ ਪ੍ਰੇਮੀ ਸੀ; ਲੁਬਾਣਿਆਂ ਤੋਂ ਸੂੰਧਕ ਪਾ ਕੇ ਬੰਦੇ ਪਾਸ ਜਾ ਪੁੱਜਾ। ਓਹ ਆਪਣੇ ਦੇਸੀ ਬੰਦੇਈ ਸਿੱਖਾਂ ਨੂੰ ਪ੍ਰੇਰ ਕੇ ਬੰਦੇ ਦੀ ਤਕੜੀ ਮੰਨਤ ਪੂਜਾ ਕਰਾਉਂਦਾ ਰਿਹਾ। ਓਸ ਸਮੇਂ ਮੇਹਰ ਸਿੰਘ ਇੱਕ ਵਾਰੀ ਵਜ਼ੀਰਾਬਾਦ ਆਇਆ। ਬੰਦੇ ਦੀ ਮਹਿਮਾ ਸੁਣਾਈ ਤਾਂ ਇੱਕ ਕਪੂਰ ਖਤ੍ਰੀ ਹਰੀਰਾਮ ਦੀ ਬੇਟੀ ਸਾਹਿਬ ਕੌਰ ਮੁਟਿਆਰ ਸੀ; ਆਪਣੀ ਮਾਈ ਨੂੰ ਓਸ ਨੇ ਕਹਿ ਦਿੱਤਾ, "ਮੇਰਾ ਸਬੰਧ ਬੰਦੇ

---

*ਫਰੁਖ਼ਸੀਅਰ ਦਾ ਮਰਨਾ: ਏਸੇ ਭਾਂਤ ਘਸੀਟ ਵਿੱਚ ਫਰੁਖਸ਼ੀਅਰ ਬਾਦਸ਼ਾਹ ਮਰਿਆ ਸੀ, ਕਿਉਂਕਿ ਬਾਦਸ਼ਾਹ ਦੇ ਵਜ਼ੀਰ ਸੱਯਦ ਅਬਦੁਲੇ ਨੇ ਓਸ ਨਾਲ ਵਿਗਾੜ ਕੇ ਪਹਿਲੇ ਬਾਦਸ਼ਾਹ ਨੂੰ ਕੈਦ ਕੀਤਾ। ਫੇਰ ਅੰਨ੍ਹਾ ਕਰਾ ਕੇ ਓਸੇ ਦੇ ਪੁੱਤਰ ਮੁਹੰਮਦ ਸ਼ਾਹ ਨੂੰ ਤਖ਼ਤ ਉੱਤੇ ਬੈਠਾ ਦਿੱਤਾ। ਇੱਕ ਦਿਨ ਬਾਦਸ਼ਾਹ ਕੈਦ ਵਿੱਚੋਂ ਨੱਠ ਕੇ ਨਫ਼ਰਾਂ ਦੀ ਸਹਾਇਤਾ ਨਾਲ ਜਦ ਲਖਨਊ ਵੱਲ ਨੱਸ ਚਲਿਆ ਸੀ, ਵਜ਼ੀਰ ਨੇ ਰਾਹ ਵਿੱਚੋਂ ਫੜ ਲਿਆਂਦਾ ਚਾਬਕਾਂ ਨਾਲ ਮਾਸ ਉਡਵਾ ਦਿੱਤਾ। ਫੇਰ ਇੱਕ ਘੋੜੀ ਉੱਤੇ ਚੜ੍ਹ ਕੇ ਜੋ ਇਸ ਨੇ ਇੱਕ ਲੱਖ ਰੁਪਯੇ ਨੂੰ ਲੀਤੀ ਸੀ, ਸਵਾਰ ਹੋ ਕੇ ਕਿਲ੍ਹੇ ਦੇ ਅੰਦਰ ਅੰਦਰ ਫਿਰਨ ਦੀ ਆਗਿਆ ਲੈ ਲੀਤੀ। ਘੋੜੀ ਤੇ ਫਿਰ ਹੀ ਰਿਹਾ ਸੀ ਕਿ ਘੋੜੀ ਤ੍ਰਿਬਕ ਕੇ ਨਫ਼ਰ ਤੋਂ ਛੁੱਟ ਕੇ ਐਸੀ ਬੇਬਸੀ ਦੌੜੀ ਬਾਦਸ਼ਾਹ ਡਿੱਗ ਪਿਆ। ਪੈਰ ਰਕਾਬ ਵਿੱਚ ਫਸਿਆ ਰਹਿ ਗਿਆ। ਸੋ ਘਸੀਟ ਵਿੱਚ ਹੀ ਤੋਈ ਤੋਈ ਉਡ ਕੇ ਮਰ ਗਿਆ। ਬੰਦੇ ਦਾ ਬਚਨ ਪੂਰਾ ਹੋਇਆ।

Humble service provided by Bhai Baljinder Singh (Rara Sahib)

ਨਾਲ ਕਰਾ ਦਿਓ।" ਓਸ ਦੇ ਬਾਪ ਨੇ ਭੀ ਓੜਕ ਏਸੇ ਬਾਤ ਨੂੰ ਮੰਨ ਕਰ ਕੁੜੀ ਨੂੰ ਆਪ ਬੰਦੇ ਪਾਸ ਲੈ ਜਾ ਕੇ ਅਨੰਦ ਪੜ੍ਹਾ ਆਇਆ, ਜਿਸ ਵਿੱਚੋਂ ਸੰ. ੧੭੮੩ ਬਿ. ਨੂੰ ਇੱਕ ਪੁੱਤਰ ਅਜੀਤ ਸਿੰਘ ਪੈਦਾ ਹੋ ਪਿਆ। ਕਰਮ ਸਿੰਘ ਪਚਾਸੀ ਵਿੱਚ ਲਿਖਦਾ ਹੈ। ਬੰਦੇ ਦੇ ਉਪਾਸਜ ਗੁਰੂ ਗਬਿੰਦ ਸਿੰਘ ਸਾਹਿਬ ਜੀ ਸਨ। ਆਪ ਦਰਸ਼ਨ ਕਰਦਾ ਤੇ ਮੇਹਰ ਸਿੰਘ, ਬੁਲਾਕੀ ਮਸੰਦ, ਢੋਟੇ ਪੈਂਚ ਵਗ਼ੈਰਾ ਬਹੁਤ ਪ੍ਰੇਮੀਆਂ ਨੂੰ ਕਦੇ ਕਦੇ ਦਰਸ਼ਨ ਕਰਾ ਦਿੰਦਾ*। ਓਹੋ ਪ੍ਰੇਮੀ ਮਸੰਦ ਪ੍ਰੇਰ ਕਰ ਕੇ ਹਰ ਸਾਲ ਬੰਦੇ ਪਾਸ ਬੰਦਈ ਸੰਗਤ ਨੂੰ ਲਿਆ ਕੇ ਬੰਦੇ ਦੀ ਪੂਜਾ ਮਾਨਤਾ ਕਰਾਉਂਦੇ ਰਹਿੰਦੇ। ਬੰਦਈ ਸੰਗਤ ਹੁਣ ਤੱਕ ਵੱਡੇ ਸਿਦਕ ਇਮਾਨ ਨਾਲ ਦਸਵੰਧ ਓਦੋਂ ਭੀ ਦਿੰਦੀ ਸੀ ਤੇ ਹੁਣ ਭੀ ਦਿੰਦੀ ਹੈ। ਫੇਰ ਮੇਹਰ ਸਿੰਘ ਦਾ ਪੱਤ੍ਰ ਪੋਤ੍ਰਾ ਦਿਲਬਰ ਸਿੰਘ ਮਸੰਦ ਸੰਗਤਾਂ ਨੂੰ ਲੈ ਜਾਂਦਾ ਰਿਹਾ। ਹੁਣ ਓਸ ਦਾ ਪੋਤ੍ਰਾ ਗੁਰਮੁਖ ਸਿੰਘ ਮਸੰਦ ਹਰਨਾਮ ਸਿੰਘ ਵਗੈਰੇ ਮਸੰਦ ਬੰਦਈ ਸੰਗਤਾਂ ਨੂੰ ਲੈ ਜਾ ਕੇ ਕਾਰ ਭੇਟ ਦਸਵੰਧ ਦਾ ਰੁਪਯਾ ਦਿਵਾਉਂਦੇ ਰਹਿੰਦੇ ਹਨ। ਓਦੋਂ ਭੀ ਮਸੰਦ ਹੀ ਸੰਗਤਾਂ ਨੂੰ ਨਾਲ ਲੈ ਜਾਂਦੇ ਸਨ। ਬੰਦੇ ਨੇ ਆਪਣੇ ਅੰਤ ਦੇ ਦਿਨ ਚੰਗੇ ਸ਼ਾਂਤੀ ਨਾਲ ਸੁਖਦਾਈ ਗੁਜ਼ਾਰੇ। ਕਈ ਵਾਰ ਬੰਦੇ ਦੇ ਸੇਵਕਾਂ ਉੱਤੇ ਭਾਰੀ ਭਾਰੀ ਬਿਪਤਾ ਪਈ ਤੇ ਮੁਸਲਮਾਨਾਂ ਦੇ ਜ਼ੁਲਮ ਹੱਦੋਂ ਵਧੇ ਹੋਏ ਦੇਖ ਕੇ ਬੰਦੇ ਅੱਗੇ ਬੇਨਤੀ ਕੀਤੀ ਕਿ ਇੱਕ ਵਾਰੀ ਸਿੰਘਾਂ ਦੀ ਜੈ ਫੇਰ ਕਰਾ ਦਿਓ ਮੁਸਲਮਾਨ ਤਾਂ ਤੁਸਾਡਾ ਨਾ ਸੁਣਦੇ ਸਾਰ ਹੀ ਸ਼ੇਰ ਅੱਗੇ ਹਰਨਾਂ ਦੀ ਤਰ੍ਹਾਂ ਦੌੜ ਜਾਣਗੇ। ਪਰ ਬੰਦਾ ਆਪਣੇ ਸੰਤਾਂ ਵਾਲੇ ਆਨੰਦ ਵਿੱਚ ਮਗਨ ਰਹਿ ਕੇ ਓੜਕ ਫੱਗਣ ਦੀ ਪੂਰਨਮਾਸ਼ੀ ਸੰ. ੧੭੯੩ ਬਿ. ਨੂੰ ਏਸ ਅਸਾਰ ਸੰਸਾਰ ਤੋਂ ਕੂਚ ਕਰ ਗਿਆ। ਤਾ ਹੀਂ ਏਸ ਦਿਨ ਬੰਦਈ ਸੰਗਤ ਹਰ ਸਾਲ ਬੰਦੇ ਦੀ ਸਮਾਧ ਪਰ ਇਕੱਠੀ ਹੋ ਕੇ ਬੜਾ ਉਤਸ਼ਾਹ ਕਰਦੀ ਹੈ। ਮੇਲਾ ਭਰਦਾ ਹੈ, ਕੜਾਹ ਪ੍ਰਸ਼ਾਦ ਹੁੰਦੇ ਹਨ, ਨਜ਼ਰ ਭੇਟਾ ਮਾਇਆ ਚੜ੍ਹਦੀ ਹੈ। ਬੰਦੇ ਬਹਾਦੁਰ ਦੇ ਕਰਤਾ ਨੇ ਜੇਠ ਸੁਦੀ ੧੪ ਸੰ. ੧੭੯੮ ਲਿਖਿਆ ਹੈ ਓਸ ਦਿਨ ਕੋਈ ਉਤਸ਼ਾਹ ਓਥੇ ਨਹੀਂ ਹੁੰਦਾ। ਜੇਕਰ ਜੇਠ ਨੂੰ ਦੇਹ ਛੱਡਦੇ, ਤਾਂ ਜੇਠ ਵਿੱਚ ਮੇਲਾ ਭਰਦਾ।

ਬੰਦਾ ਪਤਲਾ ਕਣਕ ਵੰਨਾ, ਗੋਲ ਚਿਹਰਾ, ਬਾਘ ਮੁਖ, ਭੂਰੇ ਕੇਸ, ਪੈਰਾਂ ਤੋਂ ਸਿਰ ਤੱਕ ਪੇਹੇ ਵਰਗਾ ਸੁੰਦਰ, ਜਵਾਨ ਲੰਬਾ ਹਜ਼ਾਰਾਂ ਵਿੱਚੋਂ ਉੱਚਾ ਸੀ। ਘੋੜੇ ਦਾ ਸਵਾਰ, ਤੀਰ ਤਲਵਾਰ ਦਾ ਚਲਵੱਯਾ, ਕਰੜਾ ਸਰੀਰ, ਮੁਨਸਫ਼ ਮਜਾਜ਼ ਨਿਰਭੈ ਜੋਗੀ ਰਾਜ, ਹਰ ਪ੍ਰਕਾਰ ਦੀ ਵਿੱਦਿਆ ਰਸਾਇਣ ਵਗੈਰਾ ਬੂਟੀਆਂ ਦੇ ਗੁਣ ਗਿਆਤਾ, ਮਿਸਮਰੇਜ਼ਮ ਜਿਸ ਨੂੰ ਜਾਦੂ ਹੁਨਰ ਆਖਿਆ ਜਾਂਦਾ ਹੈ; ਓਸ ਦੇ ਜਾਣਨ ਵਾਲਾ ਪੂਰਾ ਪੁਰਖ, ਕਿਆਸ ਐਸਾ ਅਧਕ ਰੱਖਦਾ ਸੀ ਹੋਣ ਵਾਲੀ ਬਾਤ ਅੱਗੇ ਹੀ ਦੱਸ ਛੱਡਦਾ, ਜੰਗ ਦੇ ਢੰਗ ਬੈਰਾਗੀ ਫ਼ਕੀਰਾਂ ਦੀ ਜਮਾਤ ਵਿੱਚੋਂ ਜਿਨ੍ਹਾਂ ਦੀ ਲੜਾਈ ਹਮੇਸ਼ ਗੁਸਾਈਂ ਫ਼ਕੀਰਾਂ ਨਾਲ ਹੁੰਦੀ ਰਹਿੰਦੀ ਸੀ, ਸਭ ਚੰਗੇ ਸਿੱਖ ਰੱਖੇ ਸੇ। ਜਦ ਤੋਂ ਬੰਦੇ ਨੇ ਗੁਰੂ ਦੇ ਹੁਕਮ ਅਨੁਸਾਰ ਅਪਣਾ ਕੰਮ ਕਰਨ ਦਾ ਉੱਦਮ ਕੀਤਾ ਸੀ, ਓਸ ਦੇ ਸਾਥ ਹੀ ਸ਼ਾਹੀ ਹਾਕਮ ਓਸ ਦੇ ਵੈਰੀ ਖੜ੍ਹੇ ਹੋ ਗਏ ਸਨ। ਪਰ ਏਸ ਨੇ ਓਸ ਮੁਹਿੰਮ ਦੇ ਬੋਝ ਨੂੰ ਇੱਕ ਐਸੀ ਬਚਿਤਰ ਘਟਨਾ ਨਾਲ ਨਿਬਾਹਿਆ, ਜੋ ਅੱਜ ਤੱਕ ਸਲਾਹਿਆ ਜਾਂਦਾ ਹੈ। ਓਸ ਨੇ ਕਿਸੇ ਵੱਡੇ ਆਦਮੀ ਦਾ ਆਸਰਾ ਨਹੀਂ ਲੀਤਾ ਨਾ ਕੋਈ ਨੀਚ ਗੋਂਦ ਗੁੰਦੀ। ਕੇਵਲ ਮੁਲਕ ਦੀ

---

*ਜੈਸੇ ਕਿ ਹੁਣ ਭੀ ਮਿਸਮਰੇਜ਼ਮ ਇਲਮ ਦੀ ਕਮਾਈ ਵਾਲੇ ਲੋਗ ਪਿਛਲੇ ਗ਼ੁਜ਼ਰੇ ਹੋਏ ਆਪਣੇ ਪਿਤਾ, ਪਿਤਾਮਾ, ਮਾਤਾ, ਪਰਮਾਤਾ ਵਗ਼ੈਰਾ ਦਾ ਦਰਸ਼ਨ ਗੱਲਾਂ ਕਰਾ ਦਿੰਦੇ ਹਨ, ਬਲਕਿ ਜੇਠ ਸੰਮਤ ੧੯੬੮ ਨੂੰ ਇੱਕ ਮਿਸਮਰੇਜ਼ੀਆ ਪਟਿਆਲੇ ਆਇਆ ਕਿਲ੍ਹੇ ਦੇ ਅੱਗੇ ਚੌਂਕ ਵਿੱਚ ਤੰਬੂ ਲਗਾ ਰੱਖਿਆ ਸੀ। ਵੱਡੇ ਵੱਡੇ ਗਜ਼ਬ ਦੇ ਤਮਾਸ਼ੇ ਦਿਖਾ ਰਿਹਾ ਸੀ। ਇੱਕ ਅੰਗੂਠੀ ਨੂੰ ਅੱਖ ਵਿੱਚ ਪਾ ਕੇ ਖੁਚ ਵਿੱਚੋਂ ਕੱਢ ਦਿੰਦਾ ਸੀ। ਦਸ ਅੱਠ ਬਰਸ ਦੇ ਕੁੜੀ ਮੁੰਡੇ ਨੂੰ ਮਾਰਨ ਦਾ ਪਾਸ ਦੇ ਕੇ ਮਾਰ ਦਿੰਦਾ ਸੀ ਤੇ ਜੀਵਾਉਣ ਦਾ ਪਾਸ ਦੇ ਕੇ ਜੀਵਾ ਦਿੰਦਾ ਸੀ ਬਲਕਿ ਓਸ ਮੁਰਦੇ ਬਾਲਕ ਨੂੰ ਮੇਜ਼ ਉੱਤੇ ਪਾ ਕੇ ਹੇਠੋਂ ਕੱਢ ਕੇ ਨਿਰਾਸਰੇ ਅਧਰ ਵਿੱਚ ਅਡੋਲ ਪਾ ਰੱਖਦਾ ਸੀ। ਉੱਪਰ ਨੂੰ ਲੈ ਜਾਂਦਾ ਸੀ, ਹੇਠਾਂ ਨੂੰ ਲੈ ਆਉਂਦਾ ਸੀ। ਜੇਹੜੀ ਚੀਜ਼ ਦੂਰ ਦੇਸ ਦੀ ਕੋਈ ਆਦਮੀ ਮੰਗੇ ਓਥੋਂ ਮੰਗਾ ਦਿੰਦਾ ਸੀ। ਏਸੇ ਭਾਂਤ ਬੰਦੇ ਦੀਆਂ ਅਜ਼ਮਤਾਂ ਸੁਣ ਕੇ ਰਾਜਾ ਰਤਨਦੇਉ ਜੰਮੂ ਦਾ ਰਾਜਾ ਭੀ ਬੰਦੇ ਦਾ ਸੱਚਾ ਸੇਵਕ ਬਣ ਕੇ ਬਹੁਤ ਸੇਵਾ ਕਰਦਾ ਰਿਹਾ। ਉਪਾਸ਼ਨਾ ਭੀ ਓਸ ਨੇ ਐਸੀ ਦ੍ਰਿੜ੍ਹ ਕੀਤੀ ਦਸਮੇਸ਼ ਗੁਰੂ ਜੀ ਦੇ ਦਰਸ਼ਨ ਪ੍ਰਤੱਖ ਹੋਣ ਲੱਗ ਪਏ। ਇੱਕ ਦਿਨ ਰਾਜੇ ਦੇ ਪ੍ਰੋਹਤ ਨੇ ਹਰ ਭਜ ਨੂੰ ਤੇ ਵਜ਼ੀਰ ਨੇ ਰਾਣੀਆਂ ਨੂੰ ਸਿਖਾ ਦਿੱਤਾ ਕਿ ਸਾਨੂੰ ਗੁਰੂ ਜੀ ਦੇ ਦਰਸ਼ਨ ਕਰਾਓ।

ਹਮਦਰਦੀ ਨੂੰ ਅੱਗੇ ਰੱਖ ਕੇ ਸਮਰ ਸਮੁੰਦਰ ਵਿੱਚ ਆਪੇ ਠਿਲ ਪਿਆ। ਆਪਣੇ ਆਦਮੀਆਂ ਤੋਂ ਕੋਈ ਗੱਲ ਲੁਕੋ ਕੇ ਕਦੇ ਨਹੀਂ ਰਖੀ ਸੀ। ਦੁਖੀ ਪ੍ਰਜਾ ਦੇ ਆਦਮੀ ਹਾਕਮਾਂ ਦੇ ਦੁਖਾਏ ਹੋਏ ਆਪਣੇ ਆਪਣੇ ਵੈਰੀਆਂ ਤੋਂ ਵੈਰ ਲੈਣੇ ਚਾਹੁੰਦੇ ਸਨ, ਕਿਉਂਕਿ ਓਸ ਵੇਲੇ ਦੇ ਹਾਕਮ ਸਭ ਮਲੇਛ ਬੁੱਧੀ ਅਤਿਆਚਾਰੀ ਭਾਰੀ ਨਿਰਦਈ, ਪ੍ਰਜਾ ਨੂੰ ਕਸਾਈ ਵਾਂਗੂੰ ਕੁਹਣ ਦੀ ਨੀਤ ਰੱਖਦੇ ਸਨ। ਦੁਖੀ ਪ੍ਰਜਾ ਦੀ ਰਤ ਨਿਚੋੜ ਨਿਚੋੜ ਕਰ ਕੰਚਨੀਆਂ ਦੇ ਘਰ ਭਰ ਰਹੇ ਸਨ। ਫੇਰ ਭੀ ਐਡੀ ਬੇਸਬਰੀ ਬਜਾਪ ਰਹੀ ਸੀ ਆਪਣੀਆਂ ਦੋ ਦੋ ਚਾਰ ਚਾਰ ਔਰਤਾਂ ਤੇ ਕੰਚਨੀਆਂ ਦੇ ਹੁੰਦਿਆਂ ਫੇਰ ਭੀ ਪਰਾਈਆਂ ਧੀਆਂ ਨੋਹਾਂ ਦੇ ਜ਼ਬਰਨ ਸਤ ਤੋੜੇ ਬਿਨਾਂ ਸਬਰ ਨਹੀਂ ਕਰਦੇ ਸਨ। ਨਿਆਉਂ ਰੁਪਯਾਂ ਦੀ ਥੈਲੀ ਦੇ ਆਸਰੇ ਸੀ। ਕਾਜ਼ੀ ਕਸਾਈ ਬੇਕਿਰਕ ਸੱਚੇ ਨੂੰ ਝੂਠਾ ਕਰ ਕੇ ਭਾਵੇਂ ਦੋਜ਼ਖ ਦੇ ਭਾਗੀ ਹੁੰਦੇ ਸਨ, ਪਰ ਲੋਭ ਪਾਪਾਂ ਦਾ ਬਾਪ ਸਾਫ਼ ਇਨਸਾਫ਼ ਨਹੀਂ ਕਰਨ ਦਿੰਦਾ। ਨਿਆਉਂ ਦਾ ਖੰਡ ਕਰ ਕੇ ਗ਼ਰੀਬ ਦੀ ਪੁਕਾਰ ਕੋਈ ਨਾ ਸੁਣਦਾ ਬਲਕਿ ਓਨ੍ਹਾਂ ਹੀਣੀਆਂ ਅਸਾਮੀਆਂ ਉੱਤੇ ਸਭ ਗੱਚ ਕੱਢਦੇ ਸਗੋਂ ਬੇਦੋਸਿਆਂ ਨੂੰ ਝੂਠਾ ਦੋਸ਼ ਲਾ ਕੇ ਕੁੱਤਿਆਂ ਤੋਂ ਤੁੜਵਾ ਸਿਟਦੇ ਯਾ ਸਕੰਜੇ ਵਿੱਚ ਚੜ੍ਹਵਾ ਕੇ ਹੱਡੀਆਂ ਦਾ ਚੂਰਨ ਕਰ ਕੱਢਦੇ। ਜਿਉਂ ਜਿਉਂ ਓਹ ਮਰਣ ਤੋਂ ਪਹਿਲੇ ਚੀਕਾਂ ਮਾਰਦਾ ਤਿਉਂ ਤਿਉਂ ਖਿਲੀਆਂ ਪਾਉਂਦੇ। ਛਿਬੀਆਂ ਦਿੰਦੇ, ਤਾੜੀ ਵਜਾ ਵਜਾ ਹਸਦੇ ਖ਼ੁਸ਼ੀਆਂ ਮਨਾਉਂਦੇ। ਓਸ ਦਾ ਮਾਲ ਜ਼ਬਤ ਕਰ ਕੇ ਉਸ ਦੇ ਸੰਬੰਧੀਆਂ ਨੂੰ ਘਰੋਂ ਕੱਢ ਛੱਡਦੇ। ਓਨ੍ਹਾਂ ਦੇ ਪਿੱਛੇ ਕੁੱਤੇ ਲਾਉਂਦੇ। ਕਪੜੇ ਪੜਵਾ ਪੜਵਾ ਲੱਤਾਂ ਬਾਹਾਂ ਤੇ ਦੰਦੀਆਂ ਵਢਵਾਉਂਦੇ, ਕੁੱਤੇ ਸ਼ਿਕਾਰੀ ਬੋਟੀਆਂ ਉਡਾ ਖਾਂਦੇ। ਓਨ੍ਹਾਂ ਦੇ ਮੁੰਡੇ ਕੁੜੀਆਂ ਮੰਡੀ ਵਿੱਚ ਵੇਚੇ ਜਾਂਦੇ। ਏਹੋ ਜੇਹੇ ਅਤਿਆਚਾਰੀ ਜ਼ਾਲਮ ਹਾਕਮਾਂ ਤੋਂ ਆਜਜ਼ ਪ੍ਰਜਾ ਦੇ ਬਦਲੇ ਲੈਣ ਵਾਸਤੇ ਜਦ ਬੰਦੇ ਨੂੰ ਖੜ੍ਹਾ ਹੋਇਆ ਦੇਖਿਆ, ਤਾਂ ਸਾਰੇ ਦੇਸ ਦੇ ਬਹਾਦਰ ਏਸ ਦੇ ਸਾਥੀ ਬੰਦਈ ਲਸ਼ਕਰ ਬਣ ਕੇ ਕਰਨੇ ਯੋਗ ਕੰਮ ਕਰਨ ਲੱਗ ਪਏ। ਭਾਵੇਂ ਏਸ ਦਲ ਵਿੱਚ ਕੰਮ ਦੇਣ ਵਾਲੇ ਸਿੰਘ ਥੋੜ੍ਹੇ ਹੀ ਸਨ, ਪਰ ਸਾਰੇ ਸਿੰਘ ਹੀ ਬੋਲੇ ਜਾਂਦੇ ਸਨ। ਏਸੇ ਵਾਸਤੇ ਮੁਗ਼ਲ ਡਰਦੇ ਓਨ੍ਹਾਂ ਅੱਗੇ ਠਹਿਰਦੇ ਨਹੀਂ ਸਨ। ਭਾਵੇਂ ਓਹ ਸਿੰਘਾਂ ਤੋਂ ਕਈ ਗੁਣਾ ਬਾਹਲੇ ਸਨ, ਪਰ ਐਸ਼ ਅਰਾਮ ਨੇ ਮੁਗ਼ਲਾਂ ਨੂੰ ਕਦੇ ਨਾ ਜਿੱਤਣ ਦਿੱਤਾ। ਸਿੰਘ ਹੀ ਓਨ੍ਹਾਂ ਦੀ ਜੜੀਂ ਤੇਲ ਦਿੰਦੇ ਰਹੇ, ਕਿਉਂਕਿ ਸਿੰਘ ਮੇਹਨਤੀ ਕਰੜੇ ਐਸੇ ਸਨ, ਚਾਰ ਚਾਰ ਦਿਨ ਰਾਤਾਂ ਘੋੜਿਆਂ ਦੀ ਪਿੱਠ ਉੱਤੇ ਹੀ ਗ਼ੁਜ਼ਰ ਜਾਂਦੇ। ਇੱਕ ਇੱਕ ਮੁਠੀ ਛੋਲੇ ਚੱਬ ਕੇ ਵੈਰੀਆਂ ਉੱਤੇ ਸ਼ੇਰਾਂ ਵਾਂਗੂ ਗੱਜ ਗੱਜ ਕਰ ਜਾ ਪੈਂਦੇ। ਬੰਦਾ ਤੇ ਓਸ ਦਾ ਦਲ ਭਾਵੇਂ ਬਹਾਦਰ ਸੀ, ਪਰ ਜਦੋਂ ਤੱਕ ਬੰਦੇ ਨੂੰ ਆਪਣੀ ਜੈ ਹੋਣ ਦਾ ਭਰੋਸਾ ਨਾ ਹੁੰਦਾ, ਤਦੋਂ ਤੱਕ ਟਾਕਰਾ ਹੀ ਨਹੀਂ ਕਰਦਾ ਸੀ ਕਿਉਂਕਿ ਭਾਂਜ ਨਾਲੋਂ ਨਾ ਲੜਨਾ ਚੰਗਾ ਸਮਝਦਾ ਹੁੰਦਾ ਸੀ। ਘਾਤਕ ਚਾਲਾਂ ਤੋਂ ਬਹੁਤ ਘ੍ਰਿਣਾ ਕਰਦਾ। ਐਨੀ ਫੌਜ ਓਸ ਪਾਸ ਕਦੇ ਨਹੀਂ ਕਠੀ ਹੋਈ ਸੀ, ਜੋ ਬਹੁਤ ਸਾਰੇ ਫੌਜਦਾਰਾਂ ਨਾਲ ਟਾਕਰਾ ਲੈਂਦਾ। ਏਸ ਕਰ ਕੇ ਓਥੋਂ ਪਹਿਲੇ ਹੀ ਕਤਰਾ ਜਾਂਦਾ ਸੀ ਤੇ ਸੱਚੇ ਸਿੰਘਾਂ ਤੋਂ ਬਿਨਾਂ ਧਾੜਵੀਆਂ ਪਰ ਭਰੋਸਾ ਨਹੀਂ ਰੱਖਦਾ ਸੀ। ਓਸ ਦੀ ਜਿੱਤ ਦਾ ਅਧਕ ਕਾਰਨ ਏਹੋ ਸੀ ਕਿ ਓਹ ਜਕੋ ਤਕੀ ਛੱਡ ਕੇ ਏਕਾ ਏਕੀ ਵੈਰੀ ਪਰ ਹੱਲਾ ਕਰ ਕੇ ਜਾ ਪੈਂਦਾ ਓਸ ਨੂੰ ਸੰਭਲਨੇ ਤੋਂ ਪਹਿਲਾਂ ਹੀ ਹਾਲ ਚਾਲ ਪਾ ਦਿੰਦਾ। ਓਸ ਦੀ ਜਾਚ ਐਸੀ ਸੀ, ਪਲੋ ਪਲੀ ਵਿੱਚ ਕਾਰਜ ਦੇ ਫ਼ਲ ਤੱਕ ਪੁੱਜ ਪੈਂਦਾ। ਜੰਗ ਵਿੱਚ ਘਾਬਰਦਾ ਨਹੀਂ ਸੀ। ਕਰਨ ਜੋਗ ਕੰਮ ਨੂੰ ਤੜੱਕ ਹੀ ਕਰ ਕੱਢਦਾ। ਤਾਂ ਹੀਂ ਓਸ ਨੂੰ ਵਹਿਮੀ ਲੋਕਾਂ ਨੇ ਜਾਦੂਗਰ ਉੱਘਾ ਕਰ ਰੱਖਿਆ ਸੀ। ਸ਼ਾਹੀ ਅਮੀਰ ਆਪਣੇ ਐਸ਼ ਵਿੱਚ ਮੱਤੇ ਹੋਏ ਇਤਨਾ ਫ਼ਿਕਰ ਬਾਦਸ਼ਾਹੀ ਕੰਮ ਦਾ ਨਹੀਂ ਰੱਖਦੇ ਸੇ, ਜਿਤਨਾ ਜਾਨ ਦਾ ਬਚਾਉ ਰੱਖਦੇ। ਹਰ ਵੇਲੇ ਏਹੋ ਇਛਿਆ ਰਹਿੰਦੀ, ਬੰਦੇ ਦਾ ਨਾਮ ਬਾਦਸ਼ਾਹ ਪਾਸ ਕੋਈ ਨਾ ਲਵੇ। ਨਹੀਂ ਤਾਂ ਸਾਨੂੰ ਜਾਣਾ ਪਏਗਾ। ਇੱਕ ਸ਼ਾਹੀ ਅਮੀਰਾਂ ਦੀ ਹਾਰ ਦਾ ਕਾਰਨ ਹੋਰ ਭਾਰੀ ਏਹ ਸੀ ਕਿ ਜਿਹੜਾ ਅਮੀਰ ਮੁਹਿੰਮ ਪਰ ਭੇਜਿਆ ਜਾਂਦਾ, ਓਸ ਦੀ ਹੇਠੀ ਕਰਾਉਣ ਦੇ ਫ਼ਿਕਰ ਉਪਾਇ ਦੂਜੇ ਅਮੀਰ ਏਸ ਵਾਸਤੇ ਕਰਦੇ ਰਹਿੰਦੇ, ਜੇਕਰ ਏਹ ਜਿੱਤ ਆਇਆ ਤਾਂ ਬਾਦਸ਼ਾਹ ਏਸੇ ਨੂੰ

ਲਾਇਕ, ਸਾਨੂੰ ਨਾਲਾਇਕ ਸਮਝ ਲਏਗਾ। ਏਸ ਭਾਂਤ ਆਪੋ ਵਿੱਚ ਮਤਸਰ ਬਣੀ ਰਹਿੰਦੀ। ਓਨ੍ਹਾਂ ਤੋਂ ਵੈਰੀ ਨੂੰ ਆਪਣਾ ਆਪ ਬਚਾਉਣਾ ਸ਼ਾਹੀ ਸੈਨਾ ਨੂੰ ਹੱਥਾਂ ਪੈਰਾਂ ਦੀ ਪਾ ਦੇਣੀ ਕੋਈ, ਔਖੀ ਚਾਲ ਨਹੀਂ ਸੀ। ਨਾਲੇ ਬੰਦੇ ਦਾ ਏਹ ਪੱਕਾ ਮੰਤਵ ਸੀ, ਜਦੋਂ ਤੱਕ ਓਸ ਪਾਸ ਫੌਜ ਫਤੇ ਲੈਣ ਜੋਗ ਕੱਠੀ ਨਾ ਹੁੰਦੀ, ਤਾਂ ਲੜਾਈ ਕਰਨ ਤੋਂ ਪਹਿਲੇ ਹੀ ਪਿੱਛੇ ਹਟ ਜਾਂਦਾ। ਏਦਾਂ ਦਾ ਪਿੱਛੇ ਹਟਣਾ ਭਾਂਜ ਨਹੀਂ ਅਖਵਾਂਦੀ ਬਲਕਿ ਜੰਗ ਦੀ ਚਾਲ ਹੈ, ਜੋ ਸਿੰਘ ਬੰਦੇ ਤੋਂ ਪਿੱਛੋਂ ਭੀ ਕਰਦੇ ਸਨ। ਕਿਉਂਕਿ ਭਾਂਜ ਸਮਝ ਕੇ ਵੈਰੀ ਪਿੱਛੇ ਲਗ ਪੈਂਦਾ ਹੈ। ਦਾਉ ਤਕਾ ਕੇ ਇੱਕੋ ਵਾਰੀ ਭੌਂ ਕੇ ਸ਼ਤਰੂ ਉੱਤੇ ਟੁੱਟ ਪੈਣਾ, ਇੱਕ ਤਾਂ ਏਹ ਫਤੇ ਲੈਣ ਦਾ ਕਾਰਨ ਸੀ। ਦੂਸਰੇ ਜਦ ਆਪਣੀ ਫੌਜ ਥੋੜ੍ਹੀ ਵੇਖਦਾ ਤੇ ਵੈਰੀ ਵਧੇ ਆ ਰਹੇ ਹੁੰਦੇ ਓਸੇ ਵੇਲੇ ਝਟ ਪੱਟ ਕਿਸੇ ਕਿਲ੍ਹੇ ਦੀ ਆੜ ਵਿੱਚ ਵੜ ਕੇ ਵੇਲੇ ਕੁਵੇਲੇ ਬਾਹਰ ਨਿੱਕਲ ਕੇ ਵੈਰੀ ਦੀ ਫੌਜ ਪਰ ਜਾ ਪੈਂਦਾ। ਵੱਢ ਟੁੱਕ ਲੁੱਟ ਪੁੱਟ ਕੇ ਮੁੜ ਕਿਲ੍ਹੇ ਵਿੱਚ ਆ ਜਾਂਦਾ, ਯਾ ਆਪਣੀ ਫੌਜ ਵਿੱਚੋਂ ਕਈ ਜੱਥੇ ਬਾਹਰ ਭੇਜ ਦੇਂਦਾ। ਬਾਹਰੋਂ ਵੈਰੀ ਉੱਤੇ ਛਾਪੇ ਮਾਰ ਮਾਰ ਹੈਰਾਨ ਕਰ ਕੇ ਘੇਰੇ ਨੂੰ ਉਠਾ ਦਿੰਦਾ ਸੀ। ਏਹੋ ਕਾਇਦੇ ਮਿਸਲਾਂ ਦੇ ਸਰਦਾਰਾਂ ਨੇ ਵਰਤ ਕੇ ਦੁਰਾਨੀਆਂ ਤੋਂ ਦੇਸ ਛੁਡਾ ਲੀਤਾ ਸੀ। ਤੀਸਰੇ ਜਦ ਬੰਦੇ ਪਾਸ ਟਾਕਰੇ ਜੋਗੀ ਫੌਜ ਹੁੰਦੀ ਤਾਂ ਬਿਨਾਂ ਪੈਰ ਵਟ ਬਿਜਲੀ ਵਾਂਗ ਸ਼ਾਹੀ ਸੈਨਾ ਪਰ ਜਾ ਪੈਂਦਾ ਤੇ ਐਡੀ ਛੋਹਲੀ ਕਰਦਾ ਸ਼ਾਹੀ ਸੈਨਾ ਦੇਖਦੀ ਹੀ ਰਹਿ ਜਾਂਦੀ। ਏਹ ਆਪਣਾ ਕੰਮ ਕੱਢ ਜਾਂਦਾ।

ਮੁਸਲਮਾਨ ਮੁਸੰਨਫ਼ਾਂ ਨੇ ਬੰਦੇ ਨੂੰ ਜ਼ਾਲਮ ਲਿਖਿਆ ਹੈ। ਪਰ ਏਹ ਨਹੀਂ ਸੋਚਿਆ ਜ਼ਾਲਮ ਉੱਤੇ ਜ਼ੁਲਮ ਕਰਨਾ ਜ਼ਾਲਮਪੁਣਾ ਨਹੀਂ, ਇਨਸਾਫ਼ ਹੈ। ਬਲਕਿ ਮੁਹੰਮਦੀ ਤਾਂ ਜਿਸ ਨੂੰ ਮਾਰਨਾ ਚਾਹੁੰਦੇ ਸਾਕ ਸੰਬੰਧੀਆਂ ਨੂੰ ਭੀ ਮੁਕਾ ਛੱਡਦੇ ਬਲਕਿ ਇਲਾਕੇ ਦਾ ਬੁਰਾ ਹਾਲ ਕਰ ਕੱਢਦੇ। ਨੇਮ ਪਾਲਣਾ ਤਾਂ ਉੱਕਾ ਹੀ ਛੱਡ ਰੱਖਿਆ ਸੀ, ਕਿਉਂਕਿ ਜਦ ਏਨ੍ਹਾਂ ਦੇ ਪੈਗੰਬਰ ਨੇ ਹੁਕਮ ਹਦੀਸ ਜਾਉਲਾ ਵਿੱਚ ਏਹੋ ਦੇ ਰੱਖਿਆ ਹੈ ਕਿ ਹਜ਼ਾਰ ਕਸਮ ਖਾ ਕੇ, ਦਗੇ ਦੇ ਕੇ ਕਾਫਰਾਂ ਨੂੰ ਮਾਰੋ ਬਹਿਸ਼ਤ ਪਾਓਗੇ, ਤਾਂ ਏਹ ਕਿਉਂ ਨਾ ਅਹਿਦ ਸ਼ਿਕਨੀ ਕਰਨ? ਬੰਦੇ ਦਾ ਨੇਮ ਸੀ ਪਹਿਲੇ ਆਪਣੇ ਆਪਣੇ ਸ਼ਤਰੂ ਵੱਲ ਆਦਮੀ ਭੇਜ ਕੇ ਕਹਿ ਦੇਣਾ ਕਿ ਲੜਾਈ ਤੋਂ ਪਹਿਲਾਂ ਤਾਬੇਦਾਰੀ ਮੰਨ ਲਓ। ਏਸ ਗੱਲੋਂ ਸਾਫ਼ ਪਾਇਆ ਜਾਂਦਾ ਹੈ ਕਿ ਬੰਦੇ ਦਾ ਸੁਭਾਉ ਦਗੇ ਫਰੇਬ ਧੋਖੇ ਦੇਣ ਦਾ ਨਹੀਂ ਸੀ। ਉਸ ਦੇ ਅੰਦਰ ਸੂਰਬੀਰਤਾ ਤੇ ਦਯਾ ਤਾਂ ਕੁੱਟ ਕੁਟ ਕੇ ਭਰੀ ਹੋਈ ਸੀ। ਏਹੋ ਮਸਾਲਾ ਸਿੰਘਾਂ ਵਿੱਚ ਭਰ ਗਿਆ ਕਿਉਂਕਿ ਸੰਗਤ ਦਾ ਫ਼ਲ ਹੋਏ ਬਿਨਾਂ ਨਹੀਂ ਰੁਕਦਾ। ਸਰਹੰਦ ਨਾਲ ਤਾਂ ਇੱਕ ਖ਼ਾਸ ਵੈਰ ਸੀ ਸਿੰਘਾਂ ਦਾ ਜਿਸ ਕਰ ਕੇ ਓਸ ਦੀ ਦੁਰਦਸ਼ਾ ਬਰਬਾਦੀ ਕੀਤੀ ਗਈ। ਏਸ ਤੋਂ ਬਿਨਾਂ ਦੇਖੋ, ਹੋਰ ਕੋਈ ਕਸਬਾ ਸ਼ਹਿਰ ਨਹੀਂ ਉਜਾੜਿਆ। ਜੋ ਸ਼ਹਿਰ ਲੜ ਕੇ ਲੁੱਟਿਆ ਪੁੱਟਿਆ ਕੁੱਟਿਆ ਜਾਵੇ, ਚਮਤਕਾਰੇ ਨਜ਼ਾਰੇ ਓਥੇ ਦੇਖੇ ਜਾਂਦੇ ਹਨ। ਓਹੋ ਜੇਹੇ ਹੋਰ ਕਿਸੇ ਥਾਂ ਨਹੀਂ ਨਜ਼ਰ ਪੈਂਦੇ। ਬੰਦੇ ਦੀ ਫੌਜ ਨਾਲ ਲੁੱਟ ਮਾਰ ਦੇ ਵੇਲੇ ਬਹੁਤਾ ਜ਼ੋਰ ਧਾੜਵੀ ਲੁਚੇ ਬੇਰਹਿਮ ਲੋਗਾਂ ਦਾ ਹੁੰਦਾ ਸੀ। ਜ਼ੁਲਮ ਜ਼ੋਰ ਓਹ ਕਰਦੇ, ਜ਼ੁੰਮੇ ਸਿੰਘਾਂ ਦੇ ਲੱਗਦੇ। ਦੁਨੀਆਂ ਵਿੱਚ ਸਿਵਾਏ ਮੁਸਲਮਾਨਾਂ ਦੇ ਐਸੀ ਲੜਾਈ ਬੇਕਿਰਕੀ ਦੀ ਹੋਰ ਕਿਸੇ ਕੌਮ ਨੇ ਕਦੇ ਨਹੀਂ ਅੱਜ ਤੱਕ ਕੀਤੀ, ਜਿਸ ਵਿੱਚ ਲੋਕਾਂ ਦੇ ਘਰਾਂ ਨੂੰ ਅੱਗ ਲਾ ਕਰ ਸਾੜਿਆ ਹੋਵੇ, ਗਲੀਆਂ ਬਜ਼ਾਰਾਂ ਵਿੱਚ ਤਲਵਾਰ ਦੀ ਭੇਟਾ ਹਜ਼ਾਰਾਂ ਆਦਮੀ ਕੀਤੇ ਹੋਣ, ਲਹੂ ਲੁਹਾਨ ਘਰਕਦੇ ਹੋਏ ਨੱਠੇ ਜਾਣ, ਔਰਤਾਂ ਬੇਪਤ ਕੀਤੀਆਂ ਹੋਣ, ਇਆਣੇ ਬੱਚੇ ਜੀ ਭਯਾਣੇ ਫੜੇ ਹੋਏ ਰੋਂਦੇ ਕੁਰਲਾਂਦੇ ਮਾਪਿਆਂ ਤੋਂ ਵਿਛੋੜ ਕੇ ਗਜ਼ਨੀ, ਕਾਬਲ, ਕੰਧਾਰ ਵਗੈਰਾ ਸ਼ਹਿਰਾਂ ਗਿਰਦੇ ਦੋ ਦੋ ਰੁਪਯੇ ਨੂੰ ਵੇਚ ਕੇ ਉਮਰ ਭਰ ਗ਼ੁਲਾਮੀ ਕਰਾਈ ਗਈ ਹੋਵੇ। ਏਹ ਅਤੀ ਭੈਦਾਇਕ ਨਜ਼ਾਰੇ ਇਸਲਾਮ ਬਿਨਾਂ ਕਿਸੇ ਨੇ ਕਦੇ ਨਹੀਂ ਦਿਖਾਏ। ਸਰਹੰਦ ਦੀ ਦੁਰਦਸ਼ਾ ਜੋ ਹੋਈ ਓਹ ਕੇਵਲ ਓਥੋਂ ਦੇ ਹਾਕਮਾਂ ਦੇ ਜ਼ੋਰ ਜ਼ੁਲਮ ਦਾ ਸਿੱਟਾ ਲੱਗਾ। ਬਿਨਾਂ ਗ਼ੁਨਾਹ ਸ਼ੀਰ ਖੋਰ ਮਾਸੂਮ ਬੱਚੇ ਜਿੱਥੇ ਨੀਹਾਂ ਵਿੱਚ ਚਿਣੇ ਅਰ ਕਤਲ ਕੀਤੇ, ਓਸ ਕਹਿਰ ਦੀ ਅੱਗ ਨੇ ਭੜਕਾਏ ਹੋਏ ਦਿਲ ਦਗਦੇ ਹੋਏ ਸਰਹੰਦ ਸ਼ਹਿਰ ਨੂੰ ਦਗਧ ਕਰ ਗਏ, ਕਿਉਂਕਿ ਬਦਲਾ ਲੈਣ ਦੀ ਅੱਗ ਦੌਂ ਦੇ ਭਾਂਬੜਾਂ

Humble service provided by Bhai Baljinder Singh (Rara Sahib)

ਵਾਂਗੂੰ ਗਿੱਲੇ ਸੁੱਕੇ ਸਭ ਨੂੰ ਫੂਕ ਗਈ। ਇਹੋ ਕੰਮ ਲੈਣ ਵਾਸਤੇ ਸਿੱਖਾਂ ਨੇ ਜਾਨ ਤਲੀ ਪਰ ਧਰ ਰਖੀ ਸੀ। ਜ਼ਾਲਮਾਂ ਦੇ ਮਹਿਲ ਮਾੜੀਆਂ, ਕੁਟੰਬ ਸਮੇਤ ਬਦਲੇ ਲੈਣ ਦੀ ਅੱਗ ਨੇ; ਜੋ ਸੱਤਾਂ ਪੀੜੀਆਂ ਤਕ ਸੜਦੀ ਚਲੀ ਜਾਂਦੀ ਹੈ, ਜਿਸ ਦੇ ਅੱਗੇ ਵੱਡੇ ਵੱਡੇ ਅਕਲ ਇਲਮਾਂ ਦੇ ਧਨੀ ਭੀ ਅਪਣੇ ਆਪ ਨੂੰ ਤੇ ਵੈਰੀਆਂ ਦੇ ਅਮਾਪ ਟੱਬਰਾਂ ਨੂੰ ਸਾੜ ਕੇ ਸੁਵਾਹ ਕਰ ਛੱਡਦੇ ਹਨ। ਸੰਨ ੧੯੧੪ ਵਿੱਚ ਅੱਖੀਂ ਦੇਖੀ ਗੱਲ ਦੱਸਦੇ ਹਾਂ, ਪੂਰਬੀਏ ਲੋਕਾਂ ਨੇ ਲਾਗ ਦੀ ਅੱਗ ਨਾਲ ਭੜਕਦੇ ਫਰੰਗੀਆਂ ਦੇ ਟੱਬਰ ਵੱਢ ਸੁੱਟੇ। ਜਦ ਗੋਰਿਆਂ ਨੇ ਜਿੱਤ ਕੇ ਬਦਲੇ ਲੀਤੇ, ਓਹ ਕਥਨ ਕਰਨ ਤੋਂ ਕਲੇਜਾ ਉੱਛਲ ਪੈਂਦਾ ਹੈ। ਬਦਲੇ ਲੈਣੇ ਜ਼ੁਲਮ ਨਹੀਂ ਆਖੇ ਜਾਂਦੇ। ਬਸ ਜੋ ਕੁਛ ਬੰਦੇ ਨੇ ਕੰਮ ਕੀਤੇ ਸਭ ਸ਼ਲਾਘਾ ਯੋਗ ਸਮੇਂ ਅਨੁਸਾਰ ਕੀਤੇ। ਕੋਈ ਕੋਈ ਲੋਗ ਇਹ ਭੀ ਆਪਣੇ ਇਤਿਹਾਸ ਵਿੱਚ ਲਿਖਦੇ ਹਨ ਕਿ ਬੰਦਾ ਕੋਈ ਹੋਰ ਪੁਰਖ ਨਹੀਂ ਸੀ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਨੇ ਰੂਪ ਬਦਲ ਕੇ ਬੰਦਾ ਨਾਮ ਮਸ਼ਹੂਰ ਕਰ ਰੱਖਿਆ ਸੀ, ਪਰ ਏਹ ਕਥਨ ਓਨ੍ਹਾਂ ਦਾ ਅਯੋਗ ਹੈ। ਕਿਉਂਕਿ ਦਸਵੇਂ ਗੁਰੂ ਦੇ ਪਾਸ ਬਹੁਤ ਸਿੰਘ ਰਹਿਣ ਵਾਲੇ ਬੰਦੇ ਦੇ ਸਾਥੀ ਰਹਿ ਕੇ ਫੇਰ ਪੰਥ ਖਾਲਸੇ ਵਿੱਚ ਰਹੇ ਹਨ। ਓਨ੍ਹਾਂ ਨੇ ਹੀ ਬੰਦੇ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਵਿੱਚ ਗੱਦੀ ਬਿਛਵਾ ਕੇ ਬੈਠਣੋਂ ਹਟਾਇਆ ਸੀ, ਜਿਸ ਤੇ ਓਸ ਦੀ ਨਿਰਾਦਰੀ ਹੋਣੇ ਕਰ ਬੰਦਈ ਸਿੱਖਾਂ ਦੀ ਖਾਲਸੇ ਪੰਥ ਨਾਲ ਵਿਗੜੀ ਸੀ। ਜੇ ਗੁਰੂ ਨੇ ਰੂਪ ਬਦਲਿਆ ਹੁੰਦਾ ਤਾਂ ਓਨ੍ਹਾਂ ਨੂੰ ਦਰਬਾਰ ਵਿੱਚੋਂ ਸਿੱਖ ਕਦੇ ਨਹੀਂ ਉਠਾ ਸਕਦੇ ਸੇ।

ਏਹ ਬੰਦੇ ਦੇ ਪੁੱਤ੍ਰ ਪੋਤ੍ਰੇ ਅਰ ਸਿੱਖ ਸੇਵਕ ਸਭ ਗੁਰੂ ਗ੍ਰੰਥ ਸਾਹਿਬ ਗੁਰਬਾਣੀ ਤੇ ਬੰਦੇ ਦੇ ਸਿਵਾ ਹੋਰ ਕਿਸੇ ਨੂੰ ਨਹੀਂ ਮੰਨਦੇ, ਅਰਦਾਸ ਵਿੱਚ ਦਸੋਂ ਪਾਤਸ਼ਾਹੀਆਂ ਦਾ ਨਾਮ ਲੈ ਕੇ ਫੇਰ ਬੰਦੇ ਦਾ ਉਪਰੰਤ ਅਜੀਤ ਸਿੰਘ, ਜੁਝਾਰ ਸਿੰਘ, ਫਤੇ ਸਿੰਘ ਦਾ ਨਾਮ ਲੈਂਦੇ ਹਨ। ਬਾਬੇ ਬੰਦੇ ਦੇ ਦਰਬਾਰ ਵਿੱਚ ਦਮਦਮੇ ਪਰ ਸਵਾ ਪਹਿਰ ਦੇ ਤੜਕੇ ਨੌਬਤ ਵਜਦੀ ਹੈ। ਕੀਰਤਨ ਦੋਨੋਂ ਵੇਲੇ ਹੁੰਦਾ ਹੈ। ਰਹਿਰਾਸ ਪੜ੍ਹ ਕੇ ਚੌਂਕੀ ਕੀਰਤਨ ਕਰਦੀ ਹੋਈ ਸੰਗਤ ਦਮਦਮੇ ਦੀਆਂ ਪਰਕ੍ਰਮਾ ਲੈਂਦੀ ਹੈ।

ਬੰਦਈ ਗੰਗਾ ਫ਼ੁੱਲ ਨਹੀਂ ਪਾਉਂਦੇ। ਜਦ ਵਸਾਖੀ, ਦਿਵਾਲੀ, ਹੋਲੇ ਨੂੰ ਡੇਹਰੇ ਸਾਹਿਬ ਆਉਂਦੇ ਹਨ, ਤਾਂ ਚੰਦ੍ਰ ਭਾਗਾ ਵਿੱਚ ਪਾ ਜਾਂਦੇ ਹਨ। ਦੀਪਮਾਲਾ ਨੂੰ ਹਰੇਕ ਪ੍ਰਗਣੇ ਦਾ ਭਾਈ ਜਿਸ ਨੂੰ ਕਦੇ ਮਸੰਦ ਆਖੀਦਾ ਸੀ, ਆਪਣੀ ਆਪਣੀ ਸੰਗਤ ਦੀ ਉਗਰਾਹੀ ਕਰ ਕੇ ਨਾਲ ਲੈ ਆਉਂਦਾ ਹੈ, ਚੜ੍ਹਾਵਾ ਚੜ੍ਹਾਉਂਦੇ ਹਨ। ਸੁੱਖਣਾ ਪੂਰੀ ਹੋਣ ਦਾ ਵੱਖਰਾ, ਪੁੱਤ੍ਰ ਜੰਮੇ ਵਿਆਹ ਮੁਕਲਾਵੇ ਦਾ ਵੱਖਰਾ, ਗੋਲਕ ਦਾ ਦਸਵੰਧ ਦਾ ਸਭ ਵੱਖਰੀ ਵੱਖਰੀ ਪੂਜਾ ਦੇ ਕੇ ਵਹੀਆਂ ਵਿੱਚ ਦੋਹੀਂ ਪਾਸੀਂ ਲਿਖਾ ਜਾਂਦਾ ਹੈ। ਵਿਆਹ ਮੁਕਲਾਵੇ ਆਈ ਨੂੰਹ ਪੁੱਤ੍ਰ ਨੂੰ ਲੈ ਜਾ ਕੇ ਓਥੇ ਮੱਥਾ ਟਿਕਾਉਂਦੇ ਹਨ। ਮੁੰਡਨ ਜਨੇਊ ਕਰਨ ਪਰ ਨਿਸ਼ਚਾ ਭਰੋਸਾ ਅਦੁਤੀ ਹੈ। ਬੰਦਈ ਸਿੱਖੀ ਦੀਆਂ ਜੋਲਾਂ ਮੁਲਤਾਨ, ਝੰਗ, ਬਹਾਵਲ ਪੁਰ, ਲਾੜਕਾਨੇ, ਰੋੜੀ, ਸਖਰ, ਸ਼ਿਕਾਰਪੁਰ, ਸਿੰਧ ਹੈਦ੍ਰਾਬਾਦ, ਰਾਵਲਪਿੰਡੀ, ਭੇਰਾ, ਖ਼ੁਸ਼ਾਬ, ਦੜਪ, ਟਾਂਵੇਂ ਟਾਂਵੇਂ ਮਾਝੇ ਦੁਆਬੇ ਦੇ ਭੀ ਹਨ। ਏਹ ਸਭ ਮੇਲੇ ਦੇ ਜੋੜ ਮੇਲ ਪਰ ਆ ਕੇ ਪਾਹੁਲ ਉਪਦੇਸ਼ ਗੁਰਮੰਤਰ ਗੱਦੀ ਨਸ਼ੀਨ ਤੋਂ ਲੈਂਦੇ ਹਨ। ਸਿੰਘ ਖੰਡੇ ਦਾ ਅੰਮ੍ਰਿਤ ਛਕਦੇ ਹਨ ਤੇ ਸਹਿਜਧਾਰੀ ਚਰਨ ਪਾਹੁਲ ਲੈਂਦੇ ਹਨ। ਓਹ ਭਾਈ ਜੇਹੜੇ ਉਗਰਾਹੀ ਕਰਨ ਜਾਂਦੇ ਹਨ, ਗੱਦੀ ਵਾਲੇ ਤੋਂ ਹੁਕਮਨਾਮਾ ਮੁਹਿਰ ਇੱਕੋ ਮਜ਼ਮੂਨ ਦਾ ਲੈ ਜਾਂਦੇ ਹਨ ਓਹ ਮਜ਼ਮੂਨ ਹਮੇਸ਼ ਲਈ ਇੱਕੋ ਏਹ ਹੈ:

ੴ ਸਤਿਗੁਰ ਪ੍ਰਸਾਦਿ ॥

ਫਤਹਿ ਸੱਚੇ ਸਾਹਿਬ ਜੀ ਕੀ, ਸ੍ਰੀ ਅਕਾਲ ਪੁਰਖ ਸੱਚੇ ਸਾਹਿਬ ਜੀ ਕੇ ਤਖ਼ਤ ਦੇ ਸਲਾਮੀ ਭਾਈ ਸੋਭਾ ਸੰਤ ਹੋਰ ਸਰਬਤ ਸਾਧ ਸੰਗਤ ਵਾਸੀ ਵਿਹਾਦੀ ਨੂੰ ਗੁਰੂ ਰੱਖੇਗਾ, ਗੁਰੂ ਗੁਰੂ ਜਪਣਾ ਜਨਮ ਸਵਰੇਗਾ, ਹੋਰ ਹੁਕਮ ਸ੍ਰੀ ਦਮਦਮੇ ਸਾਹਿਬ ਦਾ, (ਏਥੇ ਪਿੰਡਾਂ ਦੇ ਨਾਮ ਲਿਖ ਕੇ ਅੱਗੇ ਫੇਰ ਲਿਖਿਆ ਜਾਂਦਾ ਹੈ) ਕਾਰ, ਭੇਟ ਦਸਵੰਧ, ਚਲੀਆ, ਮੰਨਤ, ਮਨੌਤੀ, ਪੁਤ੍ਰਾਈ, ਬਧਾਈ, ਗੋਲਕ, ਅਰਦਾਸ, ਹੋਰ ਜੋ ਕੁਛ

Humble service provided by Bhai Baljinder Singh (Rara Sahib)

ਕੌਡੀ ਦਮੜੀ ਗੁਰੂ ਕੇ ਨਮਿਤ ਕੀ ਹੋਵੇ ਸੋ ਹੁਕਮਨਾਮਾ ਦੇਖਦਿਆਂ ਤਾਰ ਦੇਵਣੀ। ਜੋ ਖ਼ੁਸ਼ੀ ਵਕਤ ਸਿੱਖ ਸਿਖਣੀ ਤਾਰ ਦੇਵੇਗਾ ਸੋ ਨਿਹਾਲ ਹੋਵੇਗਾ, ਸਾਸਾਂ ਦਾ ਭਲਾ ਹੋਵੇਗਾ, ਮਨੋਰਥ ਪੂਰਾ ਹੋਵੇਗਾ, ਰਿਜਕ ਦਾ ਵਾਧਾ ਹੋਵੇਗਾ, ਹੋਰ ਰਹਿਤ ਪਰ ਰਹਿਣਾ, ਸਚ ਪਰ ਚਲਣਾ, ਹੋਰ ਜੋ ਕੁਛ ਭਾਈ ਸੋਭਾ ਸੰਤ ਮੁਖ ਬਚਨੀ ਕਹੇ, ਸੋ ਪਰਵਾਨ ਕਰਨਾ। ਸੰ. ੧੯੫੮ ਮੱਘਰ ਦਿਨ ੫ ਸਤ੍ਰਾਂ ਲਿਖ ਕੇ ਮੁਹਿਰ (ਦੇਗੋ ਤੇਗੋ ਫਤਹਿ ਓ ਨਸਰਤ ਬੇਦਰੰਗ ਯਾਫਤ ਅੱਜ ਨਾਨਕ ਗੁਰੂ ਗੋਬਿੰਦ ਸਿੰਘ)

ਏਹ ਹੁਕਮਨਾਮਾ ਲੈ ਜਾਣ ਵਾਲੇ ਦੀ ਬੜੀ ਸੇਵਾ ਮਾਨਤਾ ਹੁੰਦੀ ਹੈ। ਪਿੰਡ ਦੀ ਹੱਦੋਂ ਬਾਹਰ ਸਿੱਖ ਲੈਣ ਆਉਂਦੇ ਹਨ। ਬੜੀਆਂ ਅਰਜ਼ੋਈਆਂ ਕਰ ਕਰ ਪ੍ਰੇਮ ਨਾਲ ਹੁਕਮਨਾਮਾ ਸੁਣ ਕੇ ਆਪ ਨੂੰ ਧੰਨਜਾਭਾਗੀ ਮੰਨਦੇ ਹਨ। ਅਦਬ ਹੁਕਮਨਾਮੇ ਦਾ ਐਡਾ ਕਰਦੇ ਹਨ, ਜਿਤਨਾ ਚਿਰ ਭਾਈ ਕਾਰ ਭੇਟ ਲੈ ਕੇ ਮੋੜ ਨਾ ਆਵੇ ਓਨਾ ਚਿਰ ਓਹ ਭੀ ਅਤੇ ਸੰਗਤ ਭੀ ਭੁੰਜੇ ਸੌਂਦੇ ਹਨ। ਸੰਗਤ ਵਿਦਾ ਕਰਨ ਆਈ ਨੂੰ ਜਿੰਨਾ ਚਿਰ ਭਾਈ ਤਿੰਨ ਵਾਰੀ ਨਾ ਮੋੜੇ ਮੁੜਦੀ ਨਹੀਂ। ਏਸੇ ਭਾਂਤ ਗੱਦੀ ਨਸ਼ੀਨ ਪਾਸ ਆਈ ਹੋਈ ਸੰਗਤ ਨੂੰ ਜਿੰਨਾ ਚਿਰ ਵਿਦਾਈ ਨਾ ਦੇਵੇ ਉਨਾ ਚਿਰ ਭਾਵੇਂ ਪਿੱਛੇ ਘਰ ਵਿੱਚ ਕੈਸਾ ਹੀ ਕੰਮ ਵਿਗੜੇ; ਸੰਗਤ ਜਾਂਦੀ ਨਹੀਂ, ਹੁਕਮਨਾਮੀਏਂ ਨੂੰ ਇੱਕ ਪਿੰਡੋਂ ਦੂਜੇ ਪਿੰਡ ਓਥੋਂ ਤੀਜੇ ਪਿੰਡ ਸਾਰੇ ਪਿੰਡ ਦੀ ਸੰਗਤ ਆ ਕੇ ਬੜੇ ਅਦਬ ਉਤਸ਼ਾਹ ਨਾਲ ਲੈ ਜਾਂਦੇ ਹਨ। ਅਰਦਾਸ ਕਰੇ ਬਿਨਾਂ ਕੋਈ ਕੰਮ ਨਹੀਂ ਕਰਦੇ। ਬੰਦਈ ਸਿੱਖ ਬ੍ਰਾਹਮਣ ਨੂੰ ਪੀਰ ਫ਼ਕੀਰ, ਮੜੀ ਮਸਾਣੀ, ਦੇਵੀ ਦੇਵਤਾ, ਸ਼ਗਨ ਅਪਸ਼ਗਨ, ਤਿਥਿ ਵਾਰ ਦਾ ਕੋਈ ਵੀਚਾਰ ਨਹੀਂ ਰੱਖਦੇ। ਸਾਰੇ ਕੰਮਾਂ ਦੇ ਸੁਧਾਰ ਵਾਸਤੇ ਇੱਕ ਅਕਾਲ ਪੁਰਖ ਨੂੰ ਹੀ ਮੰਨਦੇ ਧਿਆਉਂਦੇ ਰਹਿੰਦੇ ਹਨ। ਬੰਦਈ ਸਿੱਖ ਸਿੰਧ ਵਿੱਚ ਬਹੁਤ ਹਨ, ਪਰ ਹੁਣ ਓਹ ਬੰਦਈ ਕਹਾਉਣੋ ਘ੍ਰਿਣਾ ਤੇ ਟਾਲਾ ਕਰਦੇ ਹੋਏ ਸਿੰਘ ਸਦਾਉਣ ਵਿੱਚ ਖ਼ੁਸ਼ ਹਨ। ਤਾਹੀਂ ਬੰਦਈ ਘਟਦੇ ਜਾਂਦੇ ਹਨ। ਮੇਰੇ ਲਿਖਣ ਤੋਂ ਬਿਨਾਂ ਹੀ ਏਸ ਤਵਾਰੀਖ ਦੇ ਪੜ੍ਹਨੇ, ਸੁਣਨੇ ਵਾਲੇ ਆਪ ਹੀ ਸਮਝ ਸਕਦੇ ਹਨ ਕਿ ਏਹ ਬੰਦਾ ਬਹਾਦਰ ਕੈਸਾ ਕਾਇਮ ਮਿਜਾਜ਼, ਸ਼ੇਰ ਦਿਲ, ਆਪਣੇ ਸਮੇਂ ਦਾ ਸਿਕੰਦਰ ਰੁਸਤਮ ਜਵਾਂ ਮਰਦ ਸੂਰਬੀਰ ਹੋ ਗੁਜ਼ਰਿਆ ਹੈ। ਮੁਸਲਮਾਨ ਹਾਕਮਾਂ ਨੇ ਪੰਜ ਸੌ ਬਰਸ ਜੇਹੜੇ ਜੇਹੜੇ ਜ਼ੋਰ ਜ਼ੁਲਮ ਹਿੰਦੂਆਂ ਉੱਤੇ ਕੀਤੇ ਦੁਖ ਦਿੱਤੇ ਹਨ, ਓਹ ਪਿਛਲੀਆਂ ਤਵਾਰੀਖਾਂ ਦੇਖਨ ਤੋਂ ਅੰਗਜਾਰਾਂ ਵਾਂਗੂੰ ਹਿੰਦੂਆਂ ਨੂੰ ਜਲਾ ਜਲਾ ਤੜਫਾਉਂਦੇ ਹੋਏ ਕੰਡੇ ਚੁਭਦੇ ਸਨ। ਜਦਪਿ ਹਿੰਦੁਸਤਾਨ ਦੇ ਬੜੇ ਬੜੇ ਬਹਾਦਰ ਰਾਜਪੂਤਾਂ ਨੇ ਮੁਸਲਮਾਨਾਂ ਦੇ ਮੁਕਾਬਲੇ ਕੀਤੇ, ਆਪਣੇ ਲਹੂ ਨਾਲ ਧਰਤੀ ਰੰਗੀ, ਆਖ਼ਰ ਸਭ ਨੂੰ ਮੁਸਲਮਾਨਾਂ ਦੀ ਤਾਬੇਦਾਰੀ ਉਠਾਉਣੀ ਪਈ। ਏਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਖਾਲਸਾ ਦੀ ਹਿੰਮਤ ਦਾ ਫ਼ਲ ਹੈ, ਜੋ ਛੀ ਸੱਤ ਸੌ ਬਰਸ ਦੀ ਜੰਮੀ ਹੋਈ ਬਾਦਸ਼ਾਹੀ ਨੂੰ ਉਠਾ ਦੇਣਾ ਤੇ ਦੁਸ਼ਮਣਾਂ ਦਾ ਬੁਰਾ ਹਾਲ ਕਰਨਾ। ਸਭ ਤੋਂ ਵਧ ਕੇ ਖਾਲਸਾ ਧੰਨਜਤਾ ਦੇ ਜੋਗ ਏਸ ਵਾਸਤੇ ਹੈ ਕਿ ਜਿਨ੍ਹਾਂ ਹਿੰਦੂਆਂ ਨੇ ਭੀ ਏਨ੍ਹਾਂ ਨਾਲ ਦੁਸ਼ਮਣੀ ਕੀਤੀ ਸੀ, ਖਾਲਸਾ ਓਨ੍ਹਾਂ ਨੂੰ ਭੀ ਪਾਲਦਾ ਰਿਹਾ ਕਿਉਂਕਿ ਹੁਕਮ ਗੁਰੂ ਦਾ ਹੈ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥

(ਸਲੋਕ, ਸੇਖ ਫਰੀਦ ਜੀ - ੧੩੮੧)

Humble service provided by Bhai Baljinder Singh (Rara Sahib)

## ੮੬. ਸਿੰਘਾਂ ਦੀ ਤੇ ਬੰਦੇ ਦੀ ਬਹਾਦਰੀ ਬਾਬਤ ਤਵਾਰੀਖ ਮੁਹੱਯਤ ਆਜ਼ਮ ਦੀ ਗਵਾਹੀ

ਖਾਲਸੇ ਦੀ ਤੇ ਬਾਬੇ ਬੰਦੇ ਦੀ ਬਹਾਦਰੀ ਦਾ ਜ਼ਿਕਰ ਮੌਲਵੀ ਗ਼ੁਲਾਮ ਅਲੀ, ਫਰੁਖਸ਼ੀਅਰ* ਦੇ ਮੁਨਸ਼ੀ ਨੇ ਐਉਂ ਲਿਖਿਆ ਹੈ ਕਿ: ਸਿੰਘਾਂ ਦੇ ਪੰਥ ਤੇ ਬੰਦੇ ਬੈਰਾਗੀ ਵਿੱਚ ਈਸ਼੍ਵਰ ਦੀ ਕੁਦਰਤ ਨੇ ਐਸੀ ਲਾਸਾਨੀ ਤਾਕਤ ਬਖ਼ਸ਼ੀ ਹੈ ਜੋ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੋਈ। ਏਨ੍ਹਾਂ ਲੁਟੇਰਿਆਂ ਨੇ ਸੂਬੇ ਸਰਹੰਦ ਤੇ ਲਾਹੌਰ ਨੂੰ ਬਰਬਾਦ ਕਰ ਛੱਡਿਆ। ਅਨੇਕ ਵਾਰੀ ਏਨ੍ਹਾਂ ਪਰ ਲਸ਼ਕਰ ਗਿਆ, ਪਰ ਏਹ ਕਾਬੂ ਨਾ ਆਏ। ਏਨ੍ਹਾਂ ਨੇ ਐਸੇ ਐਸੇ ਚਾਲੇ ਫੰਧ ਫਰੇਬ ਕੀਤੇ ਤੇ ਸ਼ਾਹੀ ਅਫਸਰਾਂ ਨੂੰ ਹੱਥ ਦਿਖਾਏ, ਜੋ ਮੈਂ ਸਾਰੇ ਲਿਖਾਂ ਤਾਂ ਪੜ੍ਹਨ ਵਾਲੇ ਲੋਗ ਝੂਠ ਸਮਝਣਗੇ। ਏਸ ਕਰ ਕੇ ਮੈਂ ਨਹੀਂ ਲਿਖਦਾ। ਓੜਕ ਬਾਦਸ਼ਾਹ ਨੇ ਏਨ੍ਹਾਂ ਵਿੱਚ ਨਿਫ਼ਾਕ ਪਾ ਕੇ ਕੁਛ ਸਿੱਖਾਂ ਸਮੇਤ ਬੰਦੇ ਨੂੰ ਬੜੀ ਮੁਸ਼ਕਿਲ ਨਾਲ ਫੜ ਕੇ ਦਿੱਲੀ ਮੰਗਾ ਕੇ ਮਰਵਾਇਆ। ਸੋ ਬੀ ਧੋਖੇ ਵਿੱਚ ਆ ਕੇ ਫੜਿਆ ਗਿਆ, ਨਹੀਂ ਤਾਂ ਓਸ ਨੂੰ ਕਿਸ ਮਾਈ ਦੇ ਪੁੱਤ੍ਰ ਨੇ ਫੜਨਾ ਸੀ। ਏਨ੍ਹਾਂ ਸਿੱਖਾਂ ਵਿੱਚ ਐਸੀ ਮਿਲਤ ਮੁਹਬਤ ਤੇ ਹਿੰਮਤ ਹੈ, ਜੋ ਦੂਸਰੇ ਕਿਸੇ ਵਿੱਚ ਨਹੀਂ। ਏਹ ਸਭ ਹਥਜਾਰ ਨਾਲ ਅਪਾਰ ਪਿਆਰ ਰੱਖਦੇ ਹਨ ਤੇ ਨਿਹਾਯਤ ਲੜਾਕੇ ਤਾਕਤਵਰ, ਕਸਰਤ ਕਰਨੇ ਵਾਲੇ ਨਿਰਭੈ, ਸੂਰਬੀਰ ਜਵਾਂ ਮਰਦ, ਸੁਖਨ ਦੇ ਸੱਚੇ ਤੇ ਗ਼ਰੀਬ ਰੱਖਿਅਕ ਸਨ। ਏਨ੍ਹਾਂ ਦਾ (ਪੇਸ਼ਵਾ) ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇ ਘਰਾਨੇ ਦਾ ਚਾਲ ਚਲਨ ਬੰਦਗ਼ੀ ਵਾਲੇ ਸੂਫ਼ੀ ਫ਼ਕੀਰਾਂ ਜੈਸਾ ਰਿਹਾ ਹੈ ਤੇ ਮਜ਼੍ਹਬ ਬੀ ਏਨ੍ਹਾਂ ਦਾ ਸਾਧਾਰਨ ਹੈ। ਕੋਈ ਪੱਖ ਪਾਤ ਨਹੀਂ ਰੱਖਿਆ। ਗੁਰੂ ਨਾਨਕ ਸਾਹਿਬ ਬਾਬਰ ਸ਼ਾਹ ਦੇ ਵਕਤ ਬੜੇ ਮਾਤਬਰ ਪੁਰ ਤਾਸੀਰ ਕਲਾਮ ਵਾਲੇ ਐਸੇ ਹੋਏ, ਜਿਨ੍ਹਾਂ ਦੇ ਉਪਦੇਸ਼ ਨਾਲ ਪੱਥਰ ਦਿਲ ਭੀ ਮੋਮ ਹੋ ਜਾਂਦੇ ਸਨ। ਓਨ੍ਹਾਂ ਦੇ ਪਾਕ ਕਲਾਮ ਨੇ ਇੱਕ ਆਲਮ ਪਵਿੱਤ੍ਰ ਕਰ ਦਿੱਤਾ ਸੀ। ਸੱਯਦ ਪੀਰ ਹੁਸੈਨ ਜੋ ਓਸ ਸਮੇਂ ਚਰਾਗ ਦੀਨੀ ਮੰਨਿਆ ਜਾਂਦਾ ਸੀ, ਓਹ ਆਪ ਗੁਰੂ ਨਾਨਕ ਸਾਹਿਬ ਜੀ ਦੀ ਬਹੁਤ ਤਾਰੀਫ਼ ਕਰਦਾ ਹੁੰਦਾ ਸੀ। ਜੋ ਕੁਛ ਇਲਮ, ਹੁਨਰ ਤੇ ਚੰਗੇ ਚੰਗੇ ਤਰੀਕੇ ਹਨ, ਜਿਨ੍ਹਾਂ ਦੇ ਕਮਾਉਣੇ ਕਰ ਪੈਗੰਬਰੀ ਦਰਜੇ ਨੂੰ ਪਹੁੰਚ ਸਕੀਦਾ ਹੈ, ਓਹ ਅਲੋਕਕ ਦੈਵੀ ਗੁਣ ਸਵਾਇ ਗੁਰੂ ਨਾਨਕ ਦੇ ਹੋਰ ਕਿਸੇ ਨੂੰ ਰੱਬ ਨੇ ਨਹੀਂ ਦਿੱਤੇ। ਗੁਰੂ ਨਾਨਕ ਜੀ ਨਿਹਾਯਤ ਸੁੰਦਰ ਮਿੱਠ ਬੋਲੇ, ਮੋਹਣੀ ਮੂਰਤ, ਹਸੂ ਹਸੂ ਕਰਨ ਵਾਲੇ ਸਨ। ਜੇ ਕੋਈ ਉਨ੍ਹਾਂ ਨੂੰ ਦੇਖਦਾ ਤੇ ਬਚਨ ਸੁਣਦਾ, ਓਹੋ ਮੁਰੀਦ ਬਣ ਜਾਂਦਾ। ਸਿੱਖਾਂ ਦਾ ਫਿਰਕਾ ਹਿੰਦੂ ਮੁਸਲਮਾਨ ਦੋਹਾਂ ਤੋਂ ਨਿਆਰਾ ਹੈ। ਦੋਹਾਂ ਦੀਨਾਂ ਵਿੱਚ ਜੋ ਚੰਗੇ ਚੰਗੇ ਤਰੀਕੇ ਹਨ, ਸੋ ਸਭ ਏਨ੍ਹਾਂ ਨੇ ਚੁਣ ਕੇ ਰੱਖ ਲਏ ਹਨ। ਗੁਰੂ ਨਾਨਕ ਨੇ ਦੋਹਾਂ ਦੀਨਾਂ ਨੂੰ ਇੱਕ ਕਰਣੇ ਦਾ ਤਰੀਕਾ ਨਿਕਾਲਿਆ ਹੈ, ਜਿਸ ਨੂੰ ਦੋਵੇਂ ਦੀਨ ਚੰਗਾ ਸਮਝਦੇ ਹਨ। ਪੂਰਾ ਭਰੋਸਾ ਹੈ ਕਿ ਕਦੇ ਦੋਹਾਂ ਦੀਨਾਂ ਤੋਂ ਦ੍ਵੈਤ ਦੂਰ ਹੋ ਕੇ ਇੱਕ ਸਿੱਖ ਮਜ਼ਹਬ ਹੀ ਹੋ ਜਾਏਗਾ। ਕਿਉਂਕਿ ਨਿਮਾਜ਼, ਰੋਜ਼ਾ, ਸੁੰਨਤ, ਕਾਬਾ, ਬੁਤਪਰਸਤੀ, ਛੂਆ ਛਾਹੀ, ਜਨੇਊ ਪਾਉਣਾ, ਕਿਸੇ ਜਾਤਿ ਦੀ ਵਡਜਾਈ ਛੋਟਾਈ, ਆਦਿ ਏਨ੍ਹਾਂ ਵਿੱਚ ਨਹੀਂ। ਏਸੇ ਵਾਸਤੇ ਇਹ ਫਿਰਕਾ ਸਭ ਨੂੰ ਪਸੰਦ ਹੈ।

ਏਸੇ ਢੰਗ ਦੀ ਤਾਰੀਫ਼ ਉਸ ਸਮੇਂ ਦੇ ਸਿੱਖਾਂ ਦੀ ਹਿੰਦੂਆਂ, ਮੁਸਲਮਾਨਾਂ ਅੰਗ੍ਰੇਜ਼ਾਂ ਨੇ ਅਨੇਕ ਤਵਾਰੀਖਾਂ ਵਿੱਚ ਲਿਖੀ ਹੈ। ਏਸੇ ਕਰ ਕੇ ਹੁਣ ਅਸੀਂ ਸਿੱਖਾਂ ਭਾਈਆਂ ਅੱਗੇ ਬੇਨਤੀ ਕਰਦੇ ਹਾਂ ਕਿ ਐ

---

*ਫਰੁਖਸੀਅਰ ਔਰੰਗਜ਼ੇਬ ਦਾ ਪੋਤਾ ਸੀ। ਔਰੰਗਜ਼ੇਬ ਦੇ ਮਰਨੇ ਬਾਦ ਤਿੰਨਾਂ ਬੇਟਿਆਂ ਵਿੱਚ ਲੜਾਈ ਹੋਈ ਓੜਕ ਬਹਾਦਰਸ਼ਾਹ ਬਾਦਸ਼ਾਹ ਬਣ ਗਿਆ। ਪਰ ਏਹ ਭੀ ਜਦ ਦੱਖਣ ਦੇ ਝਗੜੇ ਦਾ ਫ਼ੈਸਲਾ ਕਰ ਕੇ ਬੰਦੇ ਦੇ ਮਾਰਨ ਨੂੰ ਆਇਆ ਤਾਂ ਆਪ ਹੀ ਲਾਹੌਰ ਪਹੁੰਚ ਕੇ ਸੰਮਤ ੧੭੬੯ ਬਿਕ੍ਰਮੀ ਨੂੰ ਕਾਲਵਸ ਹੋ ਗਿਆ। ਦੋ ਬਰਸ ਬਰਾਬਰ ਜੰਗ ਕਰਨੇ ਦੇ ਬਾਦ ਏਸ ਦਾ ਬੇਟਾ ਜਹਾਂਦਾਰ ਸ਼ਾਹ ਅਮੀਰ ਜੁਲਫਕਾਰ ਖਾਂ ਦੀ ਮਦਦ ਨਾਲ ਤਖ਼ਤ ਪਰ ਬੈਠਾ, ਪਰ ਏਸ ਨੇ ਇੱਕ ਕੰਜਰੀ ਦੇ ਅਧੀਨ ਹੋ ਕੇ ਓਸ ਦੇ ਸੰਬੰਧੀਆਂ ਨੂੰ ਬੜੇ ਬੜੇ ਅਹੁਦੇ ਦਿੱਤੇ ਜਿਸ ਤੋਂ ਜੁਲਫਕਾਰ ਖਾਂ ਆਦਿਕ ਅਮੀਰਾਂ ਨੇ ਦੁਖੀ ਹੋ ਕੇ ਏਸ ਦੇ ਭਤੀਜੇ ਫਰੁਖਸੀਅਰ ਨੂੰ ਜੋ ਬੰਗਾਲੇ ਦਾ ਸੂਬਾ ਸੀ, ਜਾ ਚਮਕਾਇਆ। ਫਰੁਖਸੀਅਰ ਨੇ ਇਲਾਹਾਬਾਦ ਦੇ ਸੂਬੇ ਅਬਦੁਲਾ ਖਾਂ ਦੀ ਸਲਾਹ ਨਾਲ ਵਜ਼ੀਰ ਸਮੇਤ ਜਹਾਂਦਾਰ ਸ਼ਾਹ ਨੂੰ ਕਤਲ ਕਰਾ ਕੇ ਤਖ਼ਤ ਮਲ ਲੀਤਾ। ਅਬਦੁਲਾ ਖਾਂ ਨੂੰ ਆਪਣਾ ਵਜ਼ੀਰ ਬਣਾ ਲਿਆ। ਫੇਰ ਜਹਾਂਦਾਰ ਸ਼ਾਹ ਦੇ ਸਭ ਬੇਟੇ ਕਤਲ ਕਰਾ ਸੁੱਟੇ। ਫਰੁਖਸੀਅਰ ਨੇ ਅਜੀਤ ਸਿੰਘ ਜੋਧਪੁਰੀਏ ਦੀ ਬੇਟੀ ਨਾਲ ਵੱਡੀ ਧੂਮ ਧਾਮ ਦੀ ਸ਼ਾਦੀ ਕੀਤੀ ਤੇ ਅੰਤ ਨੂੰ ੧੭੭੯ ਬਿਕ੍ਰਮੀ ਨੂੰ ਮਾਰਿਆ ਗਿਆ।

Humble service provided by Bhai Baljinder Singh (Rara Sahib)

ਖਾਲਸਾ ਜੀ! ਤੁਸੀਂ ਗੈਰ ਮਜ਼੍ਹਬ ਦੇ ਲੋਗਾਂ ਦੇ ਬਚਨਾਂ ਦਾ ਲਿਹਾਜ਼ ਰੱਖ ਕੇ ਸ਼ਰਮ ਪਾਲੋ। ਇਤਫਾਕ ਰੱਖੋ। ਹੋਰ ਸਬ ਬਾਤਾਂ ਤੁਹਾਡੇ ਵਿੱਚ ਸਾਰੇ ਮਜ਼੍ਹਬ ਨਾਲੋਂ ਚੰਗੀਆਂ ਹਨ ਇੱਕ ਇਤਫਾਕ ਤੁਸੀਂ ਛੱਡ ਰੱਖਿਆ ਹੈ, ਸੋ ਆਪਣੀਆਂ ਖੁਦਗਰਜ਼ੀਆਂ ਨੂੰ ਛੱਡ ਕੇ ਇੱਕ ਜਾਨ ਬਣੇ ਰਹੋਗੇ ਤਾਂ ਦੁਨੀਆਂ ਵਿੱਚ ਆਪ ਦੀ ਵਡਿਆਈ ਤੇ ਪ੍ਰਮਾਰਥ ਦੇਵੇਂ ਸੌਰਦੇ ਰਹਿਨਗੇ ਨਹੀਂ ਤਾਂ ਘਟਦੇ ਘਟਦੇ ਘੱਟ ਜਾਓਗੇ।

ਇਤਿ